ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 25 | 20 June 2018 to 26 June 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਮੋਦੀਕਿਆਂ ਨੇ ਮਹਿਬੂਬਾ ਨੂੰ ਮਾਰਿਆ ਧੋਬੀ ਪਟੜਾ

## ਤਿੰਨ ਸਾਲ ਸੱਤਾ ਹੰਢਾਉਣ ਤੋਂ ਬਾਅਦ ਭਾਜਪਾ ਨੇ ਜੰਮੂ-ਕਸ਼ਮੀਰ ਸਰਕਾਰ ਡੇਗੀ

### ਜੰਮੂ-ਕਸ਼ਮੀਰ 'ਚ ਤਾਕਤ ਦੀ ਰਾਜਨੀਤੀ ਨਹੀਂ ਚੱਲ ਸਕਦੀ : ਮਹਿਬੂਬਾ ਮੁਫਤੀ



**ਨਵੀਂ ਦਿੱਲੀ/ਸ੍ਰੀਨਗਰ/ਬਿਊਰੋ ਨਿਊਜ਼ :** ਭਾਰਤੀ ਜਨਤਾ ਪਾਰਟੀ ਨੇ ਜੰਮੂ ਕਸ਼ਮੀਰ 'ਚ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨਾਲੋਂ ਰਾਜਸੀ ਸਾਂਝੇਦਾਰੀ ਤੋੜ ਕੇ ਕਸ਼ਮੀਰ ਪੱਖੀ ਆਗੂ ਨੂੰ ਧੋਬੀ ਪਟੜਾ ਮਾਰਦਿਆਂ ਰਾਜਸੀ ਭੰਵਰ ਵਿੱਚ ਫਸਾ ਦਿੱਤਾ ਹੈ। 4 ਕੁ ਸਾਲ ਪਹਿਲਾਂ ਅਪਣੀ ਰਾਜਸੀ ਦੁਸ਼ਮਣ ਪੀਪਲਜ ਡੈਮੋਕਰੇਟਿਕ ਪਾਰਟੀ (ਪੀਡੀਪੀ) ਨਾਲ ਰਲ ਕੇ ਸਰਕਾਰ ਬਣਾਉਣ ਵੇਲੇ ਤੋੜ ਤੱਕ ਸਾਥ ਨਿਭਾਉਣ ਦੇ ਵਾਅਦੇ ਦੇ ਉਲਟ ਮੋਦੀਕਿਆਂ ਨੇ ਅਚਾਨਕ ਹਮਾਇਤ ਵਾਪਸ ਲੈ ਕੇ ਅਜਿਹੀ ਰਾਜਸੀ ਚਾਲ ਚੱਲੀ ਹੈ ਜਿਹੜੀ ਪਹਿਲਾਂ ਹੀ ਗੰਭੀਰ ਸੰਕਟ ਵਿੱਚ ਘਿਰੇ ਕਸ਼ਮੀਰ ਵਾਦੀ ਦੇ ਲੋਕਾਂ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਕਰੇਗੀ।

ਭਾਰਤੀ ਜਨਤਾ ਪਾਰਟੀ ਵਲੋਂ ਮੰਗਲਵਾਰ ਨੂੰ ਨਵੀਂ ਦਿੱਲੀ ਵਿੱਚ ਹੰਗਾਮੀ ਤੌਰ ਉੱਤੇ ਬੁਲਾਈ ਉੱਚ ਪੱਧਰੀ ਮੀਟਿੰਗ ਬਾਅਦ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨਾਲ ਅਪਣਾ ਗਠਜੋੜ ਤੋੜਣ ਤੇ ਸਰਕਾਰ ਤੋਂ ਅਲਹਿਦਾ ਹੋਣ ਦੇ ਫੈਸਲੇ ਬਾਅਦ ਜੰਮੂ ਕਸ਼ਮੀਰ ਵਿਚਲੀ ਪੀਡੀਪੀ-ਭਾਜਪਾ ਸਰਕਾਰ ਡਿੱਗ ਪਈ। ਇਸ ਤਰ੍ਹਾਂ ਸੰਨ 1947 'ਚ ਭਾਰਤ ਦੀ ਵੰਡ ਬਾਅਦ ਲਗਾਤਾਰ ਕੌਮਾਂਤਰੀ ਪੱਧਰ ਉੱਤੇ ਚਰਚਾ ਦਾ ਕੇਂਦਰ ਚਲੇ ਆ ਰਹੇ ਸਰਹੱਦੀ ਸੂਬੇ ਵਿਚਲੇ ਸਾਢੇ ਕੁ ਤਿੰਨ ਸਾਲ ਪੁਰਾਣੇ ਗੈਰ ਸਿਧਾਂਤਕ ਰਾਜਸੀ/ਪ੍ਰਸ਼ਾਕੀ ਗੱਠਜੋੜ ਦਾ ਅੰਤ ਹੋ ਗਿਆ। ਸ੍ਰੀਨਗਰ ਵਿਚ ਰਾਜ ਭਵਨ ਦੇ ਬੁਲਾਰੇ ਨੇ ਦੱਸਿਆ ਕਿ ਰਾਜਪਾਲ ਐਨ. ਐਨ. ਵੋਹਰਾ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਰਿਪੋਰਟ ਭੇਜ ਦਿੱਤੀ ਹੈ, ਜਿਸ ਤੋਂ ਬਾਅਦ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਹੈ।

ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਵੱਲੋਂ ਜੰਮੂ ਕਸ਼ਮੀਰ ਸਰਕਾਰ ਵਿਚ ਆਪਣੇ ਮੰਤਰੀਆਂ ਨੂੰ ਹੰਗਾਮੀ ਸਲਾਹ ਮਸ਼ਵਰੇ ਲਈ ਤਲਬ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਨੇ ਕਾਹਲੀ ਨਾਲ ਪ੍ਰੈਸ ਕਾਨਫਰੰਸ ਸੱਦ ਕੇ ਹਮਾਇਤ ਵਾਪਸ ਲੈਣ ਦਾ ਅਚਨਚੇਤ ਐਲਾਨ ਕਰ ਦਿੱਤਾ। ਕੁਝ ਘੰਟਿਆਂ ਬਾਅਦ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਰਾਜਪਾਲ ਐਨ. ਐਨ. ਵੋਹਰਾ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ।

ਬਾਕੀ ਸਫ਼ਾ 28 'ਤੇ

## ਓਰੇਗਨ ਦੇ ਹਿਰਾਸਤੀ ਕੇਂਦਰ ਵਿਚ ਰਾਜਸੀ ਸ਼ਰਨ ਮੰਗਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਬਹੁਤੇ ਸਿੱਖ

### *ਡੈਮੋਕ੍ਰੇਟਿਕ ਕਾਨੂੰਨਘਾੜਿਆਂ ਵਲੋਂ ਹਿਰਾਸਤੀ ਕੇਂਦਰ ਦਾ ਦੌਰਾ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਓਰੇਗਨ ਸੂਬੇ ਦੇ ਹਿਰਾਸਤੀ ਕੇਂਦਰ ਵਿਚ ਰਾਜਸੀ ਸ਼ਰਨ ਮੰਗਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਨਾਲ 52 ਭਾਰਤੀਆਂ ਦੇ ਇਕ ਗਰੁੱਪ ਨੂੰ ਵੀ ਰੱਖਿਆ ਹੋਇਆ ਹੈ ਜਿਨ੍ਹਾਂ ਵਿਚੋਂ ਬਹੁਤੇ ਸਿੱਖ ਹਨ। ਇਹ ਜਾਣਕਾਰੀ ਇਕ ਔਰਤ ਅਮਰੀਕੀ ਕਾਨੂੰਨਘਾੜੇ ਨੇ ਦਿੱਤੀ ਹੈ। ਸ਼ੇਰੀਡਨ ਵਿਚ ਹਿਰਾਸਤੀ ਕੇਂਦਰ ਵਿਚ ਰੱਖੇ ਕੁੱਲ 123 ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਭਾਰਤੀਆਂ ਦਾ ਗਰੁੱਪ ਵੱਡਾ ਹੈ। ਓਰੇਗਨ ਸੂਬੇ ਦੇ ਡੈਮੋਕ੍ਰੇਟਿਕ ਕਾਨੂੰਨਘਾੜਿਆਂ ਨੇ ਪਿਛਲੇ ਦਿਨੀਂ ਇਸ ਹਿਰਾਸਤੀ ਕੇਂਦਰ ਦਾ ਦੌਰਾ ਕੀਤਾ ਸੀ ਜਿਨ੍ਹਾਂ ਨੇ ਬਾਅਦ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਕਥਿਤ ਅਣਮਨੁੱਖੀ ਹਾਲਤ ਬਾਰੇ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ। ਕਾਂਗਰਸ ਮੈਂਬਰ ਸੁਜ਼ਾਨੇ ਬੋਨਾਮਿਕੀ ਨੇ ਆਪਣੇ ਬਲਾਗ ਵਿਚ ਲਿਖਿਆ ਕਿ ਸ਼ੇਰੀਡਨ ਵਿਚ ਹਿਰਾਸਤੀ ਕੇਂਦਰ ਵਿਚ ਰੱਖੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਭਾਰਤੀਆਂ ਦਾ ਗਰੁੱਪ ਵੱਡਾ ਹੈ। ਉਨ੍ਹਾਂ ਨੇ ਸਨਿਚਰਵਾਰ ਕਈ ਹੋਰ ਡੈਮੋਕ੍ਰੇਟਿਕ ਕਾਨੂੰਨਘਾੜਿਆਂ ਨਾਲ ਇਸ ਕੇਂਦਰ ਦਾ ਦੌਰਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੰਜਾਬੀ ਦੋ-ਭਾਸ਼ੀਏ ਰਾਹੀਂ ਸਾਨੂੰ ਪਤਾ ਲੱਗਾ ਕਿ ਉਹ ਰਾਜਸੀ ਸ਼ਰਨ ਲਈ ਬੇਨਤੀ ਕਰਨ ਦੀ ਯੋਜਨਾ ਬਣਾ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਭਾਰਤ ਵਿਚ ਸਖਤ ਧਾਰਮਿਕ ਅੱਤਿਆਚਾਰ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਚੋਂ ਬਹੁਤੇ ਸਿੱਖ ਜਾਂ ਇਸਾਈ ਹਨ। ਇਹ ਵੀ ਪਤਾ ਲੱਗਾ ਹੈ ਕਿ ਕਈ ਜਣੇ ਆਪਣੇ ਬੱਚਿਆਂ ਤੇ ਪਤਨੀ ਸਮੇਤ ਸਰਹੱਦ ਟੱਪ ਕੇ ਅਮਰੀਕਾ ਵਿਚ ਦਾਖਲ ਹੋਏ ਹਨ ਪਰ ਉਨ੍ਹਾਂ ਦੇ ਪਰਿਵਾਰ ਕਿੱਥੇ ਹਨ, ਇਸ ਬਾਰੇ ਕੁਝ ਪਤਾ ਨਹੀਂ ਹੈ। ਡੈਮੋਕਰੇਟ ਮੈਂਬਰ ਅਰਲ ਬਲੂਮਨੀਅਰ ਨੇ ਕਿਹਾ ਕਿ ਭਾਵੇਂ ਸਾਡੇ ਇੰਮੀਗਰੇਸ਼ਨ ਕਾਨੂੰਨ ਕੁਝ ਵੀ ਹੋਣ,

ਬਾਕੀ ਸਫ਼ਾ 28 'ਤੇ

## 'ਰਾਜ ਕਰੇਗਾ ਖ਼ਾਲਸਾ' ਅਤੇ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰੇ ਗੱਜਦੇ ਰਹਿਣਗੇ : ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤ ਨੂੰ ਸੋਸ਼ਲ ਮੀਡੀਆ 'ਤੇ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਆਖਿਆ ਹੈ। ਉਨ੍ਹਾਂ ਆਖਿਆ ਕਿ ਸੋਸ਼ਲ ਮੀਡੀਆ 'ਤੇ ਖ਼ਬਰ ਵਾਇਰਲ ਹੋਈ ਸੀ ਕਿ "ਜੋ ਬੋਲੇ ਸੋ ਨਿਹਾਲ" ਅਤੇ "ਰਾਜ ਕਰੇਗਾ ਖ਼ਾਲਸਾ" ਜੈਕਾਰਿਆਂ 'ਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ। ਇਸ ਸਬੰਧੀ ਦਿੱਲੀ ਕਮੇਟੀ ਨੂੰ ਜਾਂਚ ਕਰਨ ਵਾਸਤੇ ਆਖਿਆ ਗਿਆ ਸੀ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਪੜਤਾਲ ਮਗਰੋਂ ਜਾਣਕਾਰੀ ਦਿੱਤੀ ਹੈ ਕਿ ਅਦਾਲਤ ਨੇ ਇਸ 'ਤੇ ਰੋਕ ਨਹੀਂ ਲਾਈ ਹੈ। ਇਸ ਦੌਰਾਨ ਉਤਰਾਖੰਡ ਪੁਲੀਸ ਵਲੋਂ ਹੇਮਕੁੰਟ ਸਾਹਿਬ ਜਾ ਰਹੇ ਸ਼ਰਧਾਲੂਆਂ ਦੇ ਵਾਹਨਾਂ 'ਤੇ ਲੱਗੇ ਕੇਸਰੀ ਝੰਡੇ ਉਤਰਵਾਉਣ ਦੀ ਕਾਰਵਾਈ ਬਾਰੇ ਉਨ੍ਹਾਂ ਆਖਿਆ ਕਿ ਅਜਿਹੀ ਕਾਰਵਾਈ ਪੁਲੀਸ ਨੂੰ ਸ਼ੋਭਾ ਨਹੀਂ ਦਿੰਦੀ ਹੈ।



## ਨਾਮਜ਼ਦਗੀ ਪੱਤਰ ਰੱਦ ਹੋਣ ਨਾਲ ਮੁਸ਼ੱਰਫ਼ ਚੋਣ ਪਿੜ 'ਚੋਂ ਹੋਏ ਬਾਹਰ

**ਇਸਲਾਮਾਬਾਦ/ਬਿਊਰੋ ਨਿਊਜ਼ :**

ਪਾਕਿਸਤਾਨ ਦੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਦੇ ਅਗਾਮੀ 25 ਜੁਲਾਈ ਨੂੰ ਹੋਣ ਵਾਲੀਆਂ ਆਮ ਚੋਣਾਂ ਲਈ ਨਾਮਜ਼ਦਗੀ ਪੱਤਰ ਚੋਣ ਕਮਿਸ਼ਨ ਵੱਲੋਂ ਰੱਦ ਕਰ ਦਿੱਤੇ ਗਏ ਹਨ। ਇਹ ਕਾਰਵਾਈ ਚੋਣ ਕਮਿਸ਼ਨ ਵੱਲੋਂ ਪਿਸ਼ਾਵਰ ਹਾਈ ਕੋਰਟ ਦੁਆਰਾ ਸੰਨ 2013 ਵਿਚ ਮੁਸ਼ੱਰਫ 'ਤੇ ਉਮਰ ਭਰ ਲਈ ਚੋਣਾਂ ਲੜਨ 'ਤੇ ਰੋਕ ਲਾਈ ਹੋਣ ਦੇ ਮੱਦੇਨਜ਼ਰ ਕੀਤੀ ਗਈ ਹੈ।

## ਭਾਰਤੀ ਘੱਟ ਗਿਣਤੀਆਂ ਨੇ ਤੁਲਸੀ ਗਾਬਾਰਡ ਵਲੋਂ ਸ਼ਿਕਾਗੋ 'ਚ ਹੋ ਰਹੀ ਵਿਸ਼ਵ ਹਿੰਦੂ ਕਾਨਫਰੰਸ 'ਚ ਸ਼ਾਮਲ ਹੋਣ ਉੱਤੇ ਪ੍ਰਗਟਾਇਆ ਇਤਰਾਜ਼

### ਡੈਮੋਕਰੇਟਿਕ ਕਾਂਗਰਸਵੂਮੈਨ ਨੂੰ ਲਿਖੀ ਖੁੱਲ੍ਹੀ ਚਿੱਠੀ 'ਚ ਕਿਹਾ, 'ਅਸੀਂ ਫਾਸ਼ੀਵਾਦੀ ਸੰਸਥਾਵਾਂ ਲਈ ਤੁਹਾਡੇ ਸਮਰਥਨ ਤੋਂ ਨਿਰਾਸ਼ ਹਾਂ।'

**ਹੋਨੋਲੂਲੂ/ਬਿਊਰੋ ਨਿਊਜ਼ :**

ਭਾਰਤੀ ਘੱਟ ਗਿਣਤੀਆਂ ਤਰਫੋਂ ਅਮਰੀਕੀ ਕਾਂਗਰਸ ਵੂਮੈਨ ਨੂੰ ਲਿਖੀ ਗਈ ਇਕ ਖੁੱਲ੍ਹੀ ਚਿੱਠੀ 'ਚ ਕਿਹਾ ਗਿਆ ਹੈ ਕਿ , "ਅਸੀਂ ਫਾਸ਼ੀਵਾਦੀ ਸੰਸਥਾਵਾਂ ਲਈ ਤੁਹਾਡੇ ਸਮਰਥਨ ਤੋਂ ਨਿਰਾਸ਼ ਹਾਂ।"



ਅਮਰੀਕਨ ਕਾਂਗਰਸ 'ਚ ਡੈਮੋਕਰੇਟਿਕ ਪ੍ਰਤੀਨਿਧੀ ਤੁਲਸੀ ਗਾਬਾਰਡ, ਸ਼ਿਕਾਗੋ ਵਿਚ ਚਾਲੂ ਸਾਲ 2018 'ਚ ਸ਼ਿਕਾਗੋ ਵਿਖੇ ਹੋਣ ਜਾ ਰਹੀ ਵਰਲਡ ਹਿੰਦੂ ਕਾਂਗਰਸ 'ਚ ਸ਼ਾਮਲ ਹੋ ਰਹੀ ਹੈ। ਸਰਕਾਰ ਦੇ ਨਾਂ ਭਾਰਤੀ ਘੱਟ ਗਿਣਤੀਆਂ ਦੀ ਤਰਫੋਂ ਲਿਖੀ ਖੁੱਲ੍ਹੀ ਚਿੱਠੀ ਵਿਚ ਕਿਹਾ ਗਿਆ ਹੈ ਕਿ, "ਅਸੀਂ ਫਾਸੀਵਾਦੀ ਸੰਸਥਾਵਾਂ ਲਈ ਤੁਹਾਡੇ ਸਮਰਥਨ ਤੋਂ ਨਿਰਾਸ਼ ਹਾਂ।" ਭਾਰਤੀ ਘੱਟ ਗਿਣਤੀਆਂ ਦੀ ਸੰਸਥਾ (ਓਐਫਐਮਆਈ.) ਵੱਲੋਂ ਤੁਲਸੀ ਗਾਬਾਰਡ ਨੂੰ ਸੁਚੇਤ ਕੀਤਾ ਗਿਆ ਹੈ ਕਿ ਵਰਲਡ ਹਿੰਦੂ ਕਾਂਗਰਸ ਕਰਵਾ ਰਹੀ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਉਸ ਨਾਲ ਸਬੰਧਤ ਜਥੇਬੰਦੀਆਂ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਸਮੂਹ ਹਨ। ਇਸ ਕਾਨਫਰੰਸ ਦੀ ਮੇਜ਼ਬਾਨੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐਸਐਸ) ਦੀ ਇਕ ਸ਼ਾਖਾ ਵਿਸ਼ਵ ਹਿੰਦੂ ਪ੍ਰੀਸ਼ਦ ਕਰੇਗੀ ਅਤੇ ਆਰਐਸਐਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਇਥੇ ਕੁੰਜੀਵਤ ਭਾਸ਼ਣ ਦੇਣ ਆ ਰਹੇ ਹਨ।

ਇਸ ਕਾਨਫਰੰਸ ਵਾਸਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਵੀ ਸੱਦਾ ਦਿੱਤਾ ਗਿਆ ਹੈ। ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ "ਸੰਘ ਪਰਿਵਾਰ" ਵਜੋਂ ਜਾਣਿਆ ਜਾਂਦਾ ਹੈ। ਇਸ ਚਿੱਠੀ 'ਚ ਇਹ ਵੀ ਯਾਦ ਕਰਵਾਇਆ ਗਿਆ ਕਿ ਬੀਤੇ 'ਚ ਅਮਰੀਕੀ ਵਿਦੇਸ਼ ਵਿਭਾਗ ਨੇ "ਧਾਰਮਿਕ ਆਜ਼ਾਦੀ ਦੀ ਵਿਸ਼ੇਸ਼ ਰੂਪ 'ਚ ਗੰਭੀਰ ਉਲੰਘਣਾ" 'ਚ ਸ਼ਾਮਲ ਹੋਣ ਦੇ ਅਧਾਰ 'ਤੇ ਨਰਿੰਦਰ ਮੋਦੀ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਸੀ ਪਰ ਬਾਅਦ 'ਚ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਕਾਰਨ ਉਨ੍ਹਾਂ ਆਪਣਾ ਫੈਸਲਾ ਵਾਪਸ ਲੈ ਲਿਆ ਸੀ।

ਬਾਕੀ ਸਫ਼ਾ 28 'ਤੇ

## ਰਣਜੀਤ ਬਾਵਾ ਤੇ ਅਨਮੋਲ ਗਗਨ ਮਾਨ, ਮਿਲਪੀਟਸ ਦੇ ਪੰਜਾਬੀ ਫੋਕ ਸ਼ੋਅ 'ਚ 22 ਜੂਨ ਨੂੰ ਲਾਉਣਗੇ ਰੌਣਕਾਂ

**ਸੈਨ ਹੋਜ਼ੇ/ਬਿਊਰੋ ਨਿਊਜ਼:** ਉੱਘੇ ਪੰਜਾਬੀ ਗਾਇਕ ਤੇ ਖਿੰਦੋ ਖੂੰਡੀ ਫਿਲਮ ਦੇ ਨਾਇਕ ਰਣਜੀਤ ਬਾਵਾ, ਅਨਮੋਲ ਗਗਨ ਮਾਨ ਤੇ ਸਾਥੀ ਗਾਇਕ ਕਲਾਕਾਰਾਂ ਦੇ 22 ਜੂਨ 2018 ਨੂੰ ਮਿਲਪੀਟਸ ਵਿੱਚ ਕਰਵਾਏ ਜਾਣ ਵਾਲੇ ਪੰਜਾਬੀ ਫੋਕ ਸ਼ੋਅ (ਮਿੱਟੀ ਦਾ ਬਾਵਾ ਤੇ ਪੰਜਾਬੀ ਲਾਈਵ) ਲਈ ਦਰਸ਼ਕਾਂ ਤੇ ਸਰੋਤਿਆਂ ਵਿੱਚ ਭਾਰੀ ਉੱਤਸ਼ਾਹ ਪਾਇਆ ਜਾ ਰਿਹਾ ਹੈ। ਬਰਾਈਟ ਬਰੇਨ ਐਂਡ ਜਾਦੂ ਟੀਵੀ, ਮਨਦੀਪ ਤੇ ਕਿਮ ਦਿਓਲ ਤੇ ਚਰਨਜੀਤ ਉੱਪਲ ਦੀ ਤਰਫੋਂ ਪੰਜਾਬੀ ਗਾਇਕੀ ਦਾ ਇਹ ਰੰਗਾ ਰੰਗ ਪ੍ਰੋਗਰਾਮ 22 ਜੂਨ ਸ਼ੁਕਰਵਾਰ ਨੂੰ ਸ਼ਾਮੀਂ 8:00 ਵਜੇ ਤੋਂ ਦੇਰ ਰਾਤੀਂ ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਕਰਵਾਇਆ ਜਾਣਾ ਹੈ। ਪ੍ਰੋਗਰਾਮ ਲਈ ਟਿਕਟਾਂ ਇਸ ਤਰ੍ਹਾਂ ਹਨ: $50, $75, $100 ਤੋਂ ਇਲਾਵਾ VIP ਆਨ ਲਾਇਨ ਟਿਕਟਾਂ ਖਰੀਦਣ ਲਈ : Ticketmaster.com, Sulekha.com, TicketHungama.com, Brightbrain.cvents ਹੋਰ ਜਾਣਕਾਰੀ ਲਈ ਸੰਪਰਕ ਕਰੋ: ਜੈ ਸਿੰਘ-510-677-2777,




ਬਾਕੀ ਸਫ਼ਾ 28 'ਤੇ

## ਲਨੈਕਸਾ 'ਚ ਗੁਰਦੁਆਰਾ ਸਾਹਿਬ ਬਣਾਏ ਜਾਣ ਨੂੰ ਮਨਜ਼ੂਰੀ

**ਲਨੈਕਸਾ (ਕੈਨਸਸ)/ਬਿਊਰੋ ਨਿਊਜ਼:** ਕੈਨਸਸ ਸੂਬੇ ਦੇ ਲਨੈਕਸਾ ਸਿਟੀ ਦੀ ਕੌਂਸਲ ਵਲੋਂ ਸ਼ਹਿਰ ਵਿੱਚ ਸਿੱਖ ਗੁਰਦੁਆਰਾ ਸਾਹਿਬ ਬਣਾਏ ਜਾਣ ਦੀ ਸਿਧਾਂਤਕ ਰੂਪ 'ਚ ਮਨਜੂਰੀ ਦਿੱਤੇ ਜਾਣ ਨਾਲ ਸਿੱਖ ਭਾਈਚਾਰੇ 'ਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ ਹਾਲਾਂ ਕਿ ਸਥਾਨਕ ਲੋਕਾਂ ਖ਼ਾਸ ਕਰ ਆਂਢ-ਗੁਆਂਢ ਦੇ ਵਸਨੀਕਾਂ ਨੇ ਇਸਦਾ ਵਿਰੋਧ ਕੀਤਾ। ਇਹ ਗੁਰਦੁਆਰਾ ਸਾਹਿਬ ਲੋਨ ਐਲਮ ਰੋਡ ਅਤੇ 101 ਸਟਰੀਟ ਨੇੜ੍ਹੇ ਮਿਡਵੈਸਟ ਸਿੱਖ ਐਸ਼ੋਸੀਏਸ਼ਨ ਦੀ ਮਾਲਕੀ ਵਾਲੇ ਖ਼ਾਲੀ ਪਏ ਵੱਡੇ ਪਲਾਟ ਉੱਤੇ ਬਣਾਇਆ ਜਾਣਾ ਹੈ। ਗੁਰਦੁਆਰਾ ਸਾਹਿਬ ਕੁਝ ਏਕੜਾਂ ਉੱਤੇ ਬਣਾਏ ਜਾਣ ਦੀ ਤਜਵੀਜ਼ ਹੈ ਜਦੋਂ ਕਿ ਬਾਕੀ ਜ਼ਮੀਨ ਉੱਤੇ ਰਿਹਾਇਸ਼ੀ ਮਕਾਨ ਬਣਾਏ ਜਾਣਗੇ। ਲਨੈਸਕਾ ਸਿਟੀ ਕੌਂਸਲ ਨੇ ਲਗਭਗ ਸਾਢੇ ਚਾਰ ਮਿਲੀਅਨ ਡਾਲਰ ($4.5 million) ਨਾਲ ਬਣਾਏ ਜਾਣ ਵਾਲੇ ਗੁਰਦੁਆਰਾ ਸਾਹਿਬ



ਬਾਕੀ ਸਫ਼ਾ 28 'ਤੇ

















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਬਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਯੁਨਾਇਟਡ ਸਿੱਖ ਔਰਗੇਨਾਈਜੇਸ਼ਨ ਦੇ ਸਹਿਯੋਗ ਨਾਲ ਭਾਈ ਪਾਲ ਸਿੰਘ ਭਾਟੀਆ ਬਗ਼ਦਾਦ ਰਵਾਨਾ

**ਮਿਲਪੀਟਸ/ਬਿਊਰੋ ਨਿਊਜ਼:**
ਯੁਨਾਇਟਡ ਸਿੱਖ ਔਰਗੇਨਾਈਜੇਸ਼ਨ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਉਪਰਾਲੇ ਸਦਕਾ ਬਗ਼ਦਾਦ ਵਿਖੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਭਾਈ ਪਾਲ ਸਿੰਘ ਭਾਟੀਆ ਨੂੰ ਬਗ਼ਦਾਦ ਲਈ ਰਵਾਨਾ ਕੀਤਾ ਗਿਆ। ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਸਿੱਖ ਕੌਮ ਦੀਆਂ ਪ੍ਰਮੁੱਖ ਜਥੇਬੰਦੀਆਂ ਯੁਨਾਇਟਡ ਸਿੱਖ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਵਿਸ਼ੇਸ਼ ਇਕੱਤਰਤਾ ਵਿਚ ਉਕਤ ਦੋਨਾਂ ਸੰਸਥਾਵਾਂ ਦੇ ਦੁਆਰਾ ਬਗ਼ਦਾਦ ਵਿਖੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਰਿਪੋਰਟ ਤਿਆਰ ਕਰਨ ਲਈ ਭਾਈ ਪਾਲ ਸਿੰਘ ਭਾਟੀਆ ਨੂੰ ਬਗ਼ਦਾਦ ਰਵਾਨਾ ਕੀਤਾ ਗਿਆ।




ਇਸ ਮੌਕੇ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੈੱਡ ਗ੍ਰੰਥੀ ਭਾਈ ਸੁਖਦੇਵ ਸਿੰਘ ਅਤੇ ਸਮੂਹ ਸੰਗਤਾਂ ਨੇ ਸ਼ਾਮਿਲ ਹੋ ਕੇ ਅਰਦਾਸ ਕੀਤੀ ਅਤੇ ਭਾਈ ਪਾਲ ਸਿੰਘ ਭਾਟੀਆ ਨੂੰ ਗੁਰੂ ਕੀ ਬਖਸ਼ਿਸ਼ ਸਿਰੋਪਾਓ ਨਾਲ ਨਿਵਾਜਿਆ ਗਿਆ। ਭਾਈ ਪਾਲ ਸਿੰਘ ਭਾਟੀਆ ਬਗ਼ਦਾਦ ਪੁਹੰਚਣ ਬਾਅਦ ਉੱਥੇ ਵਾਪਰੀ ਹਿੰਸਾ ਦੌਰਾਨ ਗੁਰੂ ਨਾਨਕ ਸਾਹਿਬ ਦੇ ਪਾਵਨ ਅਸਥਾਨ ਦੇ ਹਵਾਈ ਹਮਲਿਆਂ ਦੁਆਰਾ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਰਿਪੋਰਟ ਤਿਆਰ ਕਰਨਗੇ। ਜਿਸ ਨਾਲ ਇਸ ਪਾਵਨ ਅਸਥਾਨ ਦੀ ਮੁਰੰਮਤ ਅਤੇ ਸਾਂਭ ਸੰਭਾਲ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਭਾਈ ਪਾਲ ਸਿੰਘ ਭਾਟੀਆ ਦੀ ਇਹ ਰਿਪੋਰਟ ਬੜੀ ਲਾਹੇਵੰਦ ਸਿੱਧ ਹੋਵੇਗੀ। ਇਸ ਮੌਕੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ, ਜਨਰਲ ਸਕੱਤਰ ਡਾ. ਪ੍ਰਿਤਪਾਲ ਸਿੰਘ ਅਤੇ ਯੁਨਾਇਟਡ ਸਿੱਖ ਔਰਗੇਨਾਈਜੇਸ਼ਨ ਨੇ ਦੇ ਪ੍ਰਮੁੱਖ ਨੁਮਾਇੰਦੇ ਸ਼ਾਮਿਲ ਸਨ।

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੈਮੀਨਾਰ 23 ਜੂਨ ਸ਼ਨਿਚਰਵਾਰ ਨੂੰ

**ਮਿਲਪੀਟਸ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਵਲੋਂ ਬਾਬਾ ਬੰਦਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਕੌਮ ਨੂੰ ਮਹਾਨ ਦੇਣ ਬਾਰੇ





ਇੱਕ ਸੈਮੀਨਾਰ 23 ਜੂਨ ਨੂੰ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ (680, East Calaveras Blvd, Milpitas, CA 95035) ਵਿਖੇ ਕਰਵਾਇਆ ਜਾ ਰਿਹਾ ਹੈ। ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਤੋਂ ਬਾਅਦ ਦੁਪਹਿਰ 5:30 ਵਜੇ ਤੱਕ ਹੋਣ ਵਾਲੇ ਇਸ ਸੈਮੀਨਾਰ 'ਚ ਦੋ ਮੁੱਖ ਬੁਲਾਰੇ ਡਾ. ਸੁਖਪ੍ਰੀਤ ਸਿੰਘ ਉਦੋਕੇ "ਬਾਬਾ ਬੰਦਾ ਸਿੰਘ ਅਤੇ ਮਹਰਾਜਾ ਰਣਜੀਤ ਸਿੰਘ ਤੱਕ ਦਾ ਸਿੱਖ ਕਾਲ" ਅਤੇ ਡਾ. ਅਮਰਜੀਤ ਸਿੰਘ "ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਕਾਲ ਤੇ ਮੌਜੂਦਾ ਹਾਲਾਤ" ਸਬੰਧੀ ਅਪਣੇ ਵਿਚਾਰ ਪ੍ਰਗਟ ਕਰਨਗੇ। ਪ੍ਰਬੰਧਕਾਂ ਵਲੋਂ ਸਭਨਾਂ ਨੂੰ ਸਮੇਂ ਸਿਰ ਪੁੱਜਣ ਦਾ ਸੱਦਾ ਹੈ।
ਹੋਰ ਜਾਣਕਾਰੀ ਲਈ ਭਾਈ ਜਸਵੰਤ ਸਿੰਘ ਹੋਠੀ ਨਾਲ ਫੋਨ 408-898-7056 , ਡਾ. ਪ੍ਰਿਤਪਾਲ ਸਿੰਘ 408-422-5600, ਬਲਵੀਰ ਸਿੰਘ ਢਿਲੋਂ 408-772-0600 ਅਤੇ ਮਨਪ੍ਰੀਤ ਸਿੰਘ 408-205-1663 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਾਂਈ ਸਪੋਰਟਸ ਚੰਡੀਗੜ੍ਹ ਵੱਲੋਂ ਕਰਵਾਈ ਜਾਵੇਗੀ ਓਪਨ ਤੈਰਾਕੀ ਚੈਂਪੀਅਨਸ਼ਿਪ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਾਂਈ ਸਪੋਰਟਸ ਸੈਂਟਰ ਸੈਕਟਰ-22 ਚੰਡੀਗੜ੍ਹ ਵੱਲੋਂ ਪਹਿਲੀ ਓਪਨ ਤੈਰਾਕੀ ਚੈਂਪੀਅਨਸ਼ਿਪ ਅਗਾਮੀ 7-8 ਜੁਲਾਈ ਨੂੰ ਕਰਵਾਈ ਜਾ ਰਹੀ ਹੈ। ਇਹ ਸ਼ਹਿਰ ਦੀ ਪਹਿਲੀ ਓਪਨ ਸਵੀਮਿੰਗ ਚੈਂਪੀਅਨਸ਼ਿਪ ਹੋਵੇਗੀ। ਇਹ ਚੈਂਪੀਅਨਸ਼ਿਪ ਸੈਕਟਰ-23, ਚੰਡੀਗੜ੍ਹ ਦੇ ਸਵਿਮਿੰਗ ਪੂਲ ਵਿਖੇ ਹੋਵੇਗੀ, ਜਿਸ ਵਿਚ ਉਮਰ ਵਰਗ ਅੰਡਰ- 8 ਸਾਲ, ਅੰਡਰ -10 ਸਾਲ, ਅੰਡਰ -12 ਸਾਲ, ਅੰਡਰ -14 ਸਾਲ, ਅੰਡਰ -17 ਸਾਲ ਦੇ ਮੁੰਡਿਆਂ ਤੇ ਕੁੜੀਆਂ ਦੇ ਮੁਕਾਬਲੇ ਰੱਖੇ ਗਏ ਹਨ। ਕੁੜੀਆਂ ਅਤੇ ਮੁੰਡਿਆਂ ਲਈ ਓਪਨ ਵਰਗ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਹਰ ਇੱਕ ਵਰਗ ਦੇ ਪਹਿਲੇ ਤਿੰਨ ਜੇਤੂਆਂ ਨੂੰ ਮੈਡਲ ਅਤੇ ਤੋਹਫ਼ਿਆਂ ਨਾਲ ਸਨਮਾਨਿਤ ਕੀਤਾ ਜਾਵੇਗਾ।
ਇਸ ਚੈਂਪੀਅਨਸ਼ਿਪ 'ਚ ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਰਜਿਸਟਰਡ ਹੋਏ ਤੈਰਾਕ ਸ਼ਾਮਲ ਹੋ ਸਕਣਗੇ। ਚਾਹਵਾਨ ਆਪਣੀਆਂ ਐਂਟਰੀਆਂ ੦੫ ਜੁਲਾਈ ਤਕ ਜਮ੍ਹਾਂ ਕਰਵਾ ਸਕਦੇ ਹਨ, ਜੋ ਕਿ ਦੋ ਸੌ ਰੁਪਏ ਹੈ। ਇਕ ਖਿਡਾਰੀ ਇਕ ਉਮਰ ਵਰਗ ਵਿਚ ਵੱਧ ਤੋਂ ਵੱਧ ਤਿੰਨ ਮੁਕਾਬਲਿਆਂ ਲਈ ਹੀ ਐਂਟਰੀ ਦੇ ਸਕਦਾ ਹੈ। ਬਾਹਰੋਂ ਆਉਣ ਵਾਲੇ ਖਿਡਾਰੀਆਂ ਨੂੰ ਕੋਈ ਸਫਰ ਭੱਤਾ ਨਹੀਂ ਦਿਤਾ ਜਾਵੇਗਾ ਤੇ ਉਨ੍ਹਾਂ ਨੂੰ ਆਪਣੇ ਰਹਿਣ ਦਾ ਪ੍ਰਬੰਧ ਵੀ ਖੁਦ ਹੀ ਕਰਨਾ ਹੋਵੇਗਾ। ਹੋਰ ਜਾਣਕਾਰੀ ਵਾਸਤੇ ਗੁਰਚਰਨਜੀਤ ਸਿੰਘ ਨਾਲ ਫੋਨ ਨੰ. 98889-02016 ਜਾਂ ਸ੍ਰੀ ਯਾਦਵ 98882-96939 ਉਤੇ ਸੰਪਰਕ ਕਰ ਸਕਦੇ ਹੋ।

# ਅ਼ਫਗਾਨਿਸਤਾਨ ਦੇ ਸਿੱਖ ਆਗੂ ਦਾ ਸੰਸਦ 'ਚ ਪੁੱਜਣਾ ਤੈਅ

**ਕਾਬੁਲ/ਬਿਊਰੋ ਨਿਊਜ਼ :**
ਅਫ਼ਗਾਨਿਸਤਾਨ ਦੇ ਪੂਰਬੀ ਪਕਤੀਆ ਸੂਬੇ ਨਾਲ ਸਬੰਧਤ ਅਵਤਾਰ ਸਿੰਘ ਖ਼ਾਲਸਾ (52 ਸਾਲ) ਅਗਲੀ ਸੰਸਦ ਵਿਚ ਮੁਲਕ ਦੀ ਘੱਟਗਿਣਤੀ ਸਿੱਖ ਤੇ ਹਿੰਦੂ ਆਬਾਦੀ ਦੀ ਨੁਮਾਇੰਦਗੀ ਕਰਨਗੇ।



ਅਵਤਾਰ ਸਿੰਘ ਖ਼ਾਲਸਾ ਜੋ ਕਿ ਲੰਮੇ ਸਮੇਂ ਤੋਂ ਭਾਈਚਾਰੇ ਦੇ ਆਗੂ ਰਹੇ ਹਨ, ਸੰਸਦ ਦੇ ਹੇਠਲੇ ਸਦਨ ਤੋਂ ਬਿਨਾਂ ਮੁਕਾਬਲਾ ਚੁਣੇ ਜਾਣਗੇ। ਇਹ ਸੀਟ ਰਾਸ਼ਟਰਪਤੀ ਵੱਲੋਂ 2016 ਵਿੱਚ ਘੱਟਗਿਣਤੀਆਂ ਲਈ ਰਾਖ਼ਵੀਂ ਕੀਤੀ ਗਈ ਸੀ। ਅਕਤੂਬਰ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਤੋਂ ਬਾਅਦ ਚੁਣੇ ਜਾਣ ਵਾਲੇ 259 ਸੰਸਦ ਮੈਂਬਰਾਂ ਵਿਚਕਾਰ ਉਹ ਇਕੱਲੇ ਘੱਟ ਗਿਣਤੀ ਮੈਂਬਰ ਹੋਣਗੇ। ਖ਼ਾਲਸਾ ਉਮੀਦ ਕਰਦੇ ਹਨ ਕਿ ਅਫ਼ਗਾਨ ਫ਼ੌਜ ਵਿਚ ਦਸ ਸਾਲ ਕੰਮ ਕਰਨ ਦਾ ਤਜਰਬਾ ਇਸ ਦੌਰਾਨ ਉਨ੍ਹਾਂ ਦੇ ਕੰਮ ਆਵੇਗਾ ਤੇ ਉਨ੍ਹਾਂ ਨੂੰ ਸੁਰੱਖਿਆ ਨਾਲ ਸਬੰਧਤ ਸੰਸਦੀ ਕਮੇਟੀ ਵਿੱਚ ਥਾਂ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖ ਤੇ ਹਿੰਦੂ ਭਾਈਚਾਰੇ ਨਾਲ ਜੁੜੇ ਮੁੱਦੇ ਤਾਂ ਉਭਾਰਨਾ ਚਾਹੁੰਦੇ ਹੀ ਹਨ ਸਗੋਂ ਅਫ਼ਗਾਨਿਸਤਾਨ ਦੇ ਸਾਰੇ ਬਾਸ਼ਿੰਦਿਆਂ ਦੀ ਭਲਾਈ ਲਈ ਵੀ ਵਚਨਬੱਧ ਹਨ।
ਜ਼ਿਕਰਯੋਗ ਹੈ ਕਿ ਮੁਲਕ ਵਿਚ ਦਹਾਕਿਆਂ ਤੋਂ ਚੱਲ ਰਹੀ ਗੜਬੜ ਕਾਰਨ ਸਿੱਖ ਅਤੇ ਹਿੰਦੂ ਭਾਈਚਾਰੇ ਨੂੰ ਦੇਸ਼ ਦੇ ਸਿਆਸੀ ਪਿੜ ਵਿੱਚ ਜ਼ਿਆਦਾ ਵਿਚਰਨ ਦਾ ਮੌਕਾ ਨਹੀਂ ਮਿਲ ਸਕਿਆ। ਇਸ ਦੌਰਾਨ ਘੱਟਗਿਣਤੀ ਭਾਈਚਾਰਾ ਵਿਦੇਸ਼ਾਂ ਵਿਚ ਪਰਵਾਸ ਕਰ ਗਿਆ। ਸੰਨ 1970 ਵਿੱਚ ਜਿੱਥੇ ਇਨ੍ਹਾਂ ਘੱਟਗਿਣਤੀ ਭਾਈਚਾਰਿਆਂ ਦੀ ਕੁੱਲ ਆਬਾਦੀ 80,000 ਦੇ ਕਰੀਬ ਸੀ, ਹੁਣ ਸਿਮਟ ਕੇ ਸਿਰਫ਼ 1000 ਦੇ ਕਰੀਬ ਰਹਿ ਗਈ ਹੈ।






# ਫਰਾਂਸ ਦੇ ਸਿੱਖਾਂ ਵੱਲੋਂ ਬਲਿਊ ਸਟਾਰ ਦੀ ਬਰਸੀ ਮੌਕੇ ਆਈਫਲ ਟਾਵਰ 'ਤੇ ਮੁਜ਼ਾਹਰਾ

**ਪੈਰਿਸ/ਬਿਊਰੋ ਨਿਊਜ਼ :** ਜੂਨ 1984 ਵਿੱਚ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ 'ਤੇ ਕੀਤੇ ਹਮਲੇ ਦੀ ਬਰਸੀ ਦੇ ਸਬੰਧ ਵਿੱਚ ਸਿੱਖਾਂ ਵੱਲੋਂ ਆਈਫਲ ਟਾਵਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸ਼ਾਮ ਤਿੰਨ ਵਜੇ ਤੋਂ ਛੇ ਵਜੇ ਤੱਕ ਸ਼ਾਂਤਮਈ ਢੰਗ ਨਾਲ ਕੀਤੇ ਮੁਜ਼ਾਹਰੇ ਵਿੱਚ ਫਰਾਂਸ ਦੇ ਸਾਰੇ ਗੁਰਦੁਆਰਿਆਂ, ਜਥੇਬੰਦੀਆਂ ਦੇ ਕਾਰਕੁਨ ਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਸ਼ਾਮਲ ਹੋਈ। ਇਸ ਮੌਕੇ ਰਘੁਬੀਰ ਸਿੰਘ ਕੋਹਾੜ, ਚੈਨ ਸਿੰਘ, ਦਲਵਿੰਦਰ ਸਿੰਘ ਘੁੰਮਣ, ਸ਼ਿਗਾਰਾ ਸਿੰਘ ਮਾਨ, ਬਸੰਤ ਸਿੰਘ ਪੰਜਹੱਥਾ, ਗੁਰਦਿਆਲ ਸਿੰਘ, ਕਸ਼ਮੀਰ ਸਿੰਘ, ਭਾਈ ਪਾਲਸਾ, ਇਕਬਾਲ ਸਿੰਘ ਭੱਟੀ ਤੇ ਪਿਰਥੀਪਾਲ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਿੱਖ ਕੌਮ ਦੀ ਅੱਡਰੀ ਪਛਾਣ ਨੂੰ ਖਤਮ ਕਰਨ ਲਈ ਕੀਤੇ ਇਸ ਤੀਜੇ ਘੱਲੂਘਾਰੇ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਜਿਸ ਵਿੱਚ ਮਾਸੂਮ ਬੱਚਿਆਂ, ਇਸਤਰੀਆਂ ਤੇ ਬਜ਼ੁਰਗਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਮੌਕੇ ਸਿੱਖ ਨੌਜੁਆਨਾਂ ਨੇ 'ਰਾਜ ਕਰੇਗਾ ਖ਼ਾਲਸਾ' ਦੇ ਨਾਅਰੇ ਲਾਏ।



ਆਈਫਲ ਟਾਵਰ 'ਤੇ ਮੁਜ਼ਾਹਰਾ ਕਰਦੇ ਹੋਏ ਸਿੱਖ।

# ਪਰਵਾਸੀ ਭਾਰਤੀਆਂ ਲਈ ਹਫ਼ਤੇ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਹੋਵੇਗੀ ਲਾਜ਼ਮੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਕਿਹਾ ਕਿ ਪਰਵਾਸੀਆਂ ਦੇ ਭਾਰਤ ਵਿੱਚ ਹੋਣ ਵਾਲੇ ਵਿਆਹਾਂ ਦਾ ਸੱਤ ਦਿਨਾਂ ਦੇ ਅੰਦਰ ਰਜਿਸਟਰੇਸ਼ਨ ਕਰਾਉਣਾ ਜ਼ਰੂਰੀ ਹੈ। ਜੇ ਪਰਵਾਸੀ ਭਾਰਤੀ ਵੱਲੋਂ ਸੱਤ ਦਿਨਾਂ ਵਿੱਚ ਵਿਆਹ ਦਰਜ ਨਹੀਂ ਕਰਾਇਆ ਜਾਂਦਾ ਤਾਂ ਉਨ੍ਹਾਂ ਦਾ ਪਾਸਪੋਰਟ ਅਤੇ ਵੀਜ਼ਾ ਜਾਰੀ ਨਹੀਂ ਹੋਵੇਗਾ। ਜ਼ਿਕਰਯੋਗ ਹੈ ਕਿ ਬੀਤੇ ਹਫ਼ਤੇ ਮਹਿਲਾ ਅਤੇ ਬਾਲ ਵਿਕਾਸ (ਡਬਲਿਊਸੀਡੀ) ਮੰਤਰੀ ਮੇਨਕਾ ਗਾਂਧੀ ਨੇ ਕਿਹਾ ਸੀ ਕਿ ਪਰਵਾਸੀ ਵਿਆਹਾਂ ਦਾ 48 ਘੰਟਿਆਂ ਵਿੱਚ ਰਜਿਸਟਰੇਸ਼ਨ ਹੋਣਾ ਜ਼ਰੂਰੀ ਹੈ।

ਪਰਵਾਸੀ ਵਿਆਹਾਂ ਵਿੱਚ ਔਰਤਾਂ ਨੂੰ ਹੋਣ ਵਾਲੀਆਂ ਸਮੱਸਿਆਂ ਦੇ ਹੱਲ ਲਈ ਮੰਤਰੀਆਂ ਦੇ ਸਮੂਹ ਦੀ ਦੁਬਾਰਾ ਮੀਟਿੰਗ ਹੋਈ, ਜਿਸ ਵਿੱਚ ਸੱਤ ਦਿਨਾਂ ਦੇ ਅੰਦਰ ਵਿਆਹ ਦੀ ਰਜਿਸਟਰੇਸ਼ਨ ਜ਼ਰੂਰੀ ਕੀਤੇ ਜਾਣ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿੱਚ ਮੇਨਕਾ ਗਾਂਧੀ, ਗ੍ਰਹਿ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਸ਼ਾਮਲ ਸਨ। ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਪਰਵਾਸੀ ਵਿਆਹਾਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਬਿਹਤਰ ਤਰੀਕਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ।

# ਕੈਨੇਡਾ ਦੇ ਬਰੈਂਪਟਨ 'ਚ ਚੋਰਾਂ ਨਾਲ ਝਗੜੇ ਦੌਰਾਨ ਪੰਜਾਬੀ ਆਗੂ ਦੀ ਮੌਤ

**ਰੂਪਨਗਰ/ਬਿਊਰੋ ਨਿਊਜ਼ :** ਰੋਟਰੀ ਕਲੱਬ ਰੂਪਨਗਰ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਭਟਨਾਗਰ (73 ਸਾਲ) ਦੀ ਕੈਨੇਡਾ ਦੇ ਬਰੈਂਪਟਨ ਵਿੱਚ ਦੋ ਸਿਆਹਫ਼ਾਮ ਨੌਜਵਾਨਾਂ ਨਾਲ ਝਗੜੇ ਤੋਂ ਬਾਅਦ ਮੌਤ ਹੋ ਗਈ।ਅਮਰਜੀਤ ਸਿੰਘ ਭਟਨਾਗਰ ਜੋ ਲੋਕ ਨਿਰਮਾਣ ਵਿਭਾਗ ਦੇ ਸੇਵਾਮੁਕਤ ਕਾਰਜਕਾਰੀ ਇੰਜਨੀਅਰ ਸਨ, ਦੇ ਛੋਟੇ ਬੇਟੇ ਅਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ 19 ਅਪਰੈਲ ਨੂੰ ਕੈਨੇਡਾ ਗਏ ਸਨ ਅਤੇ 6 ਮਹੀਨੇ ਬਾਅਦ ਉਨ੍ਹਾਂ ਵਾਪਸ ਆਉਣਾ ਸੀ। ਉਸ ਦੇ ਪਿਤਾ ਅਤੇ ਕੈਨੇਡਾ ਵਿੱਚ ਹੀ ਰਹਿੰਦੇ ਉਸ (ਅਰਵਿੰਦਰ ਸਿੰਘ) ਦੇ ਵੱਡੇ ਭਰਾ ਜਸਪਿੰਦਰ ਸਿੰਘ ਬਰੈਂਪਟਨ ਵਿੱਚ ਉਨ੍ਹਾਂ ਦੇ ਘਰ ਨੇੜੇ ਅਕਸਰ ਸੈਰ ਕਰਨ ਚਲੇ ਜਾਂਦੇ ਸਨ। ਅਰਵਿੰਦਰ ਸਿੰਘ ਨੇ ਦੱਸਿਆ ਕਿ 12 ਜੂਨ ਦੀ ਰਾਤ ਨੂੰ ਉਸ ਦੇ ਪਿਤਾ ਉਸ ਦੇ ਭਰਾ ਤੋਂ ਕੁਝ ਮਿੰਟ ਪਹਿਲਾਂ ਸੈਰ ਕਰਨ ਚਲੇ ਗਏ। ਜਸਪਿੰਦਰ ਸਿੰਘ ਜਦੋਂ ਸੈਰ ਕਰਨ ਗਿਆ ਤਾਂ ਦੋ ਕਾਲੇ ਲੜਕਿਆਂ, ਜਿਨ੍ਹਾਂ ਦੀ ਉਮਰ 15- 16 ਸਾਲ ਸੀ, ਨੇ ਉਸ ਦੇ ਭਰਾ ਜਸਪਿੰਦਰ ਸਿੰਘ ਨੂੰ ਘੇਰ ਲਿਆ ਅਤੇ ਮੋਬਾਈਲ ਖੋਹਣ ਲੱਗੇ। ਜਸਪਿੰਦਰ ਸਿੰਘ ਨੇ ਜਦੋਂ ਵਿਰੋਧ ਕੀਤਾ ਤਾਂ ਪਿਤਾ ਅਮਰਜੀਤ ਸਿੰਘ ਵੀ ਉਥੇ ਆ ਗਏ। ਜਸਪਿੰਦਰ ਸਿੰਘ ਨਾਲ ਹੱਥੋਪਾਈ ਕਰਨ ਤੋਂ ਬਾਅਦ ਜਦੋਂ ਕਾਲੇ ਨੌਜਵਾਨ ਭੱਜਣ ਲੱਗੇ ਤਾਂ ਉਨ੍ਹਾਂ ਨੇ ਅਮਰਜੀਤ ਸਿੰਘ ਨੂੰ ਧੱਕਾ ਦੇ ਦਿੱਤਾ, ਜਿਸ ਕਾਰਨ ਅਮਰਜੀਤ ਭਟਨਾਗਰ ਦਾ ਸਿਰ ਧਰਤੀ ਨਾਲ ਵੱਜਣ ਕਰਕੇ ਉਹ ਬੇਹੋਸ਼ ਹੋ ਗਏ। ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਦਾਖ਼ਲ ਕਰਾਇਆ ਗਿਆ, ਜਿੱਥੇ 14 ਜੂਨ ਨੂੰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਅਰਵਿੰਦਰ ਨੇ ਦੱਸਿਆ ਕਿ ਕੈਨੇਡਾ ਦੀ ਪੁਲੀਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਯੂਥ ਕ੍ਰਿਮਿਨਲ ਐਕਟ ਤਹਿਤ ਕੇਸ ਦਰਜ ਕਰਕੇ ਇੱਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂਕਿ ਦੂਜੇ ਦੀ ਭਾਲ ਜਾਰੀ ਹੈ।

# ਟਰੰਪ ਨੇ ਛੇ ਅਪਾਚੀ ਹੈਲੀਕਾਪਟਰ ਭਾਰਤ ਨੂੰ ਵੇਚਣ 'ਤੇ ਸਹੀ ਪਾਈ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਟਰੰਪ ਪ੍ਰਸ਼ਾਸਨ ਨੇ ਭਾਰਤ ਨੂੰ 93 ਕਰੋੜ ਡਾਲਰ (ਲਗਪਗ 6300 ਕਰੋੜ ਰੁਪਏ) ਦੇ ਛੇ ਏਐਚ-64ਈ ਅਪਾਚੇ ਹਮਲਾਵਰ ਹੈਲੀਕਾਪਟਰ ਵੇਚਣ ਦੇ ਸੌਦੇ ਨੂੰ ਹਰੀ ਝੰਡੀ ਦਿਖਾ ਦਿੱਤੀ ਹੈ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਕਿਹਾ ਕਿ ਇਨ੍ਹਾਂ ਹੈਲੀਕਾਪਟਰਾਂ ਨਾਲ ਭਾਰਤ ਦੀ ਰੱਖਿਆ ਪ੍ਰਣਾਲੀ ਕਾਫ਼ੀ ਮਜ਼ਬੂਤ ਹੋ ਜਾਵੇਗੀ। ਪੈਂਟਾਗਨ ਦੀ ਰੱਖਿਆ ਸਹਿਯੋਗ ਏਜੰਸੀ ਨੇ ਇਸ ਮੁਤੱਲਕ ਵਿਦੇਸ਼ ਵਿਭਾਗ ਦੇ ਫੈਸਲੇ ਬਾਰੇ ਕਾਂਗਰਸ ਨੂੰ ਇਤਲਾਹ ਦੇ ਦਿੱਤੀ ਹੈ। ਜੇ ਕਿਸੇ ਕਾਨੂੰਨਸਾਜ਼ ਨੇ ਇਸ ਦਾ ਵਿਰੋਧ ਨਾ ਕੀਤਾ ਤਾਂ ਇਹ ਸੌਦਾ ਸਿਰੇ ਚੜ੍ਹ ਜਾਣ ਦੀ ਉਮੀਦ ਹੈ। ਹਮਲਾਵਰ ਹੈਲੀਕਾਪਟਰਾਂ ਤੋਂ ਇਲਾਵਾ ਸੌਦੇ ਵਿੱਚ ਫਾਇਰ ਕੰਟਰੋਲ ਰਾਡਾਰ, ਹੈਲਫਾਇਰ ਲੌਂਗਬੋਅ ਮਿਜ਼ਾਈਲ, ਸਟਿੰਗਰ ਬਲਾਕ 1-92ਐਚ ਮਿਜ਼ਾਈਲਾਂ, ਨਾਈਟ ਵਿਜ਼ਨ ਸੈਂਸਰ ਅਤੇ ਇਨਸ਼ੀਅਲ ਨੇਵੀਗੇਸ਼ਨ ਸਿਸਟਮ ਵੀ ਸ਼ਾਮਲ ਹਨ। ਕਾਂਗਰਸ ਨੂੰ ਭੇਜੀ ਇਤਲਾਹ ਵਿੱਚ ਪੈਂਟਾਗਨ ਨੇ ਕਿਹਾ " ਇਸ ਨਾਲ ਭਾਰਤ ਨੂੰ ਆਪਣੀ ਸਰਜ਼ਮੀਨ ਦੀ ਸੁਰੱਖਿਆ ਕਰਨ ਤੇ ਖੇਤਰੀ ਦਬਦਬਾ ਕਾਇਮ ਕਰਨ ਵਿੱਚ ਮਦਦ ਮਿਲੇਗੀ।" ਏਐਚ-64ਈ ਦੀ ਮਦਦ ਨਾਲ ਭਾਰਤ ਨੂੰ ਆਪਣੀਆਂ ਹਥਿਆਰਬੰਦ ਸੈਨਾਵਾਂ ਦੇ ਆਧੁਨਿਕੀਕਰਨ ਵਿੱਚ ਵੀ ਮਦਦ ਮਿਲੇਗੀ। ਭਾਰਤ ਨੂੰ ਇਹ ਹੈਲੀਕਾਪਟਰ ਆਪਣੇ ਹਥਿਆਰਬੰਦ ਬਲਾਂ ਵਿੱਚ ਸਮੋਣ ਵਿੱਚ ਕੋਈ ਦਿੱਕਤ ਨਹੀਂ ਆਵੇਗੀ।"



ਉਂਜ ਪੈਂਟਾਗਨ ਨੇ ਕਿਹਾ ਕਿ ਇਸ ਸਾਜ਼ੋ-ਸਾਮਾਨ ਦੀ ਵਿਕਰੀ ਨਾਲ ਖੇਤਰ ਦੇ ਬੁਨਿਆਦੀ ਫੌਜੀ ਤਵਾਜ਼ਨ ਵਿੱਚ ਕੋਈ ਰੱਦੋਬਦਲ ਨਹੀਂ ਹੋਵੇਗੀ। ਇਸ ਸਾਜ਼ੋ-ਸਾਮਾਨ ਦੇ ਸੌਦੇ ਵਿੱਚ ਵਿੱਚ ਲੌਕਹੀਡ ਮਾਰਟਿਨ, ਜਨਰਲ ਇਲੈਕਟ੍ਰਿਕ ਅਤੇ ਰੇਥਿਓਨ ਜਿਹੀਆਂ ਮੋਹਰੀ ਕੰਪਨੀਆਂ ਸ਼ਾਮਲ ਹਨ। 2008 ਤੱਕ ਭਾਰਤ ਵੱਲੋਂ ਅਮਰੀਕਾ ਤੋਂ ਹਥਿਆਰ ਤੇ ਹੋਰ ਫ਼ੌਜੀ ਸ਼ਾਜ਼ੋ-ਸਾਮਾਨ ਦੀ ਖਰੀਦ ਨਾਂਮਾਤਰ ਹੀ ਸੀ ਜੋ ਹੁਣ ਵਧ ਕੇ 15 ਅਰਬ ਡਾਲਰ 'ਤੇ ਪਹੁੰਚ ਗਈ ਹੈ।




### ਐਮ ਪੀ ਬਿੱਟੂ ਨੂੰ ਵੀਡੀਓ ਧਮਕੀ ਦਾ ਮਾਮਲਾ

# ਸਿਖਸ ਫਾਰ ਜਸਟਿਸ ਬੁਲਟ ਨਹੀ ਬੈਲਟ ਦਾ ਹਾਮੀ

## 'ਰਿਫਰੈਂਡਮ 2020 ਮੁਹਿੰਮ ਪੂਰੀ ਤਰਾਂ ਲੋਕਤੰਤਰਿਕ'

**ਨਿਊਯਾਰਕ/ਹੁਸਨ ਲੜੋਆ ਬੰਗਾ :** ਭਾਰਤੀ ਸੰਸਦ ਦੇ ਕਾਂਗਰਸੀ ਮੈਂਬਰ ਰਵਨੀਤ ਸਿੰਘ ਬਿੱਟੂ ਵਲੋਂ ਲਗਾਏ ਗਏ ਦੋਸ਼ ਕਿ ਰਿਫਰੈਂਡਮ 2020 ਦੇ ਕਾਰਕੁੰਨਾਂ ਨੇ ਉਸ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਹੈ ਨੂੰ ਆਧਾਰਹੀਣ ਦਸਦਿਆਂ ਅਤੇ ਸਿਰੇ ਤੋਂ ਖਾਰਜ ਕਰਦਿਆਂ ਨਿਊਯਾਰਕ ਸਥਿਤ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ 10 ਜੂਨ ਦੇ ਵੀਡੀਓ ਸੰਦੇਸ਼ ਨੂੰ ਸਹੀ ਦਸਦਿਆਂ ਕਿਹਾ ਕਿ ਇਸ ਵਿਚ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਅਤੇ ਬਿੱਟੂ ਦੇ ਖਾਲਿਸਤਾਨ ਵਿਰੋਧੀ ਬਿਆਨਾਂ ਨੂੰ ਚੁਣੌਤੀ ਦਿੱਤੀ ਗਈ ਹੈ। ਪਰ ਇਸ ਸੰਦੇਸ਼ ਵਿਚ ਕੇਵਲ ਇਹੀ ਕਿਹਾ ਗਿਆ ਹੈ ਕਿ ਖਾਲਿਸਤਾਨ ਇਕ ਸਿਆਸੀ ਵਿਚਾਰਧਾਰਾ ਹੈ ਅਤੇ ਖਾਲਿਸਤਾਨ ਦੀ ਸਥਾਪਤੀ ਲਈ ਸਿੱਖਾਂ ਦੇ ਕਾਨੂੰਨੀ ਤੌਰ 'ਤੇ, ਸ਼ਾਂਤੀਪੂਰਨ ਅਤੇ ਜਮਹੂਰੀ ਸੰਘਰਸ਼ ਨੂੰ ਦਬਾਉਣ ਦੇ ਨਤੀਜਿਆਂ ਤੋਂ ਉਨ੍ਹਾਂ ਨੂੰ ਯਾਦ ਕਰਵਾਇਆ ਗਿਆ ਹੈ। ਸਿਖਸ ਫਾਰ ਜਸਟਿਸ ਅਨੁਸਾਰ ਬਿੱਟੂ ਵਲੋਂ ਗਲਤ ਨਾਮ ਦੇਣ ਦੇ ਨਤੀਜਿਆਂ ਬਾਰੇ ਦਸਿਆ ਗਿਆ ਹੈ ਕਿ ਇਸ ਵਿਚ ਇਹ ਵੀ ਸ਼ਾਮਿਲ ਹੈ ਕਿ ਕਿਵੇਂ ਪੰਜਾਬ ਨੂੰ 1990ਵਿਆਂ ਦੌਰਾਨ ਸੰਤਾਪ ਭੋਗਣਾ ਪਿਆ ਸੀ ਜਦੋਂ ਅਮਰਿੰਦਰ ਦਾ ਪੁਰਵਜ ਅਤੇ ਬਿੱਟੂ ਦੇ ਦਾਦਾ ਬਿਅੰਤ ਸਿੰਘ ਨੇ ਸਿੱਖਾਂ ਦੀ ਸਿਆਸੀ ਲਹਿਰ ਨੂੰ ਅੱਤਵਾਦ ਦਾ ਬਦਨਾਮੀ ਵਾਲਾ ਨਾਂਅ ਦਿੱਤਾ ਸੀ ਤੇ ਸਿੱਖਾਂ ਖਿਲਾਫ ਸੱਤਾਧਾਰੀਆਂ ਵਲੋਂ ਵਿਆਪਕ ਹਿੰਸਾ ਦਾ ਦੌਰ ਚਲਾਇਆ ਗਿਆ ਸੀ ਅਤੇ ਪੰਜਾਬ ਨੂੰ ਕਤਲੋਗਾਰਤ ਦੀ ਦਲਦਲ ਵਿਚ ਧਕ ਦਿੱਤਾ ਗਿਆ ਸੀ।

ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਿਖਸ ਫਾਰ ਜਸਟਿਸ ਯੂ ਐਨ ਚਾਰਟਰ ਤਹਿਤ ਜਮਹੂਰੀ ਤਰੀਕੇ ਨਾਲ ਵਖਰਾ ਸਿੱਖ ਰਾਜ ਖਾਲਿਸਤਾਨ ਸਥਾਪਿਤ ਕਰਨ ਲਈ ਪੰਜਾਬ ਵਿਚ ਆਜ਼ਾਦੀ ਰਿਫਰੈਂਡਮ ਕਰਵਾ ਰਹੀ ਹੈ। ਰਿਫਰੈਂਡਮ 2020 ਦੀ ਮੁਹਿੰਮ ਚਲਾਉਣ ਵਾਲੇ ਖਾਲਿਸਤਾਨ ਲਈ ਸ਼ਾਂਤੀਪੂਰਨ ਤਰੀਕੇ ਨਾਲ ਮੁਹਿੰਮ ਚਲਾ ਰਹੇ ਹਨ ਫਿਰ ਵੀ ਬਿੱਟੂ ਆਪਣੇ ਦਾਦੇ ਬਿਅੰਤ ਸਿੰਘ ਵਾਂਗ ਇਕ ਵਾਰ ਫਿਰ ਵੱਖਵਾਦੀਆਂ ਨੂੰ ਅੱਤਵਾਦੀ ਗਰਦਾਨਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕੈਨੇਡਾ ਅਤੇ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿ ਜੋ ਕਿ ਇਕ ਸਿਆਸੀ ਵਿਚਾਰਧਾਰਾ ਦੀ ਪੈਰਵਾਈ ਕਰਦਿਆਂ ਕੇਵਲ ਆਪਣੇ ਵਿਚਾਰਾਂ ਦੀ ਆਜ਼ਾਦੀ ਦੇ ਅਧਿਕਾਰਾਂ ਦੀ ਵਰਤੋਂ ਕਰ ਰਹੇ ਹਨ ਅਤੇ ਭਾਰਤ ਵਿਚ ਸਿਖਾਂ ਵਲੋਂ ਹੰਢਾਏ ਨਸਲਕੁਸ਼ੀ ਦੇ ਸੰਤਾਪ ਬਾਰੇ ਜਾਗਰੂਕਤਾ ਫੈਲਾ ਰਹੇ ਹਨ। ਬਾਵਜੂਦ ਇਸ ਦੇ ਕਿ ਸਿਖਸ ਫਾਰ ਜਸਟਿਸ ਖਾਲਿਸਤਾਨ ਲਈ ਪੰਜਾਬ ਵਿਚ ਵੋਟ ਦੀ ਮੰਗ ਕੌਮਾਂਤਰੀ ਕਾਨੂੰਨਾਂ ਦੀ ਪਾਲਣਾ ਕਰਦਿਆਂ ਅਤੇ ਜਮਹੂਰੀ ਤਰੀਕੇ ਨਾਲ ਕਰ ਰਹੀ ਹੈ ਫਿਰ ਵੀ ਕੈਪਟਨ ਸਰਕਾਰ ਨੇ ਪੰਜਾਬ ਵਿਚ "ਰਿਫਰੈਂਡਮ 2020" ਦੇ ਕਾਰਕੁੰਨਾਂ ਖਿਲਾਫ ਦਹਿਸ਼ਤ ਦਾ ਦੌਰ ਚਲਾਇਆ ਹੋਇਆ ਹੈ।

ਅਟਾਰਨੀ ਪੰਨੂ ਨੇ ਕਿਹਾ ਕਿ ਕਿਸੇ ਵੀ ਕਾਨੂੰਨੀ ਪ੍ਰਕ੍ਰਿਆ ਨੂੰ ਸਾਬੋਤਾਜ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਉਸੇ ਤਰੀਕੇ ਨਾਲ ਜਵਾਬ ਦਿੱਤਾ ਜਾਵੇਗਾ ਅਤੇ ਸਾਲ 2020 ਵਿਚ ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਵੋਟ ਨੂੰ ਕੋਈ ਵੀ ਨਹੀਂ ਰੋਕ ਸਕਦਾ।

# ਗ੍ਰਹਿ ਮੰਤਰੀ ਦੇ ਭਰੋਸੇ ਤੋਂ ਬਾਅਦ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰਹੇ ਸਿੱਖਾਂ ਨੂੰ ਮੁਆਵਜ਼ਾ ਮਿਲਣ ਦੀ ਆਸ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਜੋਧਪੁਰ ਦੇ ਨਜ਼ਰਬੰਦ ਸਿੱਖਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਭਰੋਸੇ ਮਗਰੋਂ ਰਾਹਤ ਮਿਲੀ ਹੈ। ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਸੀਬੀਆਈ ਵੱਲੋਂ ਦਾਇਰ ਪਟੀਸ਼ਨ ਵਾਪਸ ਲੈ ਲਈ ਜਾਵੇਗੀ। ਇਸ ਐਲਾਨ ਨਾਲ 40 ਸਿੱਖਾਂ ਨੂੰ ਮੁੜ ਮੁਆਵਜ਼ਾ ਮਿਲਣ ਦੀ ਆਸ ਬੱਝੀ ਹੈ। ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੋਧਪੁਰ ਜੇਲ੍ਹ ਦੇ ਕੈਦੀਆਂ ਨੂੰ ਪਹਿਲਾਂ ਦਿੱਤੀਆਂ ਸਹੂਲਤਾਂ ਬਹਾਲ ਰੱਖਦਿਆਂ ਇਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇਸ ਮਾਮਲੇ ਨੂੰ ਲੈ ਕੇ



ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਜੋਧਪੁਰ ਵਿੱਚ ਨਜ਼ਰਬੰਦ ਸਿੱਖਾਂ ਬਾਰੇ ਵਫ਼ਦ ਸਣੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਦੇ ਹੋਏ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠ ਇਕ ਵਫ਼ਦ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਿਆ, ਜਿਨ੍ਹਾਂ ਨੇ ਭਰੋਸਾ ਦਿੱਤਾ ਕਿ ਨਜ਼ਰਬੰਦ ਸਿੱਖਾਂ ਨਾਲ ਨਿਆਂ ਕੀਤਾ ਜਾਵੇਗਾ। ਵਫਦ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਐਡਵੋਕੇਟ ਬੀਐਸ ਸਿਆਲਕਾ ਵੀ ਸ਼ਾਮਲ ਸਨ। ਸਿਆਲਕਾ ਨੇ ਜੋਧਪੁਰ ਨਜ਼ਰਬੰਦਾਂ ਲਈ ਮੁਫਤ ਕੇਸ ਲੜਿਆ ਸੀ। ਇਸ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਨੇ ਡਾਂਗਮਾਰ ਗੁਰਦੁਆਰੇ 'ਤੇ ਕੀਤੇ ਜਾ ਰਹੇ ਨਜਾਇਜ਼ ਕਬਜ਼ੇ ਨੂੰ ਰੋਕਣ, ਸਜ਼ਾਵਾਂ ਭੁਗਤ ਚੁੱਕੇ ਅਤੇ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਅਤੇ ਸ਼ਿਲਾਂਗ ਵਿਚ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਦਾ ਭਰੋਸਾ ਵੀ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਕੇਂਦਰੀ ਗ੍ਰਹਿ ਮੰਤਰੀ ਵਲੋਂ ਦਿੱਤੇ ਗਏ ਭਰੋਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਸ ਵੇਲੇ 325 ਸਿੱਖ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚੋਂ ਗ੍ਰਿਫ਼ਤਾਰ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ ਸੀ।

ਬਾਕੀ ਸਫ਼ਾ 28 'ਤੇ

## ਹੇਮਕੁੰਟ ਸਾਹਿਬ ਯਾਤਰਾ 'ਤੇ ਜਾ ਰਹੀਆਂ ਸਿੱਖ ਸੰਗਤਾਂ ਦੀਆਂ ਗੱਡੀਆਂ ਤੋਂ ਪੁਲਿਸ ਨੇ ਜ਼ਬਰਨ ਉਤਾਰੇ ਨਿਸ਼ਾਨ ਸਾਹਿਬ

**ਰਿਸ਼ੀਕੇਸ਼ (ਉਤਰਾਖੰਡ)/ਸਿੱਖ ਸਿਆਸਤ ਬਿਊਰੋ**, ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਨੂੰ ਜਾ ਰਹੇ ਸਿੱਖ ਯਾਤਰੀਆਂ ਦੀਆਂ ਗੱਡੀਆਂ, ਮੋਟਰਸਾਈਕਲਾਂ ਉਤੇ ਲੱਗੇ ਨਿਸ਼ਾਨ ਸਾਹਿਬ ਨੂੰ ਉਤਰਾਖੰਡ ਪੁਲਿਸ ਜ਼ਬਰਨ ਉਤਾਰ ਰਹੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ



ਵੀਡੀਓ ਵਿਚ ਉਤਰਾਖੰਡ ਦਾ ਇਕ ਪੁਲਿਸ ਅਫਸਰ ਆਪਣੇ ਹੋਰ ਮੁਲਾਜ਼ਮਾਂ ਨਾਲ ਦੋਪਹੀਆ (ਮੋਟਰ ਸਾਈਕਲਾਂ/ਸਕੂਟਰਾਂ) ਅਤੇ ਚਾਰਪਹੀਆਂ (ਕਾਰਾਂ/ਜੀਪਾਂ) ਗੱਡੀਆਂ ਉੱਤੋਂ ਨਿਸ਼ਾਨ ਸਾਹਿਬ ਜ਼ਬਰਨ ਉਤਾਰ ਰਿਹਾ ਹੈ। ਜਦੋਂ ਇਸ ਸਬੰਧੀ ਸਿੱਖ ਯਾਤਰੀਆਂ ਵਲੋਂ ਉਸ ਪੁਲਿਸ ਅਧਿਕਾਰੀ ਨੂੰ ਪੁੱਛਿਆ ਗਿਆ ਕਿ ਨਿਸ਼ਾਨ ਸਾਹਿਬ ਕਿਉਂ ਉਤਾਰੇ ਜਾ ਰਹੇ ਹਨ ਤਾਂ ਉਹ ਅਫਸਰ ਕੋਈ ਜਵਾਬ ਨਾ ਦੇ ਸਕਿਆ ਤੇ ਸਿਰਫ ਇਹ ਕਹਿ ਕੇ ਨਿਸ਼ਾਨ ਸਾਹਿਬ ਉਤਾਰਦਾ ਰਿਹਾ ਕਿ ਇਹ ਲਾਉਣ ਦੀ ਆਗਿਆ ਨਹੀਂ ਹੈ। ਉਹ ਇਸ ਸਬੰਧੀ ਕੋਈ ਲਿਖਤੀ ਹੁਕਮ ਵੀ ਨਹੀਂ ਦਿਖਾ ਸਕਿਆ। ਗੌਰਤਲਬ ਹੈ ਕਿ ਉਤਰਾਖੰਡ ਸੂਬੇ ਵਿਚ ਹਿੰਦੂਤਵ ਪੱਖੀ ਪਾਰਟੀ ਭਾਜਪਾ ਦੀ ਸਰਕਾਰ ਹੈ।


Global Solution for Transportation
GLOBAL SOLUTION FOR TRANSPORTATION GLOBAL
Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ
Call For Our Special Promotion -
All Permits For $99.00 only, Before March 31, 2018 For A New Company
(condition apply)


Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568


GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਭਾਰਤੀ ਵਿਦਿਆਰਥੀਆਂ ਦਾ ਬਰਤਾਨੀਆ ਜਾਣਾ ਹੋਵੇਗਾ ਮੁਸ਼ਕਲ

**ਲੰਡਨ/ਬਿਊਰੋ ਨਿਊਜ਼ :** ਬ੍ਰਿਟੇਨ ਸਰਕਾਰ ਨੇ ਮੁਲਕ ਦੀਆਂ ਯੂਨੀਵਰਸਿਟੀਆਂ 'ਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਬਣਾਈ ਨਵੀਂ ਸੂਚੀ 'ਚੋਂ ਭਾਰਤੀ ਵਿਦਿਆਰਥੀਆਂ ਨੂੰ ਵੱਖ ਕਰ ਦਿੱਤਾ ਹੈ। ਸਰਕਾਰ ਦੇ ਇਸ ਫ਼ੈਸਲੇ ਦੀ ਤਿੱਖੀ ਨੁਕਤਾਚੀਨੀ



ਹੋ ਰਹੀ ਹੈ। ਮੁਲਕ ਦੀ ਇਮੀਗਰੇਸ਼ਨ ਨੀਤੀ 'ਚ ਬਦਲਾਅ ਨੂੰ ਸੰਸਦ 'ਚ ਪੇਸ਼ ਕੀਤਾ ਗਿਆ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਕਰੀਬੀ 25 ਮੁਲਕਾਂ ਦੇ ਵਿਦਿਆਰਥੀਆਂ ਲਈ ਟਿਅਰ-4 ਵੀਜ਼ਾ ਵਰਗ 'ਚ ਢਿੱਲ ਦਾ ਐਲਾਨ ਕੀਤਾ ਹੈ। ਇਸ ਸੂਚੀ 'ਚ ਅਮਰੀਕਾ, ਕੈਨੇਡਾ ਅਤੇ ਨਿਊਜ਼ੀਲੈਂਡ ਵਰਗੇ ਮੁਲਕ ਪਹਿਲਾਂ ਤੋਂ ਹੀ ਸ਼ਾਮਲ ਸਨ। ਹੁਣ ਚੀਨ, ਬਹਿਰੀਨ ਅਤੇ ਸਰਬੀਆ ਨੂੰ ਇਸ 'ਚ ਸ਼ਾਮਲ ਕੀਤਾ ਗਿਆ ਹੈ।ਇਨ੍ਹਾਂ ਮੁਲਕਾਂ ਦੇ ਵਿਦਿਆਰਥੀਆਂ ਨੂੰ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ 'ਚ ਦਾਖ਼ਲੇ ਲਈ ਸਿੱਖਿਆ, ਵਿੱਤ ਅਤੇ ਅੰਗਰੇਜ਼ੀ ਭਾਸ਼ਾ ਜਿਹੇ ਮਾਪਦੰਡਾਂ 'ਚੋਂ ਗੁਜ਼ਰਨਾ ਪਏਗਾ। ਇਹ ਬਦਲਾਅ 6 ਜੁਲਾਈ ਤੋਂ ਲਾਗੂ ਹੋਣਗੇ।

ਉਧਰ ਇੰਮੀਗਰੇਸ਼ਨ ਨੀਤੀ 'ਚ ਬਦਲਾਅ ਵਾਸਤੇ ਯੂਕੇ ਸਰਕਾਰ ਨੇ ਸੰਸਦ 'ਚ ਇੰਮੀਗਰੇਸ਼ਨ ਨੀਤੀ 'ਚ ਬਦਲਾਅ ਦੀ ਤਜਵੀਜ਼ ਰੱਖੀ ਹੈ। ਇਸ ਤਹਿਤ ਭਾਰਤ ਵਰਗੇ ਮੁਲਕਾਂ ਤੋਂ ਮਾਹਿਰਾਂ ਨੂੰ ਮਿਲਦੇ ਸਖ਼ਤ ਵੀਜ਼ਾ ਕੋਟੇ 'ਤੇ ਨਜ਼ਰਸਾਨੀ ਵੀ ਸ਼ਾਮਲ ਹੈ। ਸਰਕਾਰ ਨੇ ਕਿਹਾ ਹੈ ਕਿ ਉਹ ਆਜ਼ਾਦ ਮਾਈਗਰੇਸ਼ਨ ਸਲਾਹਕਾਰ ਕਮੇਟੀ ਨੂੰ ਨਜ਼ਰਸਾਨੀ ਕਰਨ ਬਾਰੇ ਆਖੇਗੀ।

## ਈਬੀ-2 ਵਰਗ 'ਚ ਗਰੀਨ ਕਾਰਡ ਲਈ ਕਰਨੀ ਪੈ ਸਕਦੀ ਹੈ ਡੇਢ ਸੌ ਸਾਲ ਦੀ ਉਡੀਕ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਜਿਹੜੇ ਭਾਰਤੀਆਂ ਕੋਲ ਐਡਵਾਂਸਡ ਡਿਗਰੀਆਂ ਹਨ, ਉਨ੍ਹਾਂ ਨੂੰ ਅਮਰੀਕਾ ਦਾ ਗ੍ਰੀਨ ਕਾਰਡ ਲੈਣ ਲਈ 150 ਸਾਲ ਤੋਂ ਵੱਧ ਸਮੇਂ ਲਈ ਉਡੀਕ ਕਰਨੀ ਪੈ ਸਕਦੀ ਹੈ। ਵਾਸ਼ਿੰਗਟਨ ਆਧਾਰਿਤ ਕੈਟੋ ਇੰਸਟੀਚਿਊਟ ਨੇ ਗ੍ਰੀਨ ਕਾਰਡ ਦੀ ਉਡੀਕ ਵਕਫ਼ੇ ਬਾਰੇ ਨਵੀਆਂ ਗਿਣਤੀਆਂ-ਮਿਣਤੀਆਂ ਕੀਤੀਆਂ ਹਨ। ਇਹ ਗਿਣਤੀ-ਮਿਣਤੀ 2017 'ਚ ਜਾਰੀ ਕੀਤੇ ਗਏ ਗ੍ਰੀਨ ਕਾਰਡਾਂ ਦੀ ਗਿਣਤੀ 'ਤੇ ਆਧਾਰਿਤ ਹੈ। ਮੌਜੂਦਾ ਸਾਲ 'ਚ 20 ਅਪਰੈਲ ਤਕ 632219 ਭਾਰਤੀ ਪਰਵਾਸੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਛੋਟੇ ਬੱਚੇ ਗ੍ਰੀਨ ਕਾਰਡ ਦੀ ਉਡੀਕ 'ਚ ਸਨ। ਰੁਜ਼ਗਾਰ ਆਧਾਰਿਤ ਈਬੀ-1 ਪਰਵਾਸੀਆਂ ਨੂੰ ਸਭ ਤੋਂ ਘੱਟ ਸਮੇਂ ਸਿਰਫ਼ ਛੇ ਸਾਲਾਂ ਲਈ ਗ੍ਰੀਨ ਕਾਰਡ ਦੀ ਉਡੀਕ ਕਰਨੀ ਪੈਂਦੀ ਹੈ। ਈਬੀ-1 ਵਰਗ 'ਚ 34824 ਭਾਰਤੀ ਅਰਜ਼ੀਕਾਰ ਹਨ। ਈਬੀ-2 ਵਰਕਰਾਂ ਦਾ ਸਭ ਤੋਂ ਜ਼ਿਆਦਾ ਬੈਕਲਾਗ ਹੈ ਅਤੇ ਕੈਟੋ ਇੰਸਟੀਚਿਊਟ ਮੁਤਾਬਕ ਵੀਜ਼ੇ ਜਾਰੀ ਕਰਨ ਦੀ ਮੌਜੂਦਾ ਦਰ ਨੂੰ ਦੇਖਦਿਆਂ ਉਨ੍ਹਾਂ ਨੂੰ ਗ੍ਰੀਨ ਕਾਰਡ ਲਈ 151 ਸਾਲਾਂ ਦੀ ਉਡੀਕ ਕਰਨੀ ਪੈ ਸਕਦੀ ਹੈ। ਇੰਸਟੀਚਿਊਟ ਮੁਤਾਬਕ ਜੇਕਰ ਕਾਨੂੰਨ ਨਾ ਬਦਲਿਆ ਤਾਂ ਉਸ ਸਮੇਂ ਤਕ ਪਰਵਾਸੀਆਂ ਦੀ ਮੌਤ ਹੋ ਚੁੱਕੀ ਹੋਵੇਗੀ ਜਾਂ ਉਹ ਮੁਲਕ ਛੱਡ ਜਾਣਗੇ। ਈਬੀ-2 ਵਰਗ 'ਚ 216684 ਭਾਰਤੀ ਅਰਜ਼ੀਕਾਰ ਹਨ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਬੱਚਿਆਂ ਨੂੰ ਜੇਕਰ ਜੋੜ ਲਿਆ ਜਾਵੇ ਤਾਂ ਇਹ ਗਿਣਤੀ 433368 ਹੋ ਜਾਂਦੀ ਹੈ।

# ਡੇਰਾ ਸਾਹਿਬ ਵਿਖੇ ਮਨਾਇਆ ਗਿਆ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ




**ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਮਨਾਏ ਸ਼ਹੀਦੀ ਪੁਰਬ ਸਮਾਗਮ ਦੌਰਾਨ ਔਕਾਫ ਬੋਰਡ ਦੇ ਆਗੂਆਂ ਨੂੰ ਸਨਮਾਨਦੇ ਹੋਏ ਪ੍ਰਬੰਧਕ।**

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚੱਲਦਿਆਂ ਇਸ ਵਾਰ ਵੀ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਦੋ ਵਾਰ ਮਨਾਇਆ ਜਾ ਗਿਆ ਹੈ। ਪਾਕਿਸਤਾਨ ਦੇ ਸ਼ਹਿਰ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਪੰਜਵੇਂ ਗੁਰੂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਭਾਰਤ ਤੋਂ ਵੀ ਸਿੱਖ ਸ਼ਰਧਾਲੂ ਸ਼ਾਮਲ ਹੋਏ।

ਇਸ ਮੌਕੇ ਖਾਲਿਸਤਾਨ ਪੱਖੀ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਲਈ ਨਾਅਰੇਬਾਜ਼ੀ ਵੀ ਕੀਤੀ ਗਈ।

ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸ਼ਹੀਦੀ ਪੁਰਬ ਸਬੰਧੀ ਰੱਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਹੁਕਮਨਾਮਾ ਲਿਆ ਗਿਆ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਆਗੂਆਂ ਅਤੇ ਪਾਕਿਸਤਾਨ ਔਕਾਫ਼ ਬੋਰਡ ਦੇ ਆਗੂਆਂ ਸਮੇਤ ਭਾਰਤ ਤੋਂ ਗਏ ਸਿੱਖ ਸ਼ਰਧਾਲੂਆਂ ਦਾ ਜਥਾ ਅਤੇ ਪਾਕਿਸਤਾਨੀ ਸਿੱਖ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਦੌਰਾਨ ਸਿੱਖ ਆਗੂਆਂ ਨੇ ਮੰਗ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਪਾਕਿਸਤਾਨ ਵਿਚਲੇ ਦੋ ਗੁਰਦੁਆਰੇ ਸੰਗਤ ਦੇ ਦਰਸ਼ਨਾਂ ਲਈ ਖੋਲ੍ਹੇ ਜਾਣ। ਇਨ੍ਹਾਂ ਵਿੱਚੋਂ ਇੱਕ ਗੁਰਦੁਆਰਾ ਚੰਦੂ ਦੀ ਹਵੇਲੀ, ਜਿੱਥੇ ਸ਼ਹਾਦਤ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਰੱਖਿਆ ਗਿਆ ਸੀ ਅਤੇ ਇੱਕ ਗੁਰਦੁਆਰਾ ਜਿਥੇ ਉਨ੍ਹਾਂ ਆਪਣੀ ਰਚਨਾ ਦਾ ਉਚਾਰਨ ਕੀਤਾ ਸੀ, ਸ਼ਾਮਲ ਹੈ। ਇਸ ਦੌਰਾਨ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦੀ ਮੰਗ ਨੂੰ ਵੀ ਉਭਾਰਿਆ ਗਿਆ। ਪੀਜੀਪੀਸੀ ਦੇ ਪ੍ਰਧਾਨ ਤਾਰਾ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਰਮੇਸ਼ ਸਿੰਘ, ਗੋਪਾਲ ਸਿੰਘ ਚਾਵਲਾ, ਔਕਾਫ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ, ਵਧੀਕ ਸਕੱਤਰ ਇਮਰਾਨ ਗੌਂਧਲ ਨੇ ਸੰਬੋਧਨ ਕੀਤਾ। ਪਾਕਿਸਤਾਨੀ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨੇ ਭਾਰਤ ਤੋਂ ਗਏ ਸ਼ਰਧਾਲੂਆਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਹੈ ਅਤੇ ਭਵਿੱਖ ਵਿੱਚ ਜਾਰੀ ਰਹੇਗੀ। ਉਨ੍ਹਾਂ ਆਖਿਆ ਕਿ ਕੈਲੰਡਰ ਵਿੱਚ ਸੋਧ ਮਗਰੋਂ ਹਰ ਵਾਰ ਸ਼ਹੀਦੀ ਪੁਰਬ ਦੀ ਤਰੀਕ ਬਦਲ ਜਾਂਦੀ ਹੈ ਜਦੋਂਕਿ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਤਰੀਕ 16 ਜੂਨ ਪੱਕੇ ਤੌਰ ਉੱਤੇ ਨਿਰਧਾਰਤ ਹੈ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਕੀਤੀ ਗਈ। ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਉੱਤੇ ਗਿਆ ਜੱਥਾ ਭਲਕੇ ਪਰਤ ਆਵੇਗਾ। ਇਥੇ ਦੱਸਣਯੋਗ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਵਲੋਂ ਇਹ ਸ਼ਹੀਦੀ ਪੁਰਬ ਸੋਧੇ ਹੋਏ ਕੈਲੰਡਰ ਮੁਤਾਬਕ 17 ਜੂਨ ਨੂੰ ਮਨਾਇਆ ਜਾ ਰਿਹਾ ਹੈ।

## ਭਿਆਨਕ ਅੱਗ ਲੱਗਣ ਨਾਲ ਤਬਾਹ ਹੋਇਆ ਗਲਾਸਗੋ ਸਕੂਲ ਆਫ਼ ਆਰਟ

**ਲੰਡਨ/ਬਿਊਰੋ ਨਿਊਜ਼ :** ਸਕਾਟਲੈਂਡ ਦੀਆਂ ਪੁਰਾਤਨ ਇਮਾਰਤਾਂ 'ਚੋਂ ਇਕ ਗਲਾਸਗੋ ਸਕੂਲ ਆਫ਼ ਆਰਟ ਅੱਗ 'ਚ ਤਬਾਹ ਹੋ ਗਈ। ਕਰੀਬ ਚਾਰ ਸਾਲ ਪਹਿਲਾਂ ਲੱਗੀ ਅੱਗ 'ਚ ਇਮਾਰਤ ਨੂੰ ਅੰਸ਼ਕ ਨੁਕਸਾਨ ਪਹੁੰਚਿਆ ਸੀ। ਨੇੜਲੀਆਂ ਇਮਾਰਤਾਂ 'ਚ ਅੱਗ ਫੈਲਣ ਤੋਂ ਰੋਕਣ ਲਈ ਮੌਕੇ 'ਤੇ 20 ਅੱਗ ਬੁਝਾਊ ਗੱਡੀਆਂ ਅਤੇ ਅਮਲੇ ਦੇ 120 ਮੈਂਬਰ ਭੇਜੇ ਗਏ। ਇਮਾਰਤ ਦਾ ਡਿਜ਼ਾਈਨ ਮਸ਼ਹੂਰ ਆਰਕੀਟੈਕਟ ਚਾਰਲਸ ਰੇਨੀ ਮੈਕਿਨਟੋਸ਼ ਨੇ ਤਿਆਰ ਕੀਤਾ ਸੀ। ਅੱਗ ਕਾਰਨ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਮਈ 2014 'ਚ ਅੱਗ ਲੱਗਣ ਮਗਰੋਂ ਇਮਾਰਤ ਨੂੰ ਮੁੜ ਤੋਂ ਤਿਆਰ ਕੀਤਾ ਜਾ ਰਿਹਾ ਸੀ ਅਤੇ ਇਸ ਨੂੰ ਅਗਲੇ ਸਾਲ ਖੋਲ੍ਹਿਆ ਜਾਣਾ ਸੀ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route

• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
Phone: (209) 242-9569, (209) 564-8899, (209) 345-6968
2101 MARTIN LUTHER KING JR WAY STOCKTON, CA 95205

# ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਪਿੱਛੇ ਡਰਾਮਾ ਹੈ ਜਾਂ ਸੱਚਾਈ !

**• ਬੁੱਧੀਜੀਵੀ ਤੇ ਪੱਤਰਕਾਰ ਨਹੀਂ ਕਰ ਰਹੇ ਵਿਸ਼ਵਾਸ • ਬਾਬਾ ਸਾਹਿਬ ਅੰਬੇਡਕਰ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਨੂੰ ਵੀ ਝੂਠੇ ਦੋਸ਼ਾਂ ’ਚ ਫਸਾਉਣ ਦੀਆਂ ਕੀਤੀਆਂ ਜਾ ਰਹੀਆਂ ਨੇ ਤਿਆਰੀਆਂ**

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭੀਮਾ ਕੋਰੇਗਾਂਵ ਹਿੰਸਾ ਮਾਮਲੇ ਦੀ ਜਾਂਚ ਵਿਚ ਜਦ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਥਿਤ ਹੱਤਿਆ ਦੀ ਸਾਜ਼ਿਸ਼ ਦਾ ਪਤਾ ਚੱਲਿਆ ਹੈ ਤਦ ਤੋਂ ਸ਼ੋਸ਼ਲ ਮੀਡੀਆ ’ਤੇ ਸਲਮਾਨ ਖ਼ਾਨ ਦੀ ਫ਼ਿਲਮ “ਤੁਮ ਕੋ ਨਾ ਭੂਲ ਪਾਏਂਗੇ ” ਦਾ ਇਕ ਸੀਨ ਖ਼ੂਬ ਸ਼ੇਅਰ ਕੀਤਾ ਜਾ ਰਿਹਾ ਹੈ, ਇਸ ਵਿਚ ਕਲਾਕਾਰ ਸਦਾਸ਼ਿਵ ਉਮਰਾਪੁਰਕਰ, ਸਲਮਾਨ ਨੂੰ ਕਹਿ ਰਹੇ ਹਨ ਕਿ ਜਨਤਾ ਵਿਚ ਉਨ੍ਹਾਂ ਦੀ ਪਾਰਟੀ ਦਾ ਅਕਸ ਖਰਾਬ ਹੈ। ਇਸ ਲਈ ਉਸ ਦੇ ਪ੍ਰਤੀ ਹਮਦਰਦੀ ਵਧਾਉਣ ਦੇ ਲਈ ਉਨ੍ਹਾਂ ਦੀ ਹੱਤਿਆ ਦਾ ਨਾਟਕ ਕੀਤਾ ਜਾਵੇ। ਇਸ ਵੀਡੀਓ ਦੇ ਬਹਾਨੇ ਲੋਕ ਸ਼ੋਸ਼ਲ ਮੀਡੀਆ ’ਤੇ ਕਹਿ ਰਹੇ ਹਨ ਕਿ ਅਗਲੀਆਂ ਚੋਣਾਂ ਨੂੰ ਦੇਖਦੇ ਹੋਏ ਭਾਜਪਾ ਤੇ ਸਰਕਾਰ ਨੇ ਇਹ ਕਹਾਣੀ ਘੜੀ ਹੈ ਕਿ ਭੀਮਾ ਕੋਰੇਗਾਂਵ ਦੀ ਹਿੰਸਾ ਵਿਚ ਸ਼ਾਮਲ ਮਾਓਵਾਦੀ ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਹਨ।
ਕਾਂਗਰਸ ਦੇ ਸੰਜੇ ਨਿਰੁਪਮ ਤੋਂ ਲੈ ਕੇ ਐਨਸੀਪੀ ਮੁਖੀ ਸ਼ਰਦ ਪਵਾਰ ਤੱਕ ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਮਾਮਲੇ ਵਿਚ ਹੋਈਆਂ ਗ੍ਰਿਫ਼ਤਾਰੀਆਂ ਨੂੰ ਲੈ ਕੇ ਕੇਂਦਰ ਤੇ ਰਾਜ ਸਰਕਾਰ ਦੀ ਮਾਨਸਿਕਤਾ ’ਤੇ ਸੁਆਲ ਖੜਾ ਕੀਤਾ ਹੈ। ਸਰਕਾਰ ਤੇ ਭਾਜਪਾ ਦੇ ਲੋਕ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਦੇ ਕਤਲ ਦੀ ਸਾਜ਼ਿਸ਼ ਨੂੰ ਕਿਸੇ ਵੀ ਤਰ੍ਹਾਂ ਹਲਕੇ ਵਿਚ ਨਹੀਂ ਲਿਆ ਜਾ ਸਕਦਾ। ਪਰ ਬਤੌਰ ਰਾਜਨੇਤਾ ਨਰਿੰਦਰ ਮੋਦੀ ਦੇ ਕਤਲ ਬਾਰੇ ਸਾਜ਼ਿਸ਼ਾਂ ਰਚਨ ਦਾ ਇਤਿਹਾਸ ਆਲੋਚਕਾਂ ਨੂੰ ਸੁਆਲ ਖੜੇ ਕਰਨ ਦਾ ਮੌਕਾ ਦਿੰਦਾ ਹੈ। 2001 ਦੌਰਾਨ ਉਨ੍ਹਾਂ ਦੇ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਲੈ ਕੇ ਹੁਣ ਤੱਕ ਕਈ ਮੌਕੇ ਆਏ ਹਨ, ਜਦ ਅਚਾਨਕ ਕਿਸੇ ਮਾਮਲੇ ਵਿਚ ਉਨ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਦੀ ਗੱਲ ਸਾਹਮਣੇ ਆਉਂਦੀ ਹੈ। ਕਦੇ ਕਿਸੇ ਸ਼ੱਕੀ ਅੱਤਵਾਦੀ ਦੀ ਗ੍ਰਿਫ਼ਤਾਰੀ ਦੇ ਬਾਅਦ ਪੁਲੀਸ ਦਾਅਵਾ ਕਰਦੀ ਹੈ ਕਿ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਹੋ ਰਹੀ ਹੈ ਤੇ ਕਦੇ ਭਾਜਪਾ ਦਾ ਕੋਈ ਨੇਤਾ ਜਾਂ ਜਾਣਿਆ ਪਛਾਣਿਆ ਸਮਰਥਕ ਹੀ ਉਨ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਗੱਲ ਕਰਦਾ ਹੈ ਪਰ ਉਹ ਅਜੇ ਤੱਕ ਸਿੱਧ ਨਹੀਂ ਕਰ ਸਕੇ ਕਿ ਇਹ ਘਟਨਾਵਾਂ ਸਹੀ ਹਨ।
ਸੰਨ 2009 : ਫੋਨ ਕਾਲ ਦੇ ਰਾਹੀਂ ਹੱਤਿਆ ਦਾ ਪਤਾ ਲੱਗਾ : ਅਕਤੂਬਰ 2009 ਦੀ ਇਕ ਰਿਪੋਰਟ ਦੇ ਮੁਤਾਬਕ ਅਹਿਮਦਾਬਾਦ ਪੁਲੀਸ ਦੀ ਅਪਰਾਧ ਸ਼ਾਖਾ ਨੇ ਨਰਿੰਦਰ ਮੋਦੀ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਵਿਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਮੋਦੀ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ। ਦੱਸਿਆ ਗਿਆ ਹੈ ਕਿ ਦੋਸ਼ੀਆਂ ਨੇ ਪੁਲੀਸ ਕੰਟਰੋਲ ਰੂਮ ਨੂੰ ਫੋਨ ਕਰਕੇ ਨਰਿੰਦਰ ਮੋਦੀ ਦੀ ਹੱਤਿਆ ਬਾਰੇ ਧਮਕੀ ਦਿੱਤੀ। ਉਨ੍ਹਾਂ ਦੇ ਇਲਾਵਾ ਉਸ ਸਮੇਂ ਗੁਜਰਾਤ ਦੇ ਇਕ ਆਈਪੀਐਸ ਦੇ ਅਧਿਕਾਰੀ ਦੀ ਹੱਤਿਆ ਦੀ ਸਾਜ਼ਿਸ਼ ਦਾ ਦਾਅਵਾ ਕੀਤਾ ਗਿਆ ਸੀ। ਪੁਲੀਸ ਨੇ ਦੋ ਸ਼ੱਕੀਆਂ ਦੀ ਗ੍ਰਿਫ਼ਤਾਰੀ ਬਾਰੇ ਪੁਸ਼ਟੀ ਵੀ ਕੀਤੀ ਸੀ। ਪਰ ਬਾਕੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ।
ਸੰਨ 2010 : ਲਸ਼ਕਰੇ ਤੋਇਬਾ ਨੇ ਹੱਤਿਆ ਦੀ ਸਾਜ਼ਿਸ਼ ਰਚੀ : ਦਸੰਬਰ 2010 ਵਿਚ ਵੀ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਦਾ ਪਤਾ ਚੱਲਿਆ ਸੀ। ਇਕ ਅਮਰੀਕੀ ਰਾਜਦੂਤ ਦੇ ਹਵਾਲੇ ਨਾਲ ਟਾਈਮਜ਼ ਆਫ ਇੰਡੀਆ ਨੇ ਦੱਸਿਆ ਕਿ ਅੱਤਵਾਦੀ ਸੰਗਠਨ ਲਸ਼ਕਰੇ ਤੋਇਬਾ ਨੇ ਮੋਦੀ ਦੀ ਹੱਤਿਆ ਬਾਰੇ ਯੋਜਨਾ ਬਣਾਈ ਸੀ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੀ ਜੂਨ 2009 ਦੀ ਰਿਪੋਰਟ ਦੇ ਹਵਾਲੇ ਨਾਲ ਵਿਕੀਲੀਕਸ ਨੇ ਰਿਪੋਰਟ ਦਿੱਤੀ ਸੀ ਕਿ ਲਸ਼ਕਰ ਦੱਖਣ ਭਾਰਤ ’ਤੇ ਵੱਡੇ ਹਮਲੇ ਤੇ ਮੋਦੀ ਹੱਤਿਆ ਦੀ ਸਾਜ਼ਿਸ਼ ਰਚ ਰਿਹਾ ਹੈ। ਹਾਲਾਂਕਿ ਅਮਰੀਕਾ ਨੇ ਰਿਪੋਰਟ ਨੂੰ ਨਾ ਤਾਂ ਖਾਰਜ ਕੀਤਾ ਹੈ ਤੇ ਨਾ ਹੀ ਉਸ ਦੀ ਪੁਸ਼ਟੀ ਕੀਤੀ ਹੈ।
ਸੰਨ 2013 : ਹੱਤਿਆਂ ਦੀਆਂ ਤਿੰਨ ਸਾਜ਼ਿਸ਼ਾਂ ਦਾ ਪਤਾ ਚੱਲਿਆ : ਅਪ੍ਰੈਲ 2013 ਵਿਚ ਜਾਣੀ ਪਛਾਣੀ ਪੱਤਰਾਕਰ ਮਧੂ ਕਿਸ਼ਵਰ ਨੇ ਕਿਸੇ ਸਰਕਾਰੀ ਸੂਤਰ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਨਰਿੰਦਰ ਮੋਦੀ ਰਾਜਨੀਤਕ ਹੱਤਿਆ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਨੇ ਸਾਜ਼ਿਸ਼ ਨੂੰ ਸਾਮਾਜਿਕ ਤੇ ਮਨੁੱਖੀ ਅਧਿਕਾਰ ਆਗੂ ਤੀਸਤਾ ਸੀਤਲਵਾੜ ਨਾਲ ਜੋੜਦੇ ਹੋਏ ਟਵੀਟ ਕੀਤਾ, “ਕੱਲ੍ਹ ਕੁਝ ਸਰਕਾਰੀ ਅਧਿਕਾਰੀਆਂ ਨਾਲ ਮੁਲਾਕਾਤ ਹੋਈ ਉਨ੍ਹਾਂ ਨੇ ਦੱਸਿਆ ਕਿ ਜੇਕਰ ਤੀਸਤਾ ਸੀਤਲਵਾੜ ਤੇ ਕਾਂਗਰਸ ਮੋਦੀ ਦੇ ਖਿਲਾਫ਼ ਝੂਠੀ ਐਫਆਈਆਰ ਦਰਜ ਨਾ ਕਰਾ ਸਕੀ ਤਾਂ ਇਹ ਸੰਭਵ ਹੈ ਕਿ ਮੋਦੀ ਦੀ ਹੱਤਿਆ ਕਰ ਦਿੱਤੀ ਜਾਵੇ। ਟਵੀਟ ਵਾਇਰਲ ਹੋਣ ਦੇ ਬਾਅਦ ਮਧੂ ਨੇ ਉਸ ਨੂੰ ਹਟਾ ਦਿੱਤਾ ਪਰ ਬਾਅਦ ਵਿਚ ਉਸ ਨੇ ਇਕ ਹੋਰ ਟਵੀਟ ਕਰਕੇ ਆਪਣੀ ਗੱਲ ਦੁਹਰਾਈ।”
ਇਸ ਦੇ ਬਾਅਦ ਤਤਕਾਲੀਨ ਕੇਂਦਰ ਸਰਕਾਰ ਨੇ ਮਧੂ ਕਿਸ਼ਵਰ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ। ਉਸ ਸਮੇਂ ਗ੍ਰਹਿ ਮੰਤਰੀ ਰਹੇ ਸੁਸ਼ੀਲ ਕੁਮਾਰ ਛਿੰਦੇ ਨੇ ਕਿਹਾ ਕਿ ਮੋਦੀ ਦੀ ਹੱਤਿਆ ਬਾਰੇ ਖਬਰਾਂ ਸਹੀ ਨਹੀਂ ਹਨ।



ਫਿਰ ਉਸੇ ਸਾਲ ਭਾਜਪਾ ਨੇਤਾ ਗਿਰੀਰਾਜ ਸਿਹੰ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਉੱਪਰ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਵੱਡਾ ਦੋਸ਼ ਲਗਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕਿਤੇ ਨਿਤਿਸ਼ ਕੁਮਾਰ ਨੇ ਅੱਤਵਾਦੀਆਂ ਨਾਲ ਮਿਲ ਕੇ ਮੋਦੀ ਦੀ ਹੱਤਿਆ ਦੀ ਸਾਜਿਸ਼ ਤਾਂ ਨਹੀਂ ਰਚੀ, ਸਾਨੂੰ ਜੁਆਬ ਚਾਹੀਦਾ ਹੈ। ਹਾਲਾਂਕਿ ਗਿਰੀਰਾਜ ਸਿੰਹ ਦੇ ਇਸ ਬਿਆਨ ਦਾ ਕੋਈ ਆਧਾਰ ਨਹੀਂ ਸੀ। ਵੈਸੇ ਉਨ੍ਹਾਂ ਦਾ ਊਟ ਪਟਾਂਗ ਬਿਆਨ ਦੇਣ ਦਾ ਇਤਿਹਾਸ ਰਿਹਾ ਹੈ। ਸੰਨ 2017 ਦੌਰਾਨ ਉਹ ਨਿਤਿਸ਼ ਕੁਮਾਰ ਉੱਪਰ ਵੀ ਇਹ ਦੋਸ਼ ਲਗਾ ਚੁੱਕੇ ਕਿ ਨਿਤਿਸ਼ ਉਨ੍ਹਾਂ ਦੀ ਹੱਤਿਆ ਕਰਨਾ ਚਾਹੁੰਦੇ ਹਨ।
ਇਸ ਦੇ ਬਾਅਦ 2013 ਵਿਚ ਨਵੰਬਰ ਦੌਰਾਨ ਖਬਰ ਆਈ ਕਿ ਮਨੁੱਖੀ ਬੰਬ ਰਾਹੀਂ ਨਰਿੰਦਰ ਮੋਦੀ ਦੀ ਹੱਤਿਆ ਕੀਤੀ ਜਾ ਸਕਦੀ ਹੈ। ਪੀਵੀ 9 ਗੁਜਰਾਤ ਨੇ ਪੁਲੀਸ ਦੁਆਰਾ ਗ੍ਰਿਫ਼ਤਾਰ ਕੀਤੇ ਇੰਡੀਅਨ ਮੁਜਾਹੇਦੀਨ ਦੇ ਅੱਤਵਾਦੀ ਇਮਤਿਆਜ਼ ਦੇ ਹਵਾਲੇ ਨਾਲ ਇਹ ਖਬਰ ਦਿੱਤੀ।
ਸੰਨ 2014 : ਲੋਕ ਸਭਾ ਚੋਣ ਤੋਂ ਪਹਿਲਾਂ ਹੱਤਿਆ ਦੀ ਸਾਜ਼ਿਸ਼ : ਸਾਲ 2014 ਦੀ ਸ਼ੁਰੂਆਤ ਵਿਚ ਨਰਿੰਦਰ ਮੋਦੀ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਪ੍ਰਚਾਰ ਕਰ ਰਹੇ ਸਨ। ਇਸ ਦੌਰਾਨ ਇਕ ਪੱਤਰਕਾਰ ਨੇ ਖੁਫੀਆ ਵਿਭਾਗ ਦੇ ਸੂਤਰਾਂ ਦੇ ਹਵਾਲੇ ਨਾਲ ਖਬਰ ਦਿੱਤੀ ਕਿ ਉਸ ਦੀ ਹੱਤਿਆ ਦੇ ਲਈ ਆਈਐਨ ਤੇ ਐਲਈਟੀ ਨੇ ਤਿੰਨ ਸ਼ਾਰਪ ਸ਼ੂਟਰਾਂ ਨੂੰ ਸੁਪਾਰੀ ਦਿੱਤੀ ਹੈ। ਖ਼ਬਰ ਦੇ ਮੁਤਾਬਕ ਇਹ ਸਾਜ਼ਿਸ਼ ਉਨ੍ਹਾਂ ਅੱਤਵਾਦੀਆਂ ਦੁਆਰਾ ਰਚੀ ਗਈ, ਜਿਨ੍ਹਾਂ ਨੇ ਅਕਤੂਬਰ 2013 ਵਿਚ ਬਿਹਾਰ ਵਿਚ ਨਰਿੰਦਰ ਮੋਦੀ ਦੀ ਇਕ ਰੈਲੀ ਤੋਂ ਪਹਿਲਾਂ ਸੀਰੀਅਲ ਧਮਾਕੇ ਕਰਵਾਏ ਸਨ। ਚਾਰ ਸਾਲ ਬਾਅਦ ਪੱਤਰਕਾਰ ਨਰਿੰਦਰ ਮੋਦੀ ਹੱਤਿਆ ਦੀ ਤਾਜ਼ਾ ਸਾਜ਼ਿਸ਼ ਨੂੰ ਸਹੀ ਠਹਿਰਾਉਣ ਵਿਚ ਲੱਗੇ ਹਨ।
2014 ਦੌਰਾਨ ਅਪ੍ਰੈਲ ਵਿਚ ਫਿਰ ਖਬਰ ਆਈ ਕਿ ਨਰਿੰਦਰ ਮੋਦੀ ਦੇ ਵਾਰਾਣਸੀ ਦੌਰੇ ਦੌਰਾਨ ਵੱਡਾ ਅੱਤਵਾਦੀ ਹਮਲਾ ਤੇ ਉਨ੍ਹਾਂ ਦੀ ਹੱਤਿਆ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਹਮਲਾ ਦਿੱਲੀ ਪੁਲੀਸ ਨੇ ਰਾਜਸਥਾਨ ਤੋਂ ਚਾਰ ਸ਼ੱਕੀ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰਕੇ ਨਾਕਾਮ ਕੀਤਾ। ਇਹ ਚਾਰੇ ਹੀ ਆਈਐਮ ਦੇ ਮੈਂਬਰ ਦੱਸੇ ਗਏ ਸਨ। ਕਿਉਂਕਿ ਉਸ ਸਮੇਂ ਦਿੱਲੀ ਪੁਲੀਸ ਦੀ ਸਪੈਸ਼ਲ ਸੈੱਲ ਦੇ ਕਮਿਸ਼ਨਰ ਐਸ ਐਮ ਸ੍ਰੀਵਾਸਤਵ ਨੇ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਬਾਰੇ ਪੁਸ਼ਟੀ ਨਹੀਂ ਕੀਤੀ ਸੀ। ਉਨ੍ਹਾਂ ਦੇ ਮੁਤਾਬਕ ਪੁਲੀਸ ਨੂੰ ਅੱਤਵਾਦੀਆਂ ਦੇ ਕੋਲ ਵਿਸਫੋਟਕ ਸਮਾਨ ਜ਼ਰੂਰ ਮਿਲਿਆ ਸੀ, ਪਰ ਮੋਦੀ ਨੂੰ ਨਿਸ਼ਾਨਾ ਬਣਾਉਣ ਦੇ ਸੁਆਲ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਹਮਲਾ ਕਿਤੇ ਵੀ ਹੋ ਸਕਦਾ ਹੈ। ਰਾਜਨੀਤਕ ਰੈਲੀ ਵੀ ਨਿਸ਼ਾਨੇ ’ਤੇ ਹੋ ਸਕਦੀ ਹੈ, ਪਰ ਜਾਂਚ ਸ਼ੁਰੂ ਹੋਈ ਹੈ। ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ।

ਬਾਕੀ ਸਫ਼ਾ 29 ’ਤੇ

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਮਨਾਇਆ



**ਡੈਲਸ,ਟੈਕਸਸ/ਹਰਜੀਤ ਸਿੰਘ ਢੇਸੀ:** ਸਥਾਨਕ ਗੁਰਦੁਅਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਪੰਚਮ ਪਾਤਸ਼ਾਹ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਬੀਤੇ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਅਤੇ ਐਤਵਾਰ ਨੂੰ ਭੋਗ ਪਾਏ ਗਏ, ਜਿਸ ਦੀ ਸੇਵਾ ਰੰਧਾਵਾ ਪਰਿਵਾਰ ਵਲੋਂ ਕਰਵਾਈ ਗਈ। ਤਿੰਨੇ ਦਿਨ ਰੱਬੀ ਬਾਣੀ ਦਾ ਪਰਵਾਹ ਚੱਲਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਗੁਰੂਘਰ ਦੀ ਪਰਿਕਰਮਾ ਕੀਤੀ ਗਈ ਅਤੇ ਸੰਗਤਾਂ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ। ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਵੀ ਰੰਧਾਵਾ ਪਰਿਵਾਰ ਵਲੋਂ ਕਰਵਾਈ ਗਈ। ਕੀਰਤਨ ਦੀਵਾਨ ਸਜਾਏ ਗਏ ਅਤੇ ਬਿਲਗੇ ਵਾਲਿਆਂ ਦੇ ਢਾਡੀ ਜਥੇ ਨੇ ਗੁਰੂ ਇਤਿਹਾਸ ਅਤੇ ਜੋਸ਼ੀਲੀਆਂ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਗੁਰੂਜਸ ਗਾਇਨ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ। ਗੁਰੂ ਘਰ ਦੇ ਸਕੱਤਰ ਹਰਜੀਤ ਸਿੰਘ ਰੰਧਾਵਾ ਨੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਨੇ ਤੱਤੀ ਤਵੀ ਉੱਤੇ ਬੈਠ ਕੇ ਅਤੇ ਦੇਗਾਂ ਵਿਚ ਉਬਾਲੇ ਖਾ ਕੇ ਸ਼ਾਂਤਮਈ ਸ਼ਹੀਦੀ ਪ੍ਰਾਪਤ ਕੀਤੀ ਅਤੇ ਸਿੱਖ ਧਰਮ ਵਿਚ ਹੱਕ ਸੱਚ ਲਈ ਸ਼ਹੀਦੀ ਪਾਉਣ ਦੀ ਰੀਤ ਚਲਾਈ। ਭਾਈ ਮਨਜੀਤ ਸਿੰਘ ਸੰਧੂ ਨੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਕੋਟਨਿ ਕੋਟ ਪ੍ਰਣਾਮ ਕੀਤਾ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ’ਤੇ ਵਿਸ਼ੇਸ਼ ਸਮਾਗਮ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਤਿੰਨ ਦਿਨਾ ਸਮਾਗਮ ਗੁਰਦੁਆਰਾ ਅਨੰਦਗੜ੍ਹ ਕਰਮਨ ਵਿਖੇ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੌਰਾਨ ਸ੍ਰੀ ਅਖੰਡ ਸਾਹਿਬ ਦੀ ਇਲਾਹੀ ਬਾਣੀ ਦੇ ਤਿੰਨ ਦਿਨ ਪ੍ਰਵਾਹ ਚੱਲੇ ਅਤੇ ਗੁਰਮਤਿ ਵਿਚਾਰਾਂ ਹੋਈਆਂ। ਸਮਾਪਤੀ ’ਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆ। ਗਿਆਨੀ ਮੇਜਰ ਸਿੰਘ ਨੇ ਹੁਕਮਨਾਮਾ ਸਾਹਿਬ ’ਤੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ।

ਅੰਤ ਕੁਲਵੰਤ ਸਿੰਘ ਉੱਭੀ ਨੇ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਹਰ ਸਾਲ ਦੀ ਤਰ੍ਹਾਂ ਸਮਾਗਮ ਦੀ ਸੇਵਾ ‘ਸਰਬੱਤ ਦੇ ਭਲੇ’ ਦੀ ਅਰਦਾਸ ਕਰਦੇ ਹੋਏ ਕਰਮਨ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਨਾਲ ਸੰਬੰਧਤ ਮੈਡੀਕਲ ਸਟਾਫ ਵੱਲੋਂ ਕਰਵਾਈ ਗਈ ਸੀ। ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆ। ਗੁਰੂਘਰ ਵਿਖੇ ਪੰਜਾਬ ਦੀ ਤਰ੍ਹਾਂ ਛਬੀਲ ਵੀ ਲਾਈ ਗਈ ਸੀ ਅਤੇ ਤਿੰਨੇ ਦਿਨ ਗੁਰੂ ਦਾ ਲੰਗਰ ਅਤੁੱਟ ਵਰਤਿਆ।



ਭਾਈ ਸੋਢੀ ਸਿੰਘ ਅਤੇ ਸਾਥੀ ਕੀਰਤਨ ਕਰਦੇ ਹੋਏ।

# ਆਮ ਆਦਮੀ ਪਾਰਟੀ ਦਾ ਰਾਜਪਾਲ ਦਫਤਰ ਵਿਚਲਾ ਧਰਨਾ ਖਤਮ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਉਪ ਰਾਜਪਾਲ ਦੀ ਸਰਕਾਰੀ ਰਿਹਾਇਸ਼ ਵਿਚ ਧਰਨਾ ਦੇ ਰਹੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਗੋਪਾਲ ਰਾਏ ਨੇ ਆਈਏਐੱਸ ਅਧਿਕਾਰੀਆਂ ਵੱਲੋਂ ਦਿੱਲੀ ਸਰਕਾਰ ਦੀਆਂ ਬੈਠਕਾਂ ‘ਵਿਚ ਸ਼ਿਰਕਤ ਕਰਨ ਮਗਰੋਂ ਆਪਣਾ ਧਰਨਾ ਚੁੱਕ ਲਿਆ। ਇਸ ਦੇ ਨਾਲ ਹੀ ਪਿਛਲੇ ਹਫ਼ਤੇ ਤੋਂ ਦਿੱਤੇ ਜਾ ਰਹੇ ਧਰਨੇ ਬਾਰੇ ਪਾਈ ਉਸ ਪਟੀਸ਼ਨ ਉੱਤੇ ਵੀ ਸੁਪਰੀਮ ਕੋਰਟ ਨੇ ਜਲਦੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਇਸ ਧਰਨੇ ਨੂੰ ‘ਗ਼ੈਰਸੰਵਿਧਾਨਕ’ ਕਰਾਰ ਦੇਣ ਦੀ ਮੰਗ ਕੀਤੀ ਗਈ ਹੈ। ਧਰਨਾ ਚੁੱਕਣ ਮਗਰੋਂ ਸ੍ਰੀ ਕੇਜਰੀਵਾਲ ਸਿੱਧੇ ਆਪਣੀ ਸਰਕਾਰੀ ਰਿਹਾਇਸ਼ ਪੁੱਜੇ ਜਿੱਥੇ ਉਨ੍ਹਾਂ ਦਾ ਸਵਾਗਤ ਪਾਰਟੀ ਦੇ ਵਿਧਾਇਕਾਂ ਤੇ ਰਾਜ ਸਭਾ ਮੈਂਬਰਾਂ ਵੱਲੋਂ ਕੀਤਾ ਗਿਆ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੀਡੀਆ ਨੂੰ ਦੱਸਿਆ ਕਿ ਸਰਕਾਰ ਵੱਲੋਂ ਬੁਲਾਈ ਗਈ ਬੈਠਕ ਵਿੱਚ ਮੁੱਖ ਸਕੱਤਰ ਸਮੇਤ ਸਾਰੇ ਉੱਚ ਅਧਿਕਾਰੀ ਮੌਜੂਦ ਰਹੇ। ਸ੍ਰੀ ਕੇਜਰੀਵਾਲ ਤੇ ਸਾਥੀ ਮੰਤਰੀ ਮਨੀਸ਼ ਸਿਸੋਦੀਆ, ਸਤਿੰਦਰ ਜੈਨ ਤੇ ਗੋਪਾਲ ਰਾਏ ਮੁੱਖ ਤੌਰ ‘ਤੇ ਅਧਿਕਾਰੀਆਂ ਦੀ ਅਣਐਲਾਨੀ ਕਥਿਤ ਹੜਤਾਲ ਕਰਕੇ ਹੀ ਧਰਨੇ ਉਪਰ ਬੈਠੇ ਸਨ ਕਿਉਂਕਿ ਅਧਿਕਾਰੀ ਰੁਟੀਨ ਬੈਠਕਾਂ ਵਿਚ ਨਹੀਂ ਸਨ ਜਾਂਦੇ। ਹਾਲਾਂ ਕਿ ਅਧਿਕਾਰੀ ਹੜਤਾਲ ਉਪਰ ਨਾ ਹੋਣ ‘ਤੇ ਨਿਸ਼ਠਾ ਨਾਲ ਕੰਮ ਕਰਨ ਦਾ ਦਾਅਵਾ ਕਰ ਰਹੇ ਸਨ। ਉਧਰ ਸ੍ਰੀ ਕੇਜਰੀਵਾਲ ਦਾ ਧਰਨਾ ਖ਼ਤਮ ਹੁੰਦੇ ਹੀ ਭਾਜਪਾ ਵਿਧਾਇਕਾਂ ਨੇ ਵੀ ਧਰਨਾ ਖ਼ਤਮ ਕਰ ਦਿੱਤਾ। ਵਿਧਾਇਕਾਂ ਨੂੰ ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਜੂਸ ਪਿਲਾ ਕੇ ਭੁੱਖ ਹੜਤਾਲ ਤੁੜਵਾਈ।

ਇਸ ਦੌਰਾਨ ਹੀ ਸੁਪਰੀਮ ਕੋਰਟ ਦੇ ਜਸਟਿਸ ਐਸਏ ਨਜ਼ੀਰ ਤੇ



ਇੰਦੂ ਮਲਹੋਤਰਾ ਵਾਲੇ ਵਕੇਸ਼ਨ ਬੈਂਚ ਨੇ ਕਿਹਾ ਕਿ ਛੁੱਟੀਆਂ ਮਗਰੋਂ ਇਹ ਪਟੀਸ਼ਨ ਸੁਣਵਾਈ ਲਈ ਸੂਚੀਬੱਧ ਕੀਤੀ ਜਾਵੇਗੀ। ਵਕੀਲ ਸ਼ਸ਼ਾਂਕ ਸੁੱਧੀ ਨੇ ਪਟੀਸ਼ਨਕਰਤਾ ਹਰੀਨਾਥ ਰਾਮ ਵੱਲੋਂ ਪੇਸ਼ ਹੋ ਕੇ ਛੇਤੀ ਸੁਣਵਾਈ ਕਰਨ ਦੀ ਮੰਗ ਕੀਤੀ ਕਿ ਦਿੱਲੀ ਵਿੱਚ ਮੁੱਖ ਮੰਤਰੀ ਵੱਲੋਂ ‘ਗ਼ੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ ਧਰਨਾ ਰਾਜਨਿਵਾਸ ਵਿਖੇ ਦੇ ਰਾਜਧਾਨੀ ਵਿੱਚ ਸੰਵਿਧਾਨਕ ਸੰਕਟ ਪੈਦਾ ਕਰ ਦਿੱਤਾ ਗਿਆ ਹੈ। ਵਕੀਲ ਨੇ ਅਦਾਲਤ ਨੂੰ ਕਿਹਾ ਕਿ ਹਾਈ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਕੀਤੀ ਸੀ ਤੇ ਅਗਲੀ ਸੁਣਵਾਈ 22 ਜੂਨ ਉੱਤੇ ਪਾਈ ਹੋਈ ਹੈ ਤੇ ਹਾਈ ਕੋਰਟ ਨੇ ਕੇਜਰੀਵਾਲ ਦੇ ਧਰਨੇ ਬਾਰੇ ਸਵਾਲ ਚੁੱਕੇ ਸਨ। ਪਟੀਸ਼ਨ ਵਿਚ ਮੁੱਖ ਮੰਤਰੀ ਜਾਂ ਐਲਜੀ ਦੇ ਦਫ਼ਤਰ ਦੇ ਲੋਕਾਂ ਵਿਚੋਂ ਇਕ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਜੋ ਇਹ ਕਥਿਤ ਝੂਠ ਬੋਲ ਰਹੇ ਹਨ ਕਿ ਅਧਿਕਾਰੀ ਕੰਮ ਕਰ ਰਹੇ ਹਨ। ਸ੍ਰੀ ਕੇਜਰੀਵਾਲ ਮੁਤਾਬਕ ਅਧਿਕਾਰੀ ਅਣਐਲਾਨੀ ਹੜਤਾਲ ‘ਤੇ ਹਨ ਪਰ ਐਲਜੀ ਦਫ਼ਤਰ ਆਖ ਚੁੱਕਾ ਹੈ ਕਿ ਅਧਿਕਾਰੀ ਨੌਕਰੀ ਉਪਰ ਹਨ।

ਉਧਰ ਲੈਫਟੀਨੈਂਟ ਗਵਰਨਰ ਦੇ ਦਫਤਰ ਵਿਚੋਂ ਧਰਨਾ ਚੁੱਕਣ ਬਾਅਦ ਪਹਿਲੀ ਵਾਰ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖਿਆ ਕਿ ਉਹ ਜਲਦੀ ਆਈਏਐਸ ਅਫਸਰਾਂ ਨੂੰ ਮਿਲਣ ਅਤੇ ਗੱਲਬਾਤ ਰਾਹੀਂ ਦੋਵਾਂ ਧਿਰਾਂ ਦੇ ਤੌਖਲਿਆਂ ਨੂੰ ਦੂਰ ਕਰਨ। ਇਸ ਤੋਂ ਪਹਿਲਾਂ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪੱਤਰ ਲਿਖਿਆ ਸੀ, ਜਿਸ ਵਿਚ ਉਨ੍ਹਾਂ ਸੁਝਾਅ ਦਿੱਤਾ ਸੀ ਕਿ ਅਧਿਕਾਰੀਆਂ ਤੇ ਸਰਕਾਰ ਵਿਚਾਲੇ ਮੀਟਿੰਗ ਹੋਵੇ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬਰਤਾਨੀਆ ਨੇ ਵਕੀਲ ਮੰਝਪੁਰ ਦੀ ਜੱਗੀ ਦੇ ਪਰਿਵਾਰ ਨਾਲ ਮੁਲਾਕਾਤ ਕਰਵਾਉਣ ਤੋਂ ਨਾਂਹ ਕੀਤੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਵਿਚ ਕੈਦ ਕੀਤੇ ਗਏ ਬਰਤਾਨਵੀ ਸਿੱਖ ਨੌਜਵਾਨ ਜਗਤਾਰ ਸਿੰਘ ਜੱਗੀ ਜੌਹਲ ਨਾਲ ਬਰਤਾਨਵੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਦੀ ਨਿਜੀ ਮੁਲਾਕਾਤ ਦੀ ਪਰਵਾਨਗੀ ਨਾ ਦੇਣ ਦੇ ਇਲਜ਼ਾਮ ਜਿੱਥੇ ਪੰਜਾਬ ਪੁਲਿਸ ਅਤੇ ਭਾਰਤ ਦੀ ਕੌਮੀ ਜਾਂਚ ਅਜੈਂਸੀ ਐਨਆਈਏ ਉੱਤੇ ਲਗਦੇ ਰਹੇ ਹਨ ਉੱਥੇ ਉਨ੍ਹਾਂ ਹੀ ਲੀਹਾਂ ‘ਤੇ ਚਲਦਿਆਂ ਬਰਤਾਨਵੀ ਅਧਿਕਾਰੀਆਂ ਨੇ ਵੀ ਜਗਤਾਰ ਸਿੰਘ ਜੱਗੀ ਦੇ ਪੰਜਾਬ ਵਿਚ ਕੇਸ ਲੜ ਰਹੇ ਵਕੀਲ ਜਸਪਾਲ ਸਿੰਘ ਮੰਝਪੁਰ ਦੀ ਜੱਗੀ ਦੇ ਪਰਿਵਾਰ ਨਾਲ ਮੁਲਾਕਾਤ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ। ਹਾਸਿਲ ਜਾਣਕਾਰੀ ਮੁਤਾਬਿਕ ਜਗਤਾਰ ਸਿੰਘ ਜੱਗੀ ਦੇ ਭਾਰਾ ਗੁਰਪ੍ਰੀਤ ਸਿੰਘ ਵਲੋਂ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਕੇਸ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ ਬਰਤਾਨੀਆ ਸੱਦਿਆ ਗਿਆ ਸੀ। ਬਰਤਾਨਵੀ ਅਫਸਰਾਂ ਨੂੰ ਭੇਜੀ ਚਿੱਠੀ ਵਿਚ ਜੱਗੀ ਦੇ ਭਰਾ ਨੇ ਆਪਣੇ ਭਰਾ ਦੀ ਗ੍ਰਿਫਤਾਰੀ ਅਤੇ ਤਸ਼ੱਦਦ ਦੀ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਉਨ੍ਹਾਂ ਦਾ ਤੇ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਹੋਰ ਜੀਅ ਦਾ ਭਾਰਤ ਜਾਣਾ ਸੁਰੱਖਿਅਤ ਨਹੀਂ। ਇਸ ਲਈ ਉਹ ਵਕੀਲ ਨੂੰ ਬਰਤਾਨੀਆ ਬੁਲਾ ਕੇ ਉਸ ਨਾਲ ਕੇਸ ਸਬੰਧੀ ਸਾਰੀ ਗੱਲਬਾਤ ਕਰਨੀ ਚਾਹੁੰਦੇ ਹਨ। ਪਰ ਬਰਤਾਨਵੀ ਹਾਈ ਕਮਿਸ਼ਨ ਨੇ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਬਰਤਾਨੀਆ ਦਾ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ।

ਇਸ ਗੱਲ ਦੀ ਪੁਸ਼ਟੀ ਕਰਦਿਆਂ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਬਰਤਾਨਵੀ ਹਾਈ ਕਮਿਸ਼ਨ ਨੇ ਬੜੇ ਹਾਸੋਹੀਣੇ ਅਧਾਰ ‘ਤੇ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਇਹ ਕਹਿੰਦਿਆਂ ਇਨਕਾਰ ਕੀਤਾ ਹੈ ਕਿ ਜੇ ਉਨ੍ਹਾਂ ਨੂੰ ਵੀਜ਼ਾ ਦੇ ਦਿੱਤਾ ਗਿਆ ਤਾਂ ਉਹ ਉੱਥੇ ਰੁਕਣ ਦੀ ਸਮਾਂ ਹੱਦ ਤੋਂ ਬਾਅਦ ਵੀ ਬਰਤਾਨੀਆ ਤੋਂ ਵਾਪਿਸ ਨਹੀਂ ਪਰਤਣਗੇ।

ਜਸਪਾਲ ਸਿੰਘ ਮੰਝਪੁਰ ਨੇ ਕਿਹਾ, ਜਿੱਥੇ ਭਾਰਤੀ ਰਾਜ ਨੇ ਅਦਾਲਤੀ ਹੁਕਮਾਂ ਦੇ ਬਾਵਜੂਦ ਬਰਤਾਨਵੀ ਹਾਈ ਕਮਿਸ਼ਨ ਨੂੰ ਨਿਜੀ ਮੁਲਾਕਾਤ ਦੀ ਪ੍ਰਵਾਨਗੀ ਨਹੀਂ ਦਿੱਤੀ, ਉਸੇ ਤਰ੍ਹਾਂ ਬਰਤਾਨਵੀ ਹਾਈ ਕਮਿਸ਼ਨ ਨੇ ਵੀ ਆਪਣੇ ਨਾਗਰਿਕ ਦੇ ਪਰਿਵਾਰਕ ਮੈਂਬਰਾਂ ਨੂੰ ਉਸਦੇ ਵਕੀਲ ਨਾਲ ਮੁਲਾਕਾਤ ਕਰਕੇ ਕੇਸ ਸਬੰਧੀ ਜਾਣਕਾਰੀ ਲੈਣ ਤੋਂ ਰੋਕਿਆ ਹੈ।

ਉਨ੍ਹਾਂ ਕਿਹਾ, ਐਨ.ਆਈ.ਏ ਨੇ ਜਗਤਾਰ ਸਿੰਘ ਜੱਗੀ ਖਿਲਾਫ ਲਗਭਗ ਅੱਧੀ ਦਰਜਨ ਕੇਸਾਂ ਵਿਚ ਚਾਰਜਸ਼ੀਟ ਦਾਇਰ ਕੀਤੀ ਹੈ। ਬਾਕੀ ਹੋਰ ਕੇਸਾਂ ਵਿਚ ਚਾਰਜਸ਼ਟਿ ਛੇਤੀ ਦਾਖਲ ਹੋਣ ਦੀ ਉਮੀਦ ਹੈ। ਪੰਜਾਬ ਪੁਲਿਸ ਨੇ ਵੀ ਬਾਘਾਪੁਰਾਣਾ ਕੇਸ ਵਿਚ ਜੱਗੀ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਇਹਨਾਂ ਚਾਰਜਸ਼ੀਟਾਂ ‘ਤੇ ਬਹਿਸ ਅਦਾਲਤਾਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਣ ਦੀ ਆਸ ਹੈ। ਇਸ ਕਾਰਨ ਜਗਤਾਰ ਸਿੰਘ ਜੱਗੀ ਦਾ ਕੇਸ ਸਹੀ ਢੰਗ ਨਾਲ ਅਦਾਲਤ ਵਿਚ ਰੱਖਣ ਲਈ ਜ਼ਰੂਰੀ ਸੀ ਕਿ ਉਸਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ ਜਾਵੇ ਜੋ ਡਰ ਕਾਰਨ ਭਾਰਤ ਨਹੀਂ ਆ ਸਕਦੇ।

ਉਨ੍ਹਾਂ ਕਿਹਾ, ਮੇਰੀ ਸਮਝ ਅਨੁਸਾਰ ਬਰਤਾਨੀਆ ਸਰਕਾਰ ਖੁਦ ਆਪਣੇ ਨਾਗਰਿਕ ਜਗਤਾਰ ਸਿੰਘ ਜੱਗੀ ਅਤੇ ਉਸਦੇ ਪਰਿਵਾਰ ਲਈ ਮੁਸ਼ਕਿਲਾਂ ਖੜੀਆਂ ਕਰ ਰਹੀ ਹੈ ਅਤੇ ਇਸ ਤਰ੍ਹਾਂ ਅਜ਼ਾਦ ਅਤੇ ਨਿਰਪੱਖ ਜਾਂਚ ਦੀ ਸੰਭਾਵਨਾ ਉੱਤੇ ਵੱਡਾ ਖਤਰਾ ਬਣਿਆ ਹੋਇਆ ਹੈ।



ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦੀ ਜਗਤਾਰ ਸਿੰਘ ਜੌਹਲ ਨਾਲ ਪੁਰਾਣੀ ਫੋਟੋ।

## ਯੂਨਾਈਟਿਡ ਖਾਲਸਾ ਦਲ ਵਲੋਂ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਦਹਿਸ਼ਤਗਰਦ ਐਲਾਨਣ ਦਾ ਸਵਾਗਤ

### *“ਅਮਰੀਕਾ ਦੀ ਤਰਜ਼ ਤੇ ਬ੍ਰਿਟਿਸ਼ ਸਰਕਾਰ ਨੂੰ ਇਹਨਾਂ ਫਿਰਕਾਪ੍ਰਸਤ ਜਥੇਬੰਦੀਆਂ ਦੀ ਲਗਾਮ ਕੱਸਣ ਦੀ ਅਪੀਲ”*

**ਲੰਡਨ/ਬਿਊਰੋ ਨਿਊਜ਼ :**

ਅਮਰੀਕਾ ਸਰਕਾਰ ਵਲੋਂ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਦਾ ਨਾਮੋ ਨਿਸ਼ਾਨ ਮਿਟਾ ਕੇ ਹਿੰਦੂਤਵ ਦੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਅਣਮਨੁੱਖੀ ਕਾਰਵਾਈਆਂ ਨੂੰ ਲਗਾਤਾਰ ਅੰਜਾਮ ਦੇ ਰਹੀਆਂ ਫਿਰਕਾਪ੍ਰਸਤ ਜਥੇਬੰਦੀਆਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੂੰ ਦਹਿਸ਼ਤਗਰਦ ਐਲਾਨਣ ਦਾ ਯੁਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਦਲ ਦੇ ਪ੍ਰਧਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਬਰਤਾਨਵੀ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਵੀ ਜਿੰਨਾ ਜਲਦੀ ਹੋ ਸਕੇ ਇਹਨਾਂ ਹਿੰਦੂਤਵੀ ਜਥੇਬੰਦੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਇਹਨਾਂ ਤੇ ਮੁਕੰਮਲ ਪਾਬੰਦੀ ਆਇਦ ਕਰੇ ਅਤੇ ਆਰਐੱਸਐੱਸ ਨੂੰ ਵੀ ਇਸ ਘੇਰੇ ਵਿੱਚ ਰੱਖਿਆ ਜਾਵੇ। ਜਿਸ ਦੀਆਂ ਅਨੇਕਾਂ ਬਰਾਂਚਾਂ ਹਨ ਅਤੇ ਵੱਖ ਵੱਖ ਧਰਮਾਂ , ਵੱਖ ਵੱਖ ਕੌਮਾਂ ਵਿੱਚ ਘੁਸਪੈਠ ਕਰਨ ਲਈ ਇਸ ਨੇ ਰਲਦੇ ਮਿਲਦੇ ਨਾਮ ਰੱਖੇ ਹੋਏ ਹਨ । ਮਿਸਾਲ ਵਜੋਂ ਸਿੱਖਾਂ ਵਿੱਚ ਘੁਸਪੈਠ ਕਰਨ ਅਤੇ ਸਿੱਖ ਕੌਮ ਨੂੰ ਗੁੰਮਰਾਹ ਕਰਨ ਲਈ ਇਸ ਨੇ ਰਾਸ਼ਟਰੀ ਸਿੱਖ ਸੰਗਤ ਦੇ ਨਾਮ ਦੀ ਜਥੇਬੰਦੀ ਬਣਾਈ ਹੋਈ ਹੈ, ਜਿਸਦੀ ਕਮਾਂਡ ਕਰਨ ਲਈ ਹਿੰਦੂਤਵ ਦੇ ਭਗਵੇਂ ਰੰਗ ਵਿੱਚ ਲਬਰੇਜ਼ ਅਤੇ ਸਰਕਾਰ ਦੇ ਜਰਖਰੀਦ ਬੰਦਿਆਂ ਨੂੰ ਮੂਹਰੇ ਕੀਤਾ ਹੋਇਆ ਹੈ । ਇਸ ਵਲੋਂ ਇੱਕ ਪਾਸੇ ਸਿੱਖੀ ਦੇ ਸੁਨਿਹਰੀ ਸਿਧਾਂਤਾਂ ,ਮਾਣਮੱਤੇ ਇਤਿਹਾਸ ਤੇ ਸਵਾਲੀਆ ਚਿੰਨ੍ਹ ਲਗਵਾਇਆ ਜਾ ਰਿਹਾ ਹੈ ਰਿਹਾ ਹੈ, ਦੂਜੇ ਪਾਸੇ ਸਿੱਖ ਮਾਨਸਿਕਤਾ ਵਿੱਚ ਨਾਸਤਿਕਤਾ ਅਸ਼ਰਧਾ, ਵਾਦ ਵਿਵਾਦ ਪੈਦਾ ਕੀਤਾ ਜਾ ਰਿਹਾ ਹੈ ,ਜੋ ਕਿ ਬਹੁਤ ਹੀ ਖਤਰਨਾਕ ਰੁਝਾਨ ਹੈ । ਇਸ ਸਮੁੱਚੇ ਵਰਤਾਰੇ ਦਾ ਮੁੱਖ ਮਕਸਦ ਸਿੱਖ ਕੌਮ ਨੂੰ ਸਦੀਵ ਕਾਲ ਲਈ ਗੁਲਾਮ ਬਣਾ ਕੇ ਰੱਖਣ ਅਤੇ ਕੌਮ ਨੂੰ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾਉਣਾ ਹੈ। ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਇਹਨਾਂ ਫਿਰਕਾਪ੍ਰਸਤ ਹਿੰਦੂਤਵੀ ਜਥੇਬੰਦੀਆਂ ਦੇ ਵੱਖ ਵੱਖ ਕਾਰਜ ਖੇਤਰ ਹਨ । ਇਹਨਾਂ ਵਲੋਂ ਗੈਰ ਹਿੰਦੂ ਧਰਮ ਨਾਲ ਸਬੰਧ ਰੱਖਣ ਵਾਲਿਆਂ ਦੇ ਵੱਡੀ ਪੱਧਰ ‘ਤੇ ਆਪ ਹੀ ਕਤਲ ਕੀਤੇ ਜਾਂਦੇ ਹਨ ਅਤੇ ਦੋਸ਼ੀ ਵੀ ਉਸੇ ਹੀ ਭਾਈਚਾਰੇ ਨੂੰ ਬਣਾਇਆਂ ਜਾਂਦਾ ਹੈ । ਜਿਸ ਦੀ ਪ੍ਰਤੱਖ ਮਿਸਾਲ ਮਾਲੇਗਾਉ ,ਸਮਝੌਤਾ ਐਕਸਪ੍ਰੈੱਸ ,ਮੱਕਾ ਦਰਗਾਹ ਆਦਿ ਥਾਵਾਂ ‘ਤੇ ਇਹਨਾਂ ਵਲੋਂ ਕੀਤੇ ਗਏ ਬੰਬ ਧਮਾਕੇ ਅਤੇ ਨਿਰਦੋਸ਼ ਵਿਅਕਾਤੀਆਂ ਦੇ ਕਤਲ ਸ਼ਾਮਲ ਹਨ ਜਿਹਨਾਂ ਵਿੱਚ ਮਰਨ ਵਾਲੇ ਬਹੁਤਾਤ ਵਿੱਚ ਮੁਸਲਮਾਨ ਵਿਅਕਤੀ ਸਨ । ਇਹਨਾਂ ਬੰਬ ਧਮਾਕਿਆਂ ਨੂੰ ਅੰਜ਼ਾਮ ਦੇਣ ਲਈ ਸਾਧਵੀ ਪ੍ਰਗਿੱਆ ਠਾਕਰ,ਅਸੀਮਾਨੰਦ ,ਕਰਨਲ ਪ੍ਰੋਹਿਤ ਵਰਗੇ ਹਿੰਦੂਤਵੀ ਜ਼ਹਿਨੀਅਤ ਵਾਲੇ ਲੋਕ ਸ਼ਾਮਲ ਸਨ , ਜਿਹਨਾਂ ਨੂੰ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣਨ ਮਗਰੋਂ ਵੱਡੀ ਰਾਹਤ ਦਿੱਤੀ ਗਈ ਹੈ ।

ਯੁਨਾਈਟਿਡ ਖਾਲਸਾ ਦਲ ਯੂਕੇ ਵਲੋਂ ਪੰਜਾਬ ਭਰ ਦੇ ਸਿੱਖਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਧਿਆਨ ਸਿੰਘ ਮੰਡ ਦਾ ਡੱਟ ਕੇ ਸਮਰਥਨ ਕਰਨ ਅਤੇ ਬਰਗਾੜੀ ਵਿਖੇ ਵਹੀਰਾਂ ਘੱਤ ਕੇ ਪੁੱਜਣ ਦਾ ਸੱਦਾ ਵੀ ਦਿੱਤਾ ਗਿਆ ਹੈ । ਪੰਜਾਬ ਭਰ ਦੀਆਂ ਸਮੁੱਚੀਆਂ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਨੂੰ ਇਸ ਮੋਰਚੇ ਦਾ ਸਮਰਥਨ ਕਰਕੇ ਬਲਕਿ ਵਧ ਚੜ੍ਹ ਕੇ ਉਸਾਰੂ ਰੋਲ ਅਦਾ ਕਰਦਿਆਂ ਕੌਮੀ ਫਰਜ਼ ਪਛਾਨਣ ਦੀ ਬੇਹੱਦ ਜਰੂਰਤ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸ਼ਿਲਾਂਗ ’ਚ ਸਿੱਖਾਂ ਨੂੰ ਫਿਰ ਮਿਲੀਆਂ ਧਮਕੀਆਂ, ਲੱਗਿਆ ਕਰਫਿਊ

- ਮੂਲਨਿਵਾਸੀ ਖਾਸੀ ਭਾਈਚਾਰਾ ਮਜਹਬੀ ਸਿੱਖਾਂ ਨੂੰ ਸ਼ਿਲਾਂਗ ਤੋਂ ਉਜਾੜਨਾ ਚਾਹੁੰਦਾ
- ਦੰਗੇ ਹੋਣ ਦਾ ਖਤਰਾ ਜਾਰੀ
- ਭਾਜਪਾ ਪਿੱਛੇ ਰਹਿ ਕੇ ਖੇਡ ਰਹੀ ਏ ਸਿਆਸਤ



## ਸਰਕਾਰ ਸਿੱਖਾਂ ਨੂੰ ਉਜਾੜਨ ਲੱਗੀ

ਮੁੱਖ ਮੰਤਰੀ ਕੋਨਾਰਡ ਸੰਗਮਾ ਵੱਲੋਂ ਬਣਾਈ ਉੱਚ ਪੱਧਰੀ ਕਮੇਟੀ ਨੇ ਪੰਜਾਬੀ ਲੇਨ ਵਿੱਚ ਸਰਵੇ ਸ਼ੁਰੂ ਕਰ ਦਿੱਤਾ ਹੈ, ਕਮੇਟੀ ਦੀ ਰਿਪੋਰਟ ਤੋਂ ਬਾਅਦ ਹੀ ਸਰਕਾਰ ਕੋਈ ਫੈਸਲਾ ਲਵੇਗੀ। ਗੁਰਦੁਆਰਾ ਕਮੇਟੀ ਯੂਨਾਈਟਿਡ ਸਿੱਖਸ ਸੰਸਥਾ ਵੱਲੋਂ ਦਿੱਤੇ ਸੀਨੀਅਰ ਵਕੀਲਾਂ ਦੇ ਪੈਨਲ ਰਾਹੀਂ ਕਾਨੂੰਨੀ ਪੱਧਰ ’ਤੇ ਹਰ ਪਹਿਲੂ ਤੋਂ ਤਿਆਰੀ ਕਰ ਰਹੀ ਹੈ, ਤਾਂਕਿ ਲੋੜ ਪੈਣ ’ਤੇ ਅਦਾਲਤ ਦਾ ਸਹਾਰਾ ਲਿਆ ਜਾ ਸਕੇ।

**ਸ਼ਿਲਾਂਗ/ਬਿਊਰੋ ਨਿਊਜ਼:**
ਮੇਘਾਲਿਆ ਦੀ ਰਾਜਧਾਨੀ ਵਿੱਚ ਇੰਟਰਨੈੱਟ ਸੇਵਾਵਾਂ ਸ਼ੁਰੂ ਹੋਣ ਤੋਂ 72 ਘੰਟਿਆਂ ਬਾਅਦ ਸਰਕਾਰ ਨੇ ਫਿਰ ਤੋਂ ਮੋਬਾਈਲ ਸੇਵਾਵਾਂ ‘ਤੇ ਰੋਕ ਲਾਉਣ ਦਾ ਹੁਕਮ ਦੇ ਦਿੱਤਾ ਹੈ। ਇਸ ਤੋਂ ਇਲਾਵਾ ਰਾਤ ਦਾ ਕਰਫਿਊ ਵੀ ਜਾਰੀ ਹੈ। ਪ੍ਰਸ਼ਾਸਨ ਨੇ ਇਹ ਕਦਮ ਬੀਤੇ ਦਿਨੀਂ ਸਿੱਖ ਨੌਜਵਾਨਾਂ ਨੂੰ ਫ਼ੋਨ ’ਤੇ ਮਿਲੀਆਂ ਧਮਕੀਆਂ ਤੋਂ ਬਾਅਦ ਚੁੱਕਿਆ ਹੈ। ਬੀਤੀ ਮਈ ਦੌਰਾਨ ਸ਼ਿਲਾਂਗ ਵਿੱਚ ਸਥਾਨਕ ਖਾਸੀ ਭਾਈਚਾਰੇ ਦੇ ਲੋਕਾਂ ਤੇ ਸਿੱਖਾਂ ਦਰਮਿਆਨ ਟਕਰਾਅ ਤੋਂ ਬਾਅਦ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ।

15 ਜੂਨ ਨੂੰ ਕੁਝ ਸਿੱਖ ਨੌਜਵਾਨਾਂ ਨੂੰ ਅਣਪਛਾਤੇ ਨੰਬਰਾਂ ਤੋਂ ਫੋਨ ’ਤੇ ਧਮਕੀਆਂ ਮਿਲੀਆਂ, ਕਿ 16,17,18 ਤੇ 19 ਜੂਨ ਨੂੰ ਤਿਆਰ ਰਹੋ, ਅਸੀਂ ਫੇਰ ਆਵਾਂਗੇ। ਇਸ ਤੋਂ ਬਾਅਦ 15 ਜੂਨ ਨੂੰ ਹੀ ਸ਼ਿਲਾਂਗ ਦੇ ਐਸਪੀ ਡੇਵਿਸ ਆਨਆਰ ਮਾਰਕ ਨੇ ਗੁਰਦੁਆਰਾ ਪ੍ਰਧਾਨ ਗੁਰਜੀਤ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਅਫਵਾਹਾਂ ’ਤੇ ਯਕੀਨ ਨਾ ਕਰਨ ਨੂੰ ਕਿਹਾ। 16 ਜੂਨ ਨੂੰ ਦੁਪਹਿਰ 3 ਵਜੇ ਤੋਂ 18 ਜੂਨ ਦੁਪਹਿਰ 3 ਵਜੇ ਤਕ ਮੁੜ ਤੋਂ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ। 16 ਜੂਨ ਨੂੰ ਪੰਜਾਬੀ ਲੇਨ ਤੇ ਗੋਰਾ ਲੇਨ ਇਲਾਕੇ ਵਿੱਚ ਵਸਦੇ ਸਿੱਖਾਂ ਨੇ ਪੂਰੀ ਰਾਤ ਗੁਰੂ ਘਰਾਂ ਦੀ ਰਾਖੀ ਕੀਤੀ।

ਸਿੱਖ ਭਾਈਚਾਰੇ ਦੇ ਲੋਕਾਂ ਵਿਚ ਹਾਲੇ ਤੱਕ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਖਾਸੀ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਲੈਂਬੌਂਕ ਨੇ ਸਿੱਖਾਂ ਨੂੰ ਧਮਕੀ ਦਿੰਦਿਆਂ ਕਿਹਾ, ਅਸੀਂ ਪੰਜਾਬੀ ਲੇਨ ਹਰ ਹਾਲਤ ਵਿੱਚ ਖਾਲੀ ਕਰਵਾਵਾਂਗੇ, ਅਸੀਂ ਕੋਈ ਸਮਝੌਤਾ ਨਹੀਂ ਕਰਾਂਗੇ, 31 ਮਈ ਤੋਂ 2 ਜੂਨ ਤੱਕ ਜੋ ਹੋਇਆ ਉਸ ਲਈ ਹਾਲਾਤ ਜ਼ਿੰਮੇਵਾਰ ਨੇ। ਪੰਜਾਬੀ ਲੇਨ ਵਿੱਚ ਰਹਿੰਦੇ ਅੰਮ੍ਰਿਤਧਾਰੀ ਨੌਜਵਾਨ ਆਕਾਸ਼ ਸਿੰਘ ਮੁਤਾਬਕ, ਅਸੀਂ ਇੱਥੇ ਜੰਮੇ ਹਾਂ, ਜਨਮ ਭੂਮੀ ਨਹੀਂ ਛਡ ਸਕਦੇ। ਨਿੱਜੀ ਤੌਰ ਤੇ ਖਾਸੀ ਕਬੀਲੇ ਦੇ ਲੋਕ ਚੰਗੇ ਨੇ, ਕਈ ਸਾਡੇ ਦੋਸਤ ਵੀ ਨੇ, ਪਰ ਸਾਨੂੰ ਨੀਵੀਂ ਜਾਤ ਦਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ, ਸਾਨੂੰ ਵਿਦੇਸ਼ੀ ਕਹਿੰਦੇ ਨੇ।

## ਕਿਵੇਂ ਹੋਈ ਝਗੜੇ ਦੀ ਸ਼ੁਰੂਆਤ

ਇਸ ‘ਝਗੜੇ ਦੀ ਸ਼ੁਰੂਆਤ ਇਹ ਦੱਸੀ ਜਾਂਦੀ ਹੈ ਕਿ ਲੜਕੀਆਂ ਪਬਲਿਕ ਨਲਕੇ ਤੋਂ ਪਾਣੀ ਭਰ ਰਹੀਆਂ ਸੀ। ਡਰਾਈਵਰ ਨੇ ਬਸ ਨਲਕੇ ਦੇ ਸਾਹਮਣੇ ਲਿਆ ਕੇ ਖੜੀ ਕਰ ਦਿੱਤੀ, ਜਿਸ ਦਾ ਲੜਕੀਆਂ ਨੇ ਵਿਰੋਧ ਕੀਤਾ। ਫਿਰ ਡਰਾਈਵਰ ਨੇ ਲੜਕੀਆਂ ਨਾਲ ਛੇੜਛਾੜ ਕੀਤੀ ਤੇ ਅਸ਼ਲੀਲ ਗਾਲ੍ਹਾਂ ਕੱਢੀਆਂ। ਲੜਕੀਆਂ ਨੇ ਵੀ ਅੱਗੋ ਤਿੱਖੇ ਜੁਆਬ ਦਿੱਤੇ। ਗੁੱਸੇ ਵਿੱਚ ਡਰਾਈਵਰ ਨੇ ਲੜਕੀ ਦੇ ਲੱਤ ਮਾਰੀ, ਜਿਸ ਮਗਰੋਂ ਲੜਕੀਆਂ ਤੇ ਉਨ੍ਹਾਂ ਦੇ ਘਰ ਦਿਆਂ ਨੇ ਡਰਾਈਵਰ ਦਾ ਕੁਟਾਪਾ ਚਾੜ ਦਿੱਤਾ। ‘ਭਗਤ ਸਿੰਘ, ਅੰਬੇਦਕਰ, ਗਾਂਧੀ ਅਤੇ ਬਾਬਾ ਦੀਪ ਸਿੰਘ ਦੀਆਂ ਕੰਧਾਂ ਤੇ ਲੱਗੀਆਂ ਤਸਵੀਰਾਂ ਦੇ ਵਿਚਕਾਰ ਆਪਣੀ ਮੇਜ਼ ਦੇ ਪਿੱਛੇ ਬੈਠੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਗੁਰਜੀਤ ਸਿੰਘ ਕਹਿੰਦੇ ਹਨ ਕਿ ਡਰਾਈਵਰ ਦੇ ਨਾਲ ਬੱਸ ਦਾ ਕੰਡਕਟਰ ਵੀ ਕੁੱਟਿਆ ਗਿਆ।’

ਮਜ਼ਹਬੀ ਸਿੱਖ ਪਰਿਵਾਰ ਵਿੱਚ ਜਨਮੇ ਬਾਬਾ ਦੀਪ ਸਿੰਘ ਨੇ ਅਫ਼ਗਾਨ ਹੁਕਮਰਾਨ ਅਹਿਮਦ ਸ਼ਾਹ ਦੁਰਾਨੀ ਦੀ ਫੌਜ ਦੇ ਹੱਥੋਂ ਦਰਬਾਰ ਸਾਹਿਬ ਨੂੰ ਢਾਹੁਣ ਦੀ ਸਜ਼ਾ ਦੇਣ ਲਈ ਅਰਦਾਸ ਕੀਤੀ ਸੀ। ਇਸ ਲੜਾਈ ਵਿੱਚ ਉਹ ਸ਼ਹੀਦ ਹੋ ਗਏ।

ਦੂਸਰੇ ਪਾਸੇ ਸਥਾਨਕ ਮੀਡੀਆ ਵਲੋਂ ਸਿੱਖਾਂ ਦੀ ਵਿਰੋਧਤਾ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦਾ ਪੱਖ ਪੇਸ਼ ਨਹੀਂ ਕੀਤਾ ਜਾ ਰਿਹਾ। ਕਈ ਥਾਈਂ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬੀ ਮੁਹੱਲੇ ਵਿੱਚ ਉਸ ਦਿਨ ਕੁੱਟ ਖਾਣ ਵਾਲੇ ਤਿੰਨ ਘੱਟ ਉਮਰ ਦੇ ਨੌਜਵਾਨ ਸਨ। ਜਿਨ੍ਹਾਂ ਵਿੱਚੋਂ ਇੱਕ 14 ਅਤੇ ਦੂਸਰਾ 15 ਸਾਲ ਦਾ ਸੀ। ਇਨ੍ਹਾਂ ਮੁੰਡਿਆਂ ਦਾ ਸੰਬੰਧ ਸੂਬੇ ਦੇ ਸਭ ਤੋਂ ਵੱਡੇ ‘ਖਾਸੀ’ ਭਾਈਚਾਰੇ ਨਾਲ ਸੀ।

ਭਾਵੇਂ ਇਨ੍ਹਾਂ ਤਿੰਨਾਂ ਨੂੰ ਸਿਵਲ ਹਸਪਤਾਲ ਤੋਂ ਬਾਅਦ ਖੇਤਰੀ ਮੈਡੀਕਲ ਕਾਲਜ ਵਿੱਚ ਪੰਜ ਦਿਨਾਂ ਮਗਰੋਂ ਛੁੱਟੀ ਦੇ ਦਿੱਤੀ ਗਈ ਪਰ ਸੋਸ਼ਲ ਮੀਡੀਆ ਉੱਪਰ ਇਹ ਅਫ਼ਵਾਹ ਫੈਲ ਗਈ ਕਿ ਉਨ੍ਹਾਂ ਵਿੱਚੋਂ ਇੱਕ ਲੜਕੇ ਦੀ ਮੌਤ ਹੋ ਗਈ ਹੈ। ਦੇਖਦੇ ਹੀ ਦੇਖਦੇ ਵੱਡੀ ਗਿਣਤੀ ਵਿੱਚ ਨੌਜਵਾਨ ਵੱਡੇ ਬਾਜ਼ਾਰ ਵਿੱਚ ਇਕੱਠੇ ਹੋ ਗਏ। ਪੁਲਿਸ ਨੇ ਉਨ੍ਹਾਂ ਨੂੰ ਤਿਤਰ-ਬਿਤਰ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ ਪਹਿਲਾਂ ਨਾਅਰੇਬਾਜ਼ੀ ਅਤੇ ਫੇਰ ਪੱਥਰਬਾਜ਼ੀ ਸ਼ੁਰੂ ਹੋ ਗਈ।

ਪੁਲਿਸ ਮੁਖੀ ਸਵਰਾਜਬੀਰ ਸਿੰਘ ਨੇ ਦੱਸਿਆ ਕਿ ਇਸ ਕੇਸ ਦੇ ਸਿਲਸਿਲੇ ਵਿੱਚ 50 ਗ੍ਰਿਫਤਾਰੀਆਂ ਹੋਈਆਂ ਹਨ। ਪੰਜਾਬੀ ਮੁਹੱਲੇ ਦੇ ਤਿੰਨ ਨੌਜਵਾਨ ਵੀ ਹਵਾਲਾਤ ਵਿੱਚ ਹਨ। ਸ਼ਿਲਾਂਗ ਵਿੱਚ ਹਿੰਸਾ ਦੇ ਦੂਸਰੇ ਦਿਨ ਕਰਫਿਊ ਲੱਗ ਗਿਆ ਸੀ।

ਖਾਸੀ ਸਟੂਡੈਂਟ ਯੂਨੀਅਨ ਦੇ ਮੁਖੀ ਲੈਂਬਾਕ ਮਾਰੇਂਗਾਰ ਕਹਿੰਦੇ ਹਨ, ‘31 ਮਈ ਨੂੰ ਉਸ ਏਰੀਏ ਵਿੱਚ ਜੋ ਹੋਇਆ ਉਹ ਨਵਾਂ ਨਹੀਂ ਸੀ। ਪਿਛਲੇ ਦਹਾਕੇ ਵਿੱਚ ਅਜਿਹਾ ਵਾਰ-ਵਾਰ ਹੋਇਆ ਹੈ। ਉਸ ਦਿਨ ਤਿੰਨ ਖਾਸੀ ਲੜਕਿਆਂ ਨੂੰ ਕੁੱਟਿਆ ਗਿਆ ਜਿਸ ਮਗਰੋਂ ਖਾਸੀਆਂ ਨੇ ਪੂਰਾ ਦਹਾਕਾ ਜੰਮਿਆ ਹੋਇਆ ਰੋਹ ਅਤੇ ਗੁੱਸਾ ਫੁੱਟ ਪਿਆ।’

‘ਮਾਮੂਲੀ ਕੱਦ ਕਾਠ ਅਤੇ ਸਾਂਵਲੇ ਰੰਗ ਦੇ ਲੈਂਬਾਕ ਗੁੱਸੇ ਵਿੱਚ ਕਹਿੰਦੇ ਹਨ, ਬਜਾਏ ਇਸ ਦੇ ਕਿ ਹਮਲਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਪੁਲਿਸ ਮਾਮਲੇ ਵਿੱਚ ਸੁਲਾਹ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਅਗਲੇ ਤਿੰਨ ਚਾਰ ਦਿਨ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਸੇ ਕਰਕੇ ਹੋਈਆਂ।’

ਹੈਰਾਨੀ ਦੀ ਗੱਲ ਹੈ ਅੰਗਰੇਜ਼ੀ ਦੇ ਰੋਜ਼ਾਨਾ ਦਿ ਸ਼ਿਲਾਂਗ ਟਾਈਮਜ਼ ਦੀ ਸੰਪਾਦਕ ਪੈਟ੍ਰਿਸ਼ਿਆ ਮੁਖਿਮ ਨੇ ਇਕ ਫਸਾਦੀ ਦੀ ਤਰ੍ਹਾਂ ਗੱਲ ਕਰ ਰਹੀ ਹੈ, ਉਸ ਦਾ ਕਹਿਣਾ ਹੈ ਕਿ ਮੇਘਾਲਿਆ ਵਿੱਚ ਕਿਸੇ ‘ਲੋਕਲ’ ਨੂੰ ਕੁੱਟ ਕੇ ਬਚਣਾ ਮੁਸ਼ਕਲ ਹੈ।

ਹਾਲ ਹੀ ਵਿੱਚ ਹੋਏ ਹਿੰਸਾ ਮਗਰੋਂ ਮੌਲਾਂਗ ਘਾਟ ਦੇ ਤਕਰੀਬਨ ਦੋ ਏਕੜ ਦੇ ਘੇਰੇ ਵਿੱਚ ਵਸੀ ਪੰਜਾਬੀ ਕਾਲੋਨੀ ਨੂੰ ਕਿਤੇ ਹੋਰ ਤਬਦੀਲ ਕਰਨ ਦੀ ਮੰਗ ਹੋਰ ਤੇਜ਼ ਹੋ ਗਈ ਹੈ। ਖਾਸੀ ਭਾਈਚਾਰਾ ਸਿੱਖ ਭਾਈਚਾਰੇ ਨੂੰ ਇਥੋਂ ਉਜਾੜਨਾ ਚਾਹੁੰਦਾ ਹੈ। ਸਰਕਾਰ ਤੇ ਜ਼ਿਆਦਾਤਰ ਰਾਜਨੀਤਕ ਲੋਕ ਖਾਸੀ ਭਾਈਚਾਰੇ ਦੇ ਹੱਕ ਵਿਚ ਖਲੌਤੇ ਹਨ ਤੇ ਭਾਜਪਾ ਵੀ ਆਪਣੀ ਸਿਆਸਤ ਖੇਡ ਰਹੀ ਹੈ। ਸ਼ਿਲਾਂਗ ਦੇ ਸਭ ਤੋਂ ਪਹਿਲੇ ਕਮਰਸ਼ੀਅਲ ਇਲਾਕੇ ਪੁਲਿਸ ਬਾਜ਼ਾਰ ਤੋਂ ਬਾਅਦ ਮੌਲਾਂਗ ਘਾਟ ਜਾਂ ਵੱਡੇ ਬਾਜ਼ਾਰ ਦਾ ਹੀ ਨਾਮ ਆਉਂਦਾ ਹੈ। ਉੱਥੇ ਹੀ ਹੈ ਪੰਜਾਬੀ ਮੁਹੱਲਾ ਜਿਸਦੇ ਦੋਵੇਂ ਪਾਸੇ ਛੋਟੀਆ-ਛੋਟੀਆਂ ਦੁਕਾਨਾਂ ਅਤੇ ਉੱਪਰ ਅਤੇ ਹੇਠਾਂ ਵੱਲ ਬੇਤਰਤੀਬੇ ਮਕਾਨ ਅਤੇ ਝੁੱਗੀਆਂ ਹਨ।

ਦੋ ਦਿਨ ਪਹਿਲਾਂ ਇੱਕ ਸ਼ਾਂਤੀ ਮਾਰਚ ਦਰਮਿਆਨ ਪ੍ਰਾਰਥਨਾ ਸਭਾ ਹੋਈ ਜਿਸ ਵਿੱਚ ਉੱਚ ਪੱਧਰੀ ਮੁੜ ਵਸੇਬਾ ਕਮੇਟੀ ਤੋਂ ਮੰਗ ਕੀਤੀ ਗਈ ਕਿ ਉਹ ਸਵੀਪਰਜ਼ ਕਾਲੋਨੀ ਨੂੰ ਦੂਸਰੀ ਥਾਂ ਵਸਾਉਣ ਦੇ ਕੰਮ ਵਿੱਚ ਤੇਜ਼ੀ ਲਿਆਵੇ। ਇਸ ਕਮੇਟੀ ਦਾ ਗਠਨ ਐਨਡੀਏ ਦੀ ਕੌਨਰੈਡ ਸੰਗਮਾ ਦੀ ਸਰਕਾਰ ਨੇ ਕੀਤਾ ਹੈ, ਜੋ ਕਿ ਭਾਜਪਾ ਦੇ ਗੱਠਜੋੜ ਨਾਲ ਬਣੀ ਹੈ।

ਲੈਂਬਾਕ ਮਾਰੇਂਗਾਰ ਕਹਿੰਦੇ ਹਨ, ‘ਇਹ ਰਿਹਾਇਸ਼ੀ ਇਲਾਕਾ ਨਹੀਂ ਕਮਰਸ਼ੀਅਲ ਏਰੀਆ ਹੈ। ਜੇ ਸਰਕਾਰ ਇੱਥੋਂ ਦੇ ਲੋਕਾਂ ਨੂੰ ਦੂਸਰੀ ਥਾਂ ਵਸਾ ਕੇ ਇਸ ਨੂੰ ਵਪਾਰਕ ਖੇਤਰ ਵਜੋਂ ਵਿਕਸਿਤ ਕਰੇ ਤਾਂ ਉਸ ਨਾਲ ਸੂਬੇ ਦਾ ਵਿਕਾਸ ਹੋਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ।’

ਨਿੱਜੀ ਕੰਪਨੀ ਵਿੱਚ ਕੰਮ ਕਰਨ ਵਾਲੇ ਸਨੀ ਸਿੰਘ ਕਹਿੰਦੇ ਹਨ, ‘ਉਹ ਇਸ ਇਲਾਕੇ ਨੂੰ ਕਮਰਸ਼ੀਅਲ ਕੇਂਦਰ ਵਜੋਂ ਵਿਕਸਿਤ ਕਰਨਾ ਚਾਹੁੰਦੇ ਹਨ ਅਤੇ ਉਹ ਉਸ ਸਮੇਂ ਤੱਕ ਨਹੀਂ ਜਦੋਂ ਤੱਕ ਅਸੀਂ ਇੱਥੋਂ ਜਾਂਦੇ ਨਹੀਂ।’

ਮੂਲ ਰੂਪ ਵਿੱਚ ਪੰਜਾਬ ਦੇ ਗੁਰਦਾਸਪੁਰ ਨਾਲ ਸੰਬੰਧ ਰੱਖਣ ਵਾਲੇ ਸਨੀ ਸਿੰਘ ਇਹ ਵੀ ਕਹਿੰਦੇ ਹਨ, ‘ਅੱਜ ਤਾਂ ਕੋਈ 10 ਸਾਲ ਕਿਤੇ ਰਹਿ ਲਵੇ ਤਾਂ ਜ਼ਮੀਨ ਨਹੀਂ ਛੱਡਦਾ ਅਸੀਂ ਤਾਂ ਇੱਥੇ ਪਿਛਲੇ ਲਗਪਗ ਡੇਢ ਸੌ ਸਾਲਾਂ ਤੋਂ ਰਹਿੰਦੇ ਆ ਰਹੇ ਹਾਂ।’

ਗੁਰਜੀਤ ਸਿੰਘ ਦਾ ਕਹਿਣਾ ਹੈ ਕਿ, ‘ਮੁੜ ਵਸੇਬੇ ਦਾ ਸਵਾਲ ਤਾਂ ਤਦ ਆਵੇਗਾ ਜਦੋਂ ਅਸੀਂ ਜ਼ਮੀਨ ਉੱਪਰ ਆਪਣੇ ਹੱਕ ਦੇ ਦਸਤਾਵੇਜ਼ ਪੇਸ਼ ਨਹੀਂ ਕਰ ਸਕਾਂਗੇ। ਸਾਡੇ ਕੋਲ ਸਾਰੇ ਸਬੂਤ ਮੌਜੂਦ ਹਨ। ਅਸੀਂ ਜ਼ਮੀਨ ਕਿਉਂ ਛੱਡੀਏ ? ਆਪਣੇ ਹੱਕਾਂ ਦੇ ਲਈ ਲੜਨਾ ਸਿੱਖੀ ਦਾ ਕਾਰਜ ਹੈ। ਸਾਡੇ ਲਈ ਕੋਈ ਖਲੋਏ ਜਾਂ ਨਾ ਖਲੋਏ, ਪਰ ਅਸੀਂ ਆਪਣੀ ਹੋਂਦ ਬਚਾਉਣ ਲਈ ਡੱਟ ਕੇ ਪਹਿਰਾ ਦਿਆਂਗੇ।’

ਪੰਜਾਬੀ ਭਾਈਚਾਰਾ ਆਪਣੇ ਹੱਕ ਵਿੱਚ ਸਥਾਨਕ ਸਰਕਾਰ- ਸਿਯੇਮ ਆਫ਼ ਮਿਲੇਨੀਅਮ, ਦੇ ਜਾਰੀ ਕੀਤੇ ਕਥਿਤ ਦਸਤਾਵੇਜ਼ ਦਿਖਾਉਂਦੇ ਹਨ। ਜਿਨ੍ਹਾਂ ਮੁਤਾਬਕ ਉਨ੍ਹਾਂ ਨੇ ਜ਼ਮੀਨ ਉਨ੍ਹਾਂ ਨੂੰ ਇਹ ਜ਼ਮੀਨ ਰਹਿਣ ਲਈ ਉਨੀਂਵੀਂ ਸਦੀ ਦੇ ਮੱਧ ਵਿੱਚ ਦਿੱਤੀ ਗਈ ਸੀ।

ਇਹ ਸਿੱਖ ਪਰਿਵਾਰ ਇੱਥੇ ਬਰਤਾਨਵੀਂ ਅਧਿਕਾਰੀਆਂ ਵੱਲੋਂ ਗੰਦਗੀ ਦੀ ਸਫ਼ਾਈ ਦੇ ਕੰਮ ਲਈ ਲਿਆਂਦੇ ਗਏ ਸਨ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਇਲਾਕੇ ਵਿੱਚੋਂ ਹਟਾਉਣ ਦਾ ਇੱਕ ਨੋਟਿਸ 1990 ਦੇ ਦਹਾਕੇ ਵਿੱਚ ਹਾਈ ਕੋਰਟ ਵਿੱਚ ਉਨ੍ਹਾਂ ਦੇ ਪੱਖ ਵਿੱਚ ਆਇਆ ਸੀ ਪਰ ਦੂਜੇ ਪਾਸੇ ਖਾਸੀ ਸੰਗਠਨ ਕਹਿ ਰਹੇ ਹਨ ਕਿ ਉਹ ਮੁੜ ਵਸੇਬੇ ਨੂੰ ਲੈ ਕੇ ਕੁਝ ਮਹੀਨੇ ਦੇਖਣ ਮਗਰੋਂ ਲੋੜ ਪਈ ਤਾਂ ਸਖ਼ਤ ਰੁਖ ਅਪਨਾਉਣਗੇ।

## ਸਿੱਖ ਵਿਚਾਰ ਮੰਚ ਵੱਲੋਂ ਭਾਜਪਾ ਦੁਆਰਾ ਬੰਦਾ ਸਿੰਘ ਬਹਾਦਰ ਦੀ ਗ਼ੈਰਸਿੱਖ ਪੇਸ਼ਕਾਰੀ ਦਾ ਤਿੱਖਾ ਵਿਰੋਧ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਲੋਹਗੜ੍ਹ-ਸ਼ਾਹਬਾਦ ਸੜਕ ਦਾ ਨਾਮ ਬਾਬਾ ਬੰਦਾ ਬੈਰਾਗੀ ਰੱਖਣ ਦੇ ਐਲਾਨ ਨਾਲ ਸਿੱਖ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਦੀ ਜਾਣਬੁੱਝ ਕੇ ਕੀਤੀ ਜਾ ਰਹੀ ਗ਼ੈਰਸਿੱਖ ਪੇਸ਼ਕਾਰੀ ‘ਤੇ ਸਿੱਖ ਵਿਚਾਰ ਮੰਚ ਦੇ ਚਿੰਤਕਾਂ ਨੇ ਭਾਰੀ ਇਤਰਾਜ਼ ਜ਼ਾਹਿਰ ਕੀਤਾ ਹੈ। ਇਕ ਸਾਂਝੇ ਬਿਆਨ ਵਿਚ ਸਿੱਖ ਚਿੰਤਕਾਂ ਨੇ ਕਿਹਾ ਕਿ ਹਰਿਆਣੇ ਦੀ ਭਾਜਪਾ ਸਰਕਾਰ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਇਸ ਮਹਾਨ ਸਿੱਖ ਜਰਨੈਲ ਨੂੰ ਸੰਘ ਪਰਵਾਰ ਦੀ ਝੋਲੀ ਵਿਚ ਪਾਉਣ ਲਈ ਯਤਨਸ਼ੀਲ ਹੈ।ਖੱਟੜ ਸਰਕਾਰ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਦੇ ਨਾਂ ਹੇਠ ਕੀਤੇ ਜਾ ਰਹੇ ਕਾਰਜਾਂ ਦੀ ਅਲੋਚਨਾ ਕਰਦੇ ਹੋਏ ਸਿੱਖ ਚਿੰਤਕਾਂ ਨੇ ਆਖਿਆ ਕਿ ਇਸ ਮਹਾਨ ਸਿੱਖ ਜਰਨੈਲ ਨੂੰ ਸ਼ਹੀਦੀ ਉਪਰੰਤ ਹਿੰਦੂ ਸਮਾਜ ਦੇ ਬੈਰਾਗੀ ਵਰਗ ਤਕ ਸੀਮਤ ਕਰਨ ਦੀ ਪੇਸ਼ਕਾਰੀ ਦੇ ਯਤਨ ਬਰਦਾਸ਼ਤ ਨਹੀਂ ਕੀਤੇ ਜਾਣਗੇ। ਅਠਾਰਵੀਂ ਸਦੀ ਦੇ ਇਤਿਹਾਸ ਵਿਚ ਪੁਖਤਾ ਤੱਥ ਹਨ ਕਿ ਉਦਾਸੀ ਪਰੰਪਰਾਂ ਨਾਲ ਸਬੰਧਿਤ ਬੰਦਾ ਬੈਰਾਗੀ ਗੁਰੂ ਗੋਬਿੰਦ ਸਿੰਘ ਤੋਂ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਖਾਲਸਾ ਪੰਥ ਵਿਚ ਸ਼ਾਮਲ ਹੋ ਗਏ ਸਨ ਅਤੇ ਦਸ਼ਮੇਸ ਪਿਤਾ ਦੇ ਆਦੇਸ਼ ਨਾਲ ਪੰਜਾਂ ਪਿਆਰਿਆਂ ਦੀ ਸ੍ਰਪਰਸਤੀ ਵਿਚ ਦੱਖਣ ਤੋਂ ਪੰਜਾਬ ਆਏ ਸੀ। ਖਾਲਸਾ ਪੰਥ ਦੇ ਜਰਨੈਲ ਵਜੋਂ ਜੰਗ ਦੀ ਅਗਵਾਈ ਕਰਦਿਆਂ ਬੰਦਾ ਸਿੰਘ ਬਹਾਦਰ ਨੇ ਮੁਗਲ ਹਕੂਮਤ ਦਾ ਖਾਤਮਾ ਕਰਕੇ ਖ਼ਾਲਸਾ ਰਾਜ ਦੀ ਲੋਹਗੜ੍ਹ ਵਿਚ ਰਾਜਧਾਨੀ ਸਥਾਪਤ ਕੀਤੀ ਤੇ ਗੁਰੂ ਨਾਨਕ ਦੇ ਨਾਮ ਹੇਠ ਸਿੱਕੇ ਜਾਰੀ ਕੀਤੇ ਸਨ।

ਬਾਕੀ ਸਫ਼ਾ 28 ’ਤੇ

# ਭਾਰਤ ਹੁਣ ਆਰਥਿਕ ਤੌਰ ’ਤੇ ਮੰਦੀ ਹਾਲਤ ਵਿਚ

### *ਸਰਕਾਰ ਵਲੋਂ ਦਾਅਵੇ ਚਾਲੂ ਮਾਲੀ ਸਾਲ ਦੌਰਾਨ ਵੀ ਦੇਸ ਦੀ ਜੀ ਡੀ ਪੀ 7.4 ਫ਼ੀਸਦੀ ਦੇ ਨੇੜੇ-ਤੇੜੇ ਰਹੇਗੀ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਸਰਕਾਰ ਦੇ ਬੁਲਾਰੇ ਇਹ ਬੁਲੰਦ ਬਾਂਗ ਦਾਅਵੇ ਕਰੀ ਜਾ ਰਹੇ ਹਨ ਕਿ ਚਾਲੂ ਮਾਲੀ ਸਾਲ ਦੌਰਾਨ ਵੀ ਦੇਸ਼ ਦੀ ਜੀਡੀਪੀ 7.4 ਫ਼ੀਸਦੀ ਦੇ ਨੇੜੇ-ਤੇੜੇ ਰਹੇਗੀ। ਵਿਸ਼ਵ ਬੈਂਕ ਤੇ ਕੌਮਾਂਤਰੀ ਮਾਲੀ ਫ਼ੰਡ ਨੇ ਵੀ ਇੱਕ ਤਰ੍ਹਾਂ ਨਾਲ ਸਰਕਾਰ ਦੇ ਇਹਨਾਂ ਦਾਅਵਿਆਂ ਦੀ ਪੁਸ਼ਟੀ ਕੀਤੀ ਹੈ, ਪਰ ਹੁਣੇ-ਹੁਣੇ ਸਾਹਮਣੇ ਆਏ ਤੱਥਾਂ ਮੁਤਾਬਕ ਮਈ ਮਹੀਨੇ ਦੌਰਾਨ ਸਿੱਕੇ ਦੇ ਫੈਲਾਓ ਦੀ ਦਰ 4.87 ਫ਼ੀਸਦੀ ਤੱਕ ਪਹੁੰਚ ਗਈ ਹੈ। ਪਿਛਲੇ ਚਾਰ ਮਹੀਨਿਆਂ ਤੋਂ ਇਹ ਦਰ ਲਗਾਤਾਰ ਉੱਪਰ ਨੂੰ ਜਾ ਰਹੀ ਹੈ।

ਆਰਥਕ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਖਾਣ-ਪੀਣ ਵਾਲੀਆਂ ਵਸਤਾਂ ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧੇ ਦੀ ਦਰ ਨੂੰ ਆਧਾਰ ਬਣਾਇਆ ਜਾਵੇ ਤਾਂ ਸਿੱਕੇ ਦੇ ਫੈਲਾਓ ਦੀ ਦਰ 5.95 ਫ਼ੀਸਦੀ ਤੱਕ ਅੱਪੜ ਜਾਵੇਗੀ। ਰਿਜ਼ਰਵ ਬੈਂਕ ਵੱਲੋਂ ਵਿਆਜ ਦੀਆਂ ਦਰਾਂ ਵਿੱਚ ਕੀਤੇ ਵਾਧੇ ਕਾਰਨ ਸਨਅਤਾਂ ਵੱਲੋਂ ਤਿਆਰ ਮਾਲ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਵੀ ਲਾਜ਼ਮੀ ਹੈ।

ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਕਾਰਨ ਸਾਡੇ ਬਦੇਸ਼ੀ ਸਿੱਕੇ ਦੇ ਭੰਡਾਰਾਂ ਉੱਤੇ ਨਾਂਹ-ਪੱਖੀ ਪ੍ਰਭਾਵ ਪੈ ਰਿਹਾ ਹੈ। ਭਾਰਤ ਕਿਉਂਕਿ ਕੱਚੇ ਤੇਲ ਦੀਆਂ ਲੋੜਾਂ ਲਈ ਵੱਡੀ ਹੱਦ ਤੱਕ ਦਰਾਮਦਾਂ ’ਤੇ ਨਿਰਭਰ ਹੈ, ਇਸ ਲਈ ਉਸ ਨੂੰ ਇਸ ਮੱਦ ’ਤੇ ਸਭ ਤੋਂ ਵੱਧ ਵਿਦੇਸ਼ੀ ਸਿੱਕਾ ਖ਼ਰਚ ਕਰਨਾ ਪੈਂਦਾ ਹੈ। ਇਸ ਕਰਕੇ ਡਾਲਰ ਤੇ ਦੂਜੀਆਂ ਬਦੇਸ਼ੀ ਕਰੰਸੀਆਂ ਦੇ ਮੁਕਾਬਲੇ ਵਿੱਚ ਰੁਪਏ ਦੀ ਕੀਮਤ ਲਗਾਤਾਰ ਡਿੱਗਦੀ ਜਾ ਰਹੀ ਹੈ। ਮਈ ਮਹੀਨੇ ਦੌਰਾਨ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 68 ਰੁਪਏ 47 ਪੈਸੇ ਤੱਕ ਪਹੁੰਚ ਗਈ ਸੀ। ਇਹ ਪਿਛਲੇ ਅਠਾਰਾਂ ਮਹੀਨਿਆਂ ਵਿੱਚ ਸਭ ਤੋਂ ਹੇਠਲੀ ਕੀਮਤ ਸੀ, ਪਰ ਇਸ ਦੇ ਮੁਕਾਬਲੇ ਚੀਨ ਦੀ ਕਰੰਸੀ ਦੀ ਡਾਲਰ ਦੇ ਮੁਕਾਬਲੇ ਕੀਮਤ 1.6 ਫ਼ੀਸਦੀ ਵਧੀ ਹੈ। ਏਸ਼ੀਆ ਦੀਆਂ ਦੂਜੀਆਂ ਕਰੰਸੀਆਂ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਵਿੱਚ ਸਭ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ ਹੈ। ਕੁਝ ਵਿਸ਼ਲੇਸ਼ਣਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਅਗਲੇ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇ-ਨਜ਼ਰ ਸਰਕਾਰ ਨੂੰ ਲਾਜ਼ਮੀ ਹੀ ਸੰਕਟ ਗ੍ਰਸਤ ਕਿਸਾਨੀ ਨੂੰ ਕੁਝ ਰਾਹਤ ਦੇਣ ਲਈ ਅਨਾਜ ਤੇ ਦੂਜੇ ਖੇਤੀ ਉਤਪਾਦਾਂ ਦੀਆਂ ਘੱਟੋ-ਘੱਟ ਖ਼ਰੀਦ ਕੀਮਤਾਂ ਵਿੱਚ ਵਾਧਾ ਕਰਨਾ ਪਵੇਗਾ। ਵੱਖ-ਵੱਖ ਖੇਤਰਾਂ ਵਿੱਚ ਸ਼ੁਰੂ ਕੀਤੇ ਪ੍ਰਾਜੈਕਟਾਂ ਨੂੰ ਚੋਣਾਂ ਤੋਂ ਪਹਿਲਾਂ-ਪਹਿਲਾਂ ਨੇਪਰੇ ਚਾੜ੍ਹਨ ਲਈ ਵੀ ਉਸ ਨੂੰ ਵਾਧੂ ਖ਼ਰਚੇ ਕਰਨੇ ਪੈਣਗੇ। ਇਸ ਨਾਲ ਵੀ ਬੱਜਟ ਘਾਟਾ ਅਨੁਮਾਨ ਨਾਲੋਂ ਵਧ ਜਾਏਗਾ।

ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਜਨਤਕ ਖੇਤਰ ਦੇ ਇੱਕੀ ਬੈਂਕਾਂ ਵਿੱਚੋਂ ਕੇਵਲ ਦੋ ਬੈਂਕਾਂ; ਇੰਡੀਅਨ ਬੈਂਕ ਤੇ ਵਿਜਯਾ ਬੈਂਕ ਨੇ ਹੀ ਸਾਲ 2017-2018 ਦੌਰਾਨ ਮੁਨਾਫ਼ਾ ਕਮਾਇਆ ਹੈ, ਬਾਕੀ ਦੇ ਬੈਂਕਾਂ ਨੂੰ 87300 ਕਰੋੜ ਰੁਪਏ ਦਾ ਘਾਟਾ ਹੋਇਆ ਹੈ।ਸਭ ਤੋਂ ਵੱਧ ਘਾਟੇ ਦਾ ਸ਼ਿਕਾਰ ਪੰਜਾਬ ਨੈਸ਼ਨਲ ਬੈਂਕ ਹੋਇਆ ਹੈ, ਜਿਸ ਦਾ ਅਨੁਮਾਨਤ ਘਾਟਾ 12387 ਕਰੋੜ ਰੁਪਏ ਦੇ ਕਰੀਬ ਰਿਕਾਰਡ ਕੀਤਾ ਗਿਆ ਹੈ। ਖ਼ੁਦ ਰਿਜ਼ਰਵ ਬੈਂਕ ਦੇ ਗਵਰਨਰ ਉਰਜਿਤ ਪਟੇਲ ਨੂੰ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਸਾਹਮਣੇ ਇਹ ਗੱਲ ਪ੍ਰਵਾਨ ਕਰਨੀ ਪਈ ਹੈ ਕਿ ਜਿਸ ਤਰ੍ਹਾਂ ਨਾਲ ਕੌਮੀ ਮਾਲਕੀ ਵਾਲੇ ਬੈਂਕਾਂ ਨਾਲ ਧੋਖਾਧੜੀ ਹੋਈ ਹੈ ਤੇ ਐੱਨ ਪੀ ਏ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਉਹ ਘੋਰ ਚਿੰਤਾ ਉਪਜਾਉਣ ਵਾਲਾ ਮਾਮਲਾ ਹੈ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਦਸੰਬਰ 2017 ਤੱਕ ਕੁੱਲ ਬੈਂਕਿੰਗ ਸਨਅਤ ਦਾ ਐੱਨ ਪੀ ਏ 8.31 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਬੈਂਕਿੰਗ ਸਨਅਤ ਨਾਲ ਜੁੜੇ ਕੁਝ ਹੋਰ ਮਾਹਿਰਾਂ ਦਾ ਕਹਿਣਾ ਹੈ ਕਿ ਅੱਜ ਦੀ ਤਾਰੀਖ ਤੱਕ ਐੱਨ ਪੀ ਏ ਦਸ ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਐੱਨ ਪੀ ਏ ਦੇ ਨਿਪਟਾਰੇ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ।

# ਬਰਗਾੜੀ ਕਾਂਡ : ਗੁਰੂ ਗਰੰਥ ਸਾਹਿਬ ਦੇ ਚੋਰੀ ਕੀਤੇ ਸਰੂਪ ਮਿਲਣ ਦੀ ਸੰਭਾਵਨਾ ਲਗਭਗ ਖਤਮ

**ਬਠਿੰਡਾ/ਬਿਊਰੋ ਨਿਊਜ਼ :**
ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਸੀਨੀਅਰ ਮੈਂਬਰ ਅਤੇ ਬਰਗਾੜੀ ਕਾਂਡ ਦੇ ਮੁੱਖ ਸੂਤਰਧਾਰ ਮਹਿੰਦਰਪਾਲ ਬਿੱਟੂ ਨੇ ਗੁਰੂ ਘਰ 'ਚੋਂ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਕਰੀਬ ਛੇ ਸੌ ਪੰਨਿਆਂ ਨੂੰ ਡਰੇਨ 'ਚ ਸੁੱਟ ਕੇ ਸਭ ਸਬੂਤਾਂ 'ਤੇ ਮਿੱਟੀ ਪਾ ਦਿੱਤੀ ਹੈ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਤਰਫ਼ੋਂ ਸਰੂਪ ਬਰਾਮਦ ਕਰਨ ਲਈ ਆਖ਼ਰੀ ਪਲ ਤੱਕ ਵਾਹ ਲਾਈ ਗਈ। ਅਹਿਮ ਸੂਤਰਾਂ ਅਨੁਸਾਰ ਸਿੱਟ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਮਹਿੰਦਰਪਾਲ ਬਿੱਟੂ ਸਰੂਪ ਦੀ ਬਰਾਮਦਗੀ ਨੂੰ ਲੈ ਕੇ ਤਫ਼ਤੀਸ਼ ਦੌਰਾਨ ਬਿਆਨ ਬਦਲਦਾ ਰਿਹਾ ਅਤੇ ਅਖੀਰ ਉਸ ਨੇ ਸਰੂਪ ਡਰੇਨ 'ਚ ਸੁੱਟਣ ਦੀ ਗੱਲ ਕਬੂਲ ਲਈ ਹੈ।

ਬਰਗਾੜੀ ਕਾਂਡ ਦੀ ਜਾਂਚ ਦੇ 'ਸੱਚ' ਦਾ ਹੁਣ ਸੀਬੀਆਈ ਪਤਾ ਲਾਏਗੀ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਅੰਤਿਮ ਜਾਂਚ 'ਚ ਬਰਗਾੜੀ ਕਾਂਡ ਲਈ ਡੇਰਾ ਸਿਰਸਾ ਦੀ ਨੌਂ ਮੈਂਬਰੀ ਟੀਮ ਨੂੰ ਮੁਲਜ਼ਮ ਕਰਾਰ ਦੇ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਪਿੰਡ ਬੁਰਜ ਜਵਾਹਰ ਸਿੰਘ ਵਾਲਾ (ਫ਼ਰੀਦਕੋਟ) ਦੇ ਗੁਰੂ ਘਰ 'ਚੋਂ ਪਹਿਲੀ ਜੂਨ 2015 ਨੂੰ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੱਭਣ ਲਈ ਆਖ਼ਰੀ ਹੰਭਲਾ ਮਾਰਿਆ। ਕੋਟਕਪੂਰਾ ਦੀ ਦੇਵੀਵਾਲਾ ਰੋਡ ਸਥਿਤ ਡਰੇਨ 'ਚ ਸੁੱਟੇ ਸਰੂਪ ਲੱਭਣ ਲਈ ਤੜਕਸਾਰ 'ਤਲਾਸ਼ੀ ਅਭਿਆਨ' ਚਲਾਇਆ ਗਿਆ ਜਿਸ 'ਚ ਕੁਝ ਵੀ ਹੱਥ-ਪੱਲੇ ਨਹੀਂ ਪਿਆ। ਆਮ ਲੋਕਾਂ ਨੇ ਸਵਾਲ ਉਠਾਏ ਕਿ ਤਿੰਨ ਸਾਲ ਪਹਿਲਾਂ ਡਰੇਨ ਵਿੱਚ ਸੁੱਟੇ ਸਰੂਪ ਹੁਣ ਲੱਭਣੇ ਕਿਵੇਂ ਸੰਭਵ ਹਨ। ਕੁਝ ਨੇ ਆਖਿਆ ਕਿ ਪੁਲੀਸ ਨੇ ਆਪਣੀ ਸੁਹਿਰਦਤਾ ਦਾ ਸ਼ੀਸ਼ਾ ਦਿਖਾਉਣ ਲਈ 'ਸਰਚ ਅਭਿਆਨ' ਚਲਾਇਆ। ਸਿੱਟ ਦੀ ਫੁਰਤੀ ਤੋਂ ਲੋਕ ਹੈਰਾਨ ਹਨ ਕਿ ਕਿਵੇਂ ਤਿੰਨ ਸਾਲਾਂ ਤੋਂ ਉਲਝੇ ਮਾਮਲੇ ਨੂੰ ਉਨ੍ਹਾਂ ਰਾਤੋ ਰਾਤ ਸੁਲਝਾ ਲਿਆ ਹੈ।

ਬਰਗਾੜੀ ਕਾਂਡ ਦੀ ਜਾਂਚ 'ਚ ਸੀਬੀਆਈ ਦੇ ਹੱਥ ਹਾਲੇ ਤਕ ਖ਼ਾਲੀ ਸਨ ਪ੍ਰੰਤੂ ਹੁਣ ਪੰਜਾਬ ਪੁਲੀਸ ਦੀ ਜਾਂਚ ਨੂੰ ਛਾਣਨ ਦਾ ਉਸ ਨੂੰ ਮੌਕਾ ਮਿਲ ਜਾਣਾ ਹੈ। ਸੀਬੀਆਈ ਨੇ ਕੁਝ ਦਿਨ ਪਹਿਲਾਂ ਹੀ ਬਰਗਾੜੀ ਇਲਾਕੇ ਵਿੱਚ ਕਾਂਡ ਦੀ ਸੂਹ ਦੇਣ ਵਾਲੇ ਨੂੰ ਇਨਾਮ ਦਿੱਤੇ ਜਾਣ ਦੇ ਪੋਸਟਰ ਲਗਾਏ ਸਨ। ਸਿੱਟ ਨੇ ਹੁਣ ਤੱਕ ਬਰਗਾੜੀ ਕਾਂਡ ਵਿੱਚ ਮਹਿੰਦਰਪਾਲ ਬਿੱਟੂ ਸਮੇਤ 9 ਜਣੇ ਗ੍ਰਿਫ਼ਤਾਰ ਕੀਤੇ ਹਨ ਜੋ ਪੁਲੀਸ ਰਿਮਾਂਡ 'ਤੇ ਹਨ। ਸੂਤਰਾਂ ਅਨੁਸਾਰ ਬਿੱਟੂ ਸਰੂਪਾਂ ਬਾਰੇ ਸਿੱਟ ਨੂੰ ਗੁਮਰਾਹ ਵੀ ਕਰਦਾ ਰਿਹਾ ਹੈ। ਬਿੱਟੂ ਨੇ ਸਭ ਤੋਂ ਪਹਿਲਾਂ ਪੁਲੀਸ ਕੋਲ ਸਰੂਪਾਂ ਨੂੰ ਨਹਿਰ ਵਿੱਚ ਸੁੱਟ ਕੇ ਆਉਣ ਅਤੇ ਉਸ ਮਗਰੋਂ ਨਾਮ ਚਰਚਾ ਘਰ ਵਿਚ ਸਰੂਪਾਂ ਦਾ ਅਦਬ ਸਹਿਤ ਸੰਸਕਾਰ ਕੀਤੇ ਜਾਣ ਦੀ ਗੱਲ ਆਖੀ ਸੀ।

ਪੁਲੀਸ ਵੱਲੋਂ ਇਹ ਸਰਚ ਅਪਰੇਸ਼ਨ ਸਵੇਰੇ ਕਰੀਬ ਢਾਈ ਵਜੇ ਸ਼ੁਰੂ ਕਰਕੇ ਕਰੀਬ 9 ਵਜੇ ਖਤਮ ਕੀਤਾ ਗਿਆ। ਇਸ ਦੌਰਾਨ ਪੁਲੀਸ ਵੱਲੋਂ ਇਹ ਸਾਰਾ ਇਲਾਕਾ ਸੀਲ ਕਰ ਦਿੱਤਾ ਗਿਆ ਸੀ। ਪੁਲੀਸ ਨੇ ਇਸ ਇਲਾਕੇ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਵਾੜ ਦਿੱਤਾ। ਸਰਚ ਅਪਰੇਸ਼ਨ ਤੋਂ ਕੁਝ ਘੰਟੇ ਪਹਿਲਾਂ ਹੀ ਪੰਜਾਬ ਪੁਲੀਸ ਨੇ ਬੱਤੀਆਂ ਵਾਲਾ ਚੌਕ ਤੋਂ ਇਲਾਵਾ ਸ਼ਹਿਰ ਨੂੰ ਚਾਰੇ ਪਾਸਿਓਂ ਸੀਲ ਕਰ ਦਿੱਤਾ ਸੀ। ਜਾਣਕਾਰੀ ਮੁਤਾਬਿਕ ਇਹ ਸਰਚ ਅਪਰੇਸ਼ਨ ਜਾਂਚ ਟੀਮ ਦੇ ਇੰਚਾਰਜ ਡੀਆਈਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਸ਼ੁਰੂ ਹੋਇਆ। ਇਸ ਮੌਕੇ ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ, ਡੀ.ਐੱਸ.ਪੀ.ਕੋਟਕਪੂਰਾ ਮਨਬਿੰਦਰਬੀਰ ਸਿੰਘ ਤੇ ਥਾਣਾ ਮੁਖੀ ਖੇਮ ਚੰਦ ਪਰਾਸ਼ਰ ਵੀ ਮੌਜੂਦ ਸਨ। ਪੁਲੀਸ ਵੱਲੋਂ ਕਰੀਬ ਦੋ ਕਿਲੋਮੀਟਰ ਤਕ ਦੋਹਾਂ ਪਾਸੇ ਮਿੱਟੀ ਦੇ ਬੰਨ੍ਹ ਲਾ ਕੇ ਵਗਦੇ ਪਾਣੀ ਨੂੰ ਰੋਕਿਆ ਗਿਆ ਤੇ ਜੇਸੀਬੀ ਮਸ਼ੀਨ ਨਾਲ ਨਾਲੇ ਦੀ ਗਾਰ ਨੂੰ ਬਾਹਰ ਕਢਵਾਇਆ। ਫੇਰ ਗਾਰ ਨੂੰ ਚੰਗੀ ਤਰ੍ਹਾਂ ਖੰਗਾਲ ਕੇ ਉਸ ਵਿੱਚੋਂ ਪਵਿੱਤਰ ਬੀੜ ਦੇ ਪੱਤਰੇ ਭਾਲਣੇ ਸ਼ੁਰੂ ਕੀਤੇ।


ਬਰਗਾੜੀ ਕਾਂਡ ਦੀ ਜਾਂਚ ਬਾਰੇ ਦੱਸਦੇ ਹੋਏ ਡੀਆਈਜੀ ਰਣਬੀਰ ਸਿੰਘ ਖੱਟੜਾ।

ਜਾਂਚ ਟੀਮ ਮਹਿੰਦਰਪਾਲ ਬਿੱਟੂ ਨੂੰ ਵੀ ਮੌਕੇ ਲੈ ਕੇ ਆਈ। ਬਿੱਟੂ ਨੇ ਜਾਂਚ ਟੀਮ ਨੂੰ ਦੱਸਿਆ ਕਿ ਡੇਰਾ ਪ੍ਰੇਮੀਆਂ ਨੇ ਕਿੱਥੇ-ਕਿੱਥੇ ਇਹ ਪੱਤਰੇ ਸੁੱਟੇ ਸਨ।

ਆਲੇ-ਦੁਆਲੇ ਦੇ ਵਸਨੀਕਾਂ ਮੁਤਾਬਿਕ ਅੱਧੀ ਰਾਤ ਨੂੰ ਉਨ੍ਹਾਂ ਨੂੰ ਰੌਲਾ ਸੁਣਾਈ ਦਿੱਤਾ ਤੇ ਉਨ੍ਹਾਂ ਉਠ ਕੇ ਵੇਖਿਆ ਤਾਂ ਪੁਲੀਸ ਨੇ ਉਨ੍ਹਾਂ ਦੇ ਘਰਾਂ ਨੂੰ ਬਾਹਰੋਂ ਕੁੰਡੇ ਲਾ ਦਿੱਤੇ। ਇਸ ਬਾਰੇ ਜਦੋਂ ਐੱਸਐੱਸਪੀ ਫ਼ਰੀਦਕੋਟ ਡਾ. ਨਾਨਕ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਜਾਂਚ ਟੀਮ ਦੇ ਮੁਖੀ ਨਾਲ ਸੰਪਰਕ ਕਰਨ ਬਾਰੇ ਕਿਹਾ। ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਡਰੇਨ 'ਚੋਂ ਸਬੂਤ ਲੱਭਣ ਲਈ ਉਨ੍ਹਾਂ ਵੱਲੋਂ ਚਲਾਏ ਗਏ ਸਰਚ ਅਭਿਆਨ ਦੌਰਾਨ ਕੁਝ ਵੀ ਨਹੀਂ ਮਿਲਿਆ ਹੈ। ਬਰਗਾੜੀ ਕਾਂਡ ਦਾ ਮੁੱਖ ਸਾਜ਼ਿਸ਼ਕਾਰ ਮਹਿੰਦਰਪਾਲ ਬਿੱਟੂ ਚੋਰੀ ਕੀਤੇ ਸਰੂਪਾਂ ਦੇ ਅੱਧੇ ਪੱਤਰੇ ਡਰੇਨ ਵਿੱਚ ਸੁੱਟੇ ਜਾਣ ਦੀ ਗੱਲ ਆਖ ਰਿਹਾ ਸੀ। ਸ੍ਰੀ ਖੱਟੜਾ ਨੇ ਦੱਸਿਆ ਕਿ ਪੰਜਾਬ ਪੁਲੀਸ ਮੁਖੀ ਨੇ ਬਰਗਾੜੀ ਕਾਂਡ ਦੀ ਜਾਂਚ ਬਾਰੇ ਸੀਬੀਆਈ ਦੇ ਅਫ਼ਸਰਾਂ ਨੂੰ ਦੱਸ ਦਿੱਤਾ ਹੈ ਅਤੇ ਇੱਕ-ਦੋ ਦਿਨਾਂ ਵਿੱਚ ਸੀਬੀਆਈ ਜਾਂਚ 'ਚ ਸ਼ਾਮਲ ਹੋ ਜਾਵੇਗੀ। ਨਾਲੇ ਦੇ ਪਾਣੀ ਦੇ ਨਮੂਨੇ ਪ੍ਰਾਪਤ ਕਰਕੇ ਲੈਬਾਰੇਟਰੀ ਨੂੰ ਭੇਜ ਦਿੱਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਾਂਚ ਟੀਮ ਬੇਅਦਬੀ ਕਾਂਡ ਦੇ ਨਤੀਜੇ ਦੇ ਬਿਲਕੁਲ ਨੇੜੇ ਪਹੁੰਚ ਚੁੱਕੀ ਹੈ। ਆਖਰੀ ਵੇਰਵਿਆਂ ਅਨੁਸਾਰ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ 'ਚੋਂ ਕਰੀਬ ਤਿੰਨ ਸਾਲ ਪਹਿਲਾਂ 1 ਜੂਨ 2015 ਨੂੰ ਗੁਰੂ ਗਰੰਥ ਸਾਹਿਬ ਦੇ ਸਰੂਪ ਚੋਰੀ ਹੋਏ ਸਨ ਅਤੇ ਹੁਣ ਜਾਂਚ ਅਨੁਸਾਰ ਇਹ ਸਰੂਪ ਬਰਾਮਦ ਹੋਣ ਦੀਆਂ ਸਭ ਅਟਕਲਾਂ ਖ਼ਤਮ ਹੋ ਗਈਆਂ ਹਨ।

ਡੀਆਈਜੀ ਰਣਬੀਰ ਸਿੰਘ ਖੱਟੜਾ ਦਾ ਕਹਿਣਾ ਸੀ ਕਿ ਹੁਣ ਤੱਕ ਦੀ ਜਾਂਚ ਤੋਂ ਸਰੂਪ ਬਰਾਮਦ ਹੋਣੇ ਮੁਸ਼ਕਲ ਜਾਪਦੇ ਹਨ ਪ੍ਰੰਤੂ ਉਹ ਜੁਟੇ ਹੋਏ ਹਨ। ਇਕ-ਦੋ ਦਿਨਾਂ ਤੱਕ ਸਭ ਤੱਥ ਸਾਹਮਣੇ ਆ ਜਾਣਗੇ। ਉਨ੍ਹਾਂ ਦੱਸਿਆ ਕਿ ਸੀਬੀਆਈ ਤਰਫ਼ੋਂ ਹਾਲੇ ਤੱਕ ਉਨ੍ਹਾਂ ਨਾਲ ਕੋਈ ਰਾਬਤਾ ਕਾਇਮ ਨਹੀਂ ਕੀਤਾ ਗਿਆ ਅਤੇ ਸਿੱਟ ਤਰਫ਼ੋਂ ਸਭ ਜਾਣਕਾਰੀ ਅਦਾਲਤ 'ਚ ਪੇਸ਼ ਕਰ ਦਿੱਤੀ ਜਾਵੇਗੀ।

# ਸੁਖਪਾਲ ਖਹਿਰਾ ਦੇ ਨਾਲ ਬਰਗਾੜੀ ਮੋਰਚੇ ਦੀ ਹਮਾਇਤ 'ਚ ਪਹੁੰਚੇ 'ਆਪ' ਦੇ ਵਿਧਾਇਕ

**ਜੈਤੋ/ਬਿਊਰੋ ਨਿਊਜ਼ :**
ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਸੱਤ ਸਾਥੀ ਵਿਧਾਇਕਾਂ ਸਮੇਤ ਬਰਗਾੜੀ ਵਿੱਚ ਚੱਲ ਰਹੇ ਇਨਸਾਫ਼ ਮੋਰਚੇ ਵਿੱਚ ਸ਼ਾਮਲ ਹੋਏ। ਉਨ੍ਹਾਂ ਮੋਰਚਾ ਲਾਉਣ ਵਾਲੀਆਂ ਪੰਥਕ ਹਸਤੀਆਂ ਨੂੰ ਰਾਇ ਦਿੱਤੀ ਕਿ ਹਕੂਮਤ ਨੂੰ ਝੰਜੋੜਨ ਲਈ ਬਰਗਾੜੀ ਤੋਂ ਚੰਡੀਗੜ੍ਹ ਤੱਕ ਰੋਸ ਮਾਰਚ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਵਿੱਚ ਸਾਰੇ ਧਰਮਾਂ ਦੇ ਕੈਦੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਗੱਲ ਕਹੀ। ਸ੍ਰੀ ਖਹਿਰਾ ਨਾਲ ਵਿਧਾਇਕ ਪ੍ਰੋ. ਬਲਜਿੰਦਰ ਕੌਰ, ਰੁਪਿੰਦਰ ਕੌਰ ਰੂਬੀ, ਮਾਸਟਰ ਬਲਦੇਵ ਸਿੰਘ, ਕੁਲਤਾਰ ਸਿੰਘ ਸੰਧਵਾਂ, ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਖਾਲਸਾ ਤੇ ਮਨਜੀਤ ਸਿੰਘ ਬਿਲਾਸਪੁਰ ਵੀ ਆਏ।


ਬਰਗਾੜੀ ਵਿੱਚ ਇਨਸਾਫ਼ ਮੋਰਚੇ 'ਚ ਮੌਜੂਦ ਸੁਖਪਾਲ ਸਿੰਘ ਖਹਿਰਾ।

ਸ੍ਰੀ ਖਹਿਰਾ ਨੇ ਕਿਹਾ ਕਿ ਬੇਅਦਬੀ ਘਟਨਾਵਾਂ ਅਤੇ ਮੌੜ ਬੰਬ ਕਾਂਡ ਦੀਆਂ ਤਾਰਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਇਨ੍ਹਾਂ ਘਟਨਾਵਾਂ ਪਿੱਛੇ ਵੱਡੀ ਸ਼ਕਤੀ ਕੰਮ ਕਰਦੀ ਸੀ, ਪਰ ਦੁੱਖ ਦੀ ਗੱਲ ਹੈ ਕਿ ਜਦੋਂ ਵੀ ਜਾਂਚ ਕਿਸੇ ਰਾਹ 'ਤੇ ਪੈਂਦੀ ਸੀ ਤਾਂ ਹਾਕਮ ਜਾਂਚ ਨੂੰ ਲੀਹੋਂ ਲਾਹ ਦਿੰਦੇ ਸਨ। ਉਨ੍ਹਾਂ ਮਾਮਲੇ ਸਬੰਧੀ ਤਾਜ਼ਾ ਕਾਰਵਾਈ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਇਕੱਲੀਆਂ ਗ੍ਰਿਫ਼ਤਾਰੀਆਂ ਨਾਲ ਨਹੀਂ ਸਰਨਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਘਟਨਾਵਾਂ ਪਿੱਛੇ ਕੌਣ ਹਨ, ਉਨ੍ਹਾਂ ਵਿਅਕਤੀਆਂ ਦੇ ਨਾਵਾਂ ਨੂੰ ਜਨਤਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਹਿਬਲ ਗੋਲੀ ਕਾਂਡ ਵਿੱਚ ਗੋਲੀ ਦਾ ਹੁਕਮ ਦੇਣ ਵਾਲੇ ਅਤੇ ਗੋਲੀ ਚਲਾਉਣ ਵਾਲੇ ਪੁਲੀਸ ਵਾਲਿਆਂ ਨੂੰ ਵੀ ਹਕੂਮਤ ਫੌਰੀ ਗ੍ਰਿਫ਼ਤਾਰ ਕਰੇ। ਸ੍ਰੀ ਖਹਿਰਾ ਨੇ ਕਿਹਾ ਕਿ 'ਆਪ' ਇਸ ਅੰਦੋਲਨ ਦੇ ਪੱਖ ਵਿੱਚ ਹੈ। ਇਸ ਮੌਕੇ ਮੋਰਚਾ ਸਥਾਨ 'ਤੇ ਅਕਾਲ ਤਖ਼ਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਤੋਂ ਇਲਾਵਾ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬੂਟਾ ਸਿੰਘ ਰਣਸੀਂਹ ਕੇ, ਪਰਮਜੀਤ ਸਿੰਘ ਸਹੌਲੀ, ਗੁਰਦੀਪ ਸਿੰਘ ਬਠਿੰਡਾ ਆਦਿ ਹਾਜ਼ਰ ਸਨ।

ਸੁਖਪਾਲ ਸਿੰਘ ਖਹਿਰਾ ਨੇ 'ਰਾਇਸ਼ੁਮਾਰੀ-2020' ਬਾਰੇ ਵਿਰੋਧੀਆਂ ਵੱਲੋਂ ਹੱਲਾ ਬੋਲੇ ਜਾਣ ਨੂੰ ਗ਼ਲਤ ਦੱਸਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਆਪਣੇ ਲਾਭ ਲਈ ਉਨ੍ਹਾਂ ਵੱਲੋਂ ਕਹੇ ਸ਼ਬਦਾਂ ਨੂੰ ਵਿਗਾੜ ਕੇ ਪੇਸ਼ ਕਰ ਰਹੇ ਹਨ। ਉਨ੍ਹਾਂ ਸਾਫ਼ ਕੀਤਾ ਕਿ ਉਨ੍ਹਾਂ ਦਾ ਕਹਿਣ ਦਾ ਉਦੇਸ਼ ਬੀਤੇ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ ਭਵਿੱਖ ਨੂੰ ਸੰਵਾਰਨ ਬਾਰੇ ਸੀ, ਜਿਸ ਨੂੰ ਇੱਕ ਪੰਜਾਬੀ ਚੈਨਲ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਲਈ ਗ਼ਲਤ 'ਹਵਾ' ਦੇ ਰਿਹਾ ਹੈ। ਸ੍ਰੀ ਖਹਿਰਾ ਨੇ ਸਫ਼ਾਈ ਦਿੱਤੀ ਕਿ ਉਨ੍ਹਾਂ ਸਿਰਫ਼ ਇਹ ਕਿਹਾ ਸੀ ਕਿ ਪੰਜਾਬੀਆਂ ਨੇ ਵਧ-ਚੜ੍ਹ ਕੇ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਪਾਇਆ। ਦੇਸ਼ ਦੀ ਵੰਡ ਦਾ ਖਾਮਿਆਜ਼ਾ ਵੀ ਇਨ੍ਹਾਂ ਨੇ ਸਭ ਤੋਂ ਵੱਧ ਭੁਗਤਿਆ। ਉਨ੍ਹਾਂ ਕਿਹਾ ਕਿ ਪੰਜਾਬ ਲਈ ਵੱਧ ਅਧਿਕਾਰਾਂ ਦੀ ਗੱਲ ਕਰਨ ਵਾਲੇ ਆਨੰਦਪੁਰ ਦੇ ਮਤੇ 'ਤੇ ਪ੍ਰਕਾਸ਼ ਸਿੰਘ ਬਾਦਲ ਦੇ ਹਸਤਾਖ਼ਰ ਸਨ। ਸ੍ਰੀ ਖਹਿਰਾ ਨੇ ਕਈ ਹਵਾਲਿਆਂ ਨਾਲ ਵਿਰੋਧੀਆਂ ਨੂੰ ਸੁਆਲ ਕੀਤਾ, "ਮੈਂ ਤਾਂ ਸਿਰਫ਼ ਆਪਣੇ ਪਿਤਰੀ ਰਾਜ ਦੀ ਬਿਹਤਰੀ ਲਈ ਆਵਾਜ਼ ਉਠਾਈ ਹੈ, ਵਿਰੋਧੀਆਂ ਨੇ ਹੁਣ ਤੱਕ ਜੋ ਕੀਤਾ ਹੈ, ਉਸ ਦਾ ਜੁਆਬ ਲੋਕਾਂ ਨੂੰ ਜ਼ਰੂਰ ਦੇਣ।"

# ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਸਿੱਖ ਕੌਮ ਨੂੰ ਬਰਗਾੜੀ ਮੋਰਚੇ ਦੀ ਹਮਾਇਤ ਕਰਨ ਦੀ ਅਪੀਲ

**ਜੈਤੋ/ਬਿਊਰੋ ਨਿਊਜ਼ :** ਤਿਹਾੜ ਜੇਲ੍ਹ ਵਿੱਚ ਬੰਦ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਖ਼ਾਲਸਾ ਪੰਥ ਨੂੰ ਬਰਗਾੜੀ ਵਿਖੇ ਮੋਰਚੇ 'ਤੇ ਡਟੇ ਭਾਈ ਧਿਆਨ ਸਿੰਘ ਮੰਡ ਨਾਲ ਡਟਣ ਦਾ ਲਿਖਤੀ ਸੁਨੇਹਾ ਭੇਜਿਆ ਹੈ। ਇਹ ਸੰਦੇਸ਼ ਉਨ੍ਹਾਂ ਦੇ ਪਿਤਾ ਗੁਰਚਰਨ ਸਿੰਘ, ਵਕੀਲ ਅਮਰ ਸਿੰਘ ਚਹਿਲ ਤੇ ਬਗੀਚਾ ਸਿੰਘ ਰੱਤਾਖੇੜਾ ਲੈ ਕੇ ਬਰਗਾੜੀ ਪੁੱਜੇ। ਸੁਨੇਹੇ ਵਿੱਚ ਦਰਜ ਹੈ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ ਭਾਈ ਮੰਡ ਨੇ ਕੌਮੀ ਮੰਗਾਂ ਲਈ ਜੋ ਮੋਰਚਾ ਲਾਇਆ ਲਾਇਆ ਹੈ, ਸਮੂਹ ਸਿੱਖ ਸੰਗਤ ਉਸ ਵਿੱਚ ਭਾਈਵਾਲ ਬਣੇ, ਕਿਉਂਕਿ ਜੋ ਤਾਕਤ ਬੰਦ ਮੁੱਠੀ ਵਿੱਚ ਹੈ, ਉਹ ਇਕੱਲੀ-ਇਕੱਲੀ ਉਂਗਲ ਵਿੱਚ ਨਹੀਂ ਹੁੰਦੀ। ਅੱਗੇ ਲਿਖਿਆ ਹੈ ਕਿ ਖ਼ਾਲਸਾ ਪੰਥ ਦਾ ਜਨਮ ਸੰਘਰਸ਼ਾਂ ਵਿੱਚੋਂ ਹੋਇਆ ਹੈ ਤੇ ਦੇਸ਼ ਆਜ਼ਾਦ ਹੋਣ ਪਿੱਛੋਂ ਵੀ ਸਿੱਖਾਂ ਨੂੰ ਆਪਣੇ ਧਰਮ, ਜ਼ੁਬਾਨ ਤੇ ਪਛਾਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਜਮਹੂਰੀ ਤੇ ਸ਼ਾਂਤਮਈ ਤਰੀਕੇ ਨਾਲ ਆਵਾਜ਼ ਚੁੱਕਣ ਲਈ ਕਿਹਾ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਉਨ੍ਹਾਂ ਕਿਹਾ ਕਿ ਭਾਈ ਗੁਰਬਖਸ਼ ਸਿੰਘ ਖ਼ਾਲਸਾ ਦੀ ਸ਼ਹਾਦਤ ਹੋ ਗਈ ਤੇ ਭਾਈ ਸੂਰਤ ਸਿੰਘ ਖ਼ਾਲਸਾ ਦੀ ਭੁੱਖ ਹੜਤਾਲ ਸਰਕਾਰੀ ਹਿਰਾਸਤ ਵਿੱਚ ਗੁਲੂਕੋਜ਼ 'ਤੇ ਚੱਲ ਰਹੀ ਹੈ। ਉਨ੍ਹਾਂ ਲਿਖਿਆ ਕਿ ਜਿਹੜੇ ਮੁੱਦਿਆਂ 'ਤੇ ਮੋਰਚਾ ਲੱਗਿਆ ਹੈ, ਉਹ ਮੰਗਾਂ ਮੰਨੇ ਜਾਣ ਤੱਕ ਜਾਰੀ ਰਹਿਣਾ ਚਾਹੀਦਾ ਹੈ। ਜੇਕਰ ਸਰਕਾਰ ਗੱਲਬਾਤ ਦਾ ਸੱਦਾ ਦਿੰਦੀ ਹੈ ਤਾਂ ਗੱਲ ਇਸ ਸ਼ਰਤ 'ਤੇ ਹੋਣੀ ਚਾਹੀਦੀ ਹੈ ਕਿ ਤਖ਼ਤਾਂ ਦੇ ਜਥੇਦਾਰ ਗੱਲ ਕਰਨ ਲਈ ਸਰਕਾਰ ਕੋਲ ਚੱਲ ਕੇ ਨਹੀਂ ਜਾਣਗੇ। ਨਾਲ ਹੀ ਲਿਖਿਆ ਹੈ ਕਿ ਗੱਲ ਕਰਨ ਲਈ ਉਹ ਆਪਣੇ ਨੁਮਾਇੰਦੇ ਜ਼ਰੂਰ ਭੇਜ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਬੇਅਦਬੀ ਘਟਨਾਵਾਂ ਦੇ ਮੁਲਜ਼ਮ ਫੜੇ ਜਾਣ 'ਤੇ ਤਸੱਲੀ ਪ੍ਰਗਟਾਈ।

ਉਧਰ ਇਸ ਮੋਰਚੇ ਬਾਰੇ ਵੱਖ-ਵੱਖ ਪੰਥਕ ਧਿਰਾਂ ਨੇ ਭਾਈ ਮੰਡ ਨੂੰ ਹਮਾਇਤ ਦਿੱਤੀ ਹੈ। ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਅਤੇ ਹਰਚਰਨ ਸਿੰਘ, ਪ੍ਰੋ. ਮਹਿੰਦਰਪਾਲ ਸਿੰਘ ਪਟਿਆਲਾ, ਚਮਕੌਰ ਸਿੰਘ ਭਾਈਰੂਪਾ ਤੇ ਪੰਥਕ ਸੇਵਾ ਦਲ ਦੇ ਸਤਨਾਮ ਸਿੰਘ ਵੀ ਹਾਜ਼ਰ ਸਨ।

## ਕੈਪਟਨ ਸਰਕਾਰ ਵਲੋਂ ਕੁਝ ਮੰਗਾਂ ਮੰਨਣ ਵੱਲ ਕਦਮ ਚੁੱਕਣ ਦੇ ਇਸ਼ਾਰੇ



**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਪੰਜਾਬ ਵਿਚਲੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਸਿੱਖ ਜਥੇਬੰਦੀਆਂ ਵਲੋਂ ਬਰਗਾੜੀ ਵਿਖੇ ਲਾਏ ਮੋਰਚੇ ਦੀਆਂ ਕੁਝ ਮੰਗਾਂ ਮੰਨਣ ਵੱਲ ਪੈਰ ਪੁੱਟੇ ਹਨ, ਜਿਸ ਦੇ ਚਲਦਿਆਂ ਰਾਜਸਥਾਨ ਦੀ ਜੇਲ੍ਹ ਵਿੱਚ ਬੰਦ ਸਿੱਖ ਸਿਆਸੀ ਕੈਦੀ ਭਾਈ ਹਰਨੇਕ ਸਿੰਘ ਭੱਪ ਨੂੰ ਪੰਜਾਬ ਲਿਆਉਣ ਲਈ ਪੰਜਾਬ ਸਰਕਾਰ ਨੇ ਰਾਜਸਥਾਨ ਸਰਕਾਰ ਨੂੰ ਚਿੱਠੀ ਭੇਜੀ ਹੈ। ਇਸ ਦੇ ਨਾਲ ਹੀ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਲਈ ਪੈਰੋਲ ਬੋਰਡ ਬਣਾਉਣ ਦਾ ਭਰੋਸਾ ਵੀ ਦਿੱਤਾ ਹੈ। ਪੰਜਾਬ ਸਰਕਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਬਰਗਾੜੀ ਅਤੇ ਬਹਿਬਲ ਕਾਂਡ ਬਾਰੇ ਜਾਂਚ ਜਲਦੀ ਮੁਕੰਮਲ ਕਰ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਭਰੋਸੇਯੋਗ ਸੂਤਰਾਂ ਦੇ ਹਵਾਲੇ ਨਾਲ ਪ੍ਰਾਪਤ ਖ਼ਬਰਾਂ ਮੁਤਾਬਿਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਈ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ ਆਏ ਵਫ਼ਦ

**ਬਾਕੀ ਸਫ਼ਾ 28 'ਤੇ**

ਅੰਮ੍ਰਿਤਸਰ ਟਾਈਮਜ਼
AMRITSAR TIMES
20 ਜੂਨ 2018 ਤੋਂ 26 ਜੂਨ 2018

# ਗੈਰ-ਸਿਧਾਂਤਕ ਗੱਠਜੋੜ ਦਾ ਅੰਤ

## ਜੰਮੂ ਕਸ਼ਮੀਰ ਮੁੜ ਡੂੰਘੇ ਰਾਜਸੀ ਸੰਕਟ ਵਲ

ਭਾਰਤੀ ਜਨਤਾ ਪਾਰਟੀ ਨੇ ਜੰਮੂ-ਕਸ਼ਮੀਰ 'ਚ ਪੀਪਲਜ਼ ਡੇਮੋਕ੍ਰੇਟਿਕ ਪਾਰਟੀ ਨਾਲੋਂ ਗਠਬੰਧਨ ਤੋੜ ਕੇ ਮਹਿਬੂਬਾ ਮੁਫਤੀ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ ਹੈ। ਇਸ ਨਾਲ ਸਵਾ ਕੁ ਤਿੰਨ ਸਾਲ ਪੁਰਾਣੀ ਪੀਡੀਪੀ-ਭਾਜਪਾ ਸਰਕਾਰ ਦਾ ਅੰਤ ਹੋਣ ਦੇ ਨਾਲ ਹੀ ਅਮਨ ਕਾਨੂੰਨ ਦੇ ਪੱਖ ਤੋਂ ਦੇਸ਼ ਦੇ ਇਕ ਬਹੁਤ ਹੀ ਸੰਵੇਦਨਸ਼ੀਲ ਰਾਜ ਵਿਚਲੇ ਗੈਰ-ਸਿਧਾਂਤਕ ਤੇ ਸੰਵੇਦਨਹੀਣ, ਸਿਰਫ ਸੱਤਾ ਹਾਸਲ ਕਰਨ ਲਈ ਕੀਤੇ ਰਾਜਨੀਤਕ ਗੱਠਜੋੜ ਦਾ ਵੀ ਅੰਤ ਹੋ ਗਿਆ ਹੈ।

ਹਾਲਾਂਕਿ ਇਹ ਸਾਂਝ ਟੁੱਟਣ ਦੇ ਸੰਕੇਤ ਪਿਛਲੇ ਕੁਝ ਦਿਨਾਂ ਤੋਂ ਮਿਲ ਰਹੇ ਸਨ, ਫਿਰ ਵੀ ਜਿੰਨੀ ਤੇਜ਼ੀ ਨਾਲ ਇਹ ਸਭ ਵਾਪਰਿਆ ਹੈ, ਉਸ ਤੋਂ ਹੈਰਾਨੀ ਹੋਣੀ ਸੁਭਾਵਿਕ ਹੈ। ਜ਼ਿਆਦਾ ਹੈਰਾਨੀ ਇਸ ਗੱਲ ਦੀ ਹੈ ਕਿ ਗੱਠਜੋੜ ਤੋੜਨ ਦਾ ਫ਼ੈਸਲਾ ਉਸ ਭਾਜਪਾ ਨੇ ਲਿਆ ਹੈ, ਜਿਸ ਨੇ ਸੰਨ ੨੦੧੪ ਵਿਚ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਮਗਰੋਂ ਪੀਡੀਪੀ ਦੇ ਬਾਨੀ ਮੁਫ਼ਤੀ ਮੁਹੰਮਦ ਸਈਦ ਨੂੰ ਗੱਠਜੋੜ ਲਈ ਮਨਾਉਣ ਵਾਸਤੇ ਪੂਰਾ ਜ਼ੋਰ ਲਾਇਆ ਸੀ। ਫਿਰ ਮੁਫ਼ਤੀ ਸਈਦ ਦੀ ਮੌਤ ਤੋਂ ਮਗਰੋਂ ਉਨ੍ਹਾਂ ਦੀ ਬੇਟੀ ਮਹਿਬੂਬਾ ਮੁਫ਼ਤੀ ਦੀ ਕੁਲੀਸ਼ਨ ਸਰਕਾਰ ਬਰਕਰਾਰ ਰੱਖਣ ਖਾਤਿਰ ਉਸਦੀਆਂ ਬਹੁਤ ਸਾਰੀਆਂ ਸ਼ਰਤਾਂ ਵੀ ਮਨਜ਼ੂਰ ਕਰ ਲਈਆਂ ਸਨ।

ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਦਾ ਕਹਿਣਾ ਹੈ ਕਿ, "ਘਾਟੀ ਵਿਚ ਆਤੰਕਵਾਦ, ਕੱਟਰਪੰਥੀ, ਹਿੰਸਾ ਵਧ ਰਹੀ ਹੈ। ਅਜਿਹੇ ਮਾਹੌਲ 'ਚ ਸਰਕਾਰ ਵਿਚ ਰਹਿਣਾ ਮੁਸ਼ਕਿਲ ਸੀ। ਰਮਜਾਨ ਦੌਰਾਨ ਕੇਂਦਰ ਨੇ ਸ਼ਾਂਤੀ ਦੇ ਮਕਸਦ ਨਾਲ ਫੌਜੀ ਅਪਰੇਸ਼ਨ ਵੀ ਰੋਕੇ ਪਰ ਬਦਲੇ 'ਚ ਸ਼ਾਂਤੀ ਨਹੀਂ ਮਿਲੀ। ਜੰਮੂ ਤੇ ਕਸ਼ਮੀਰ ਨੂੰ ਲੈ ਕੇ ਸਰਕਾਰ ਵਿਚ ਮੱਤਭੇਦਾਂ ਕਾਰਨ ਅਸੀਂ ਗਠਜੋੜ ਵਿਚ ਨਹੀਂ ਰਹ ਸਕਦੇ ਸਨ।" ਰਾਮ ਮਾਧਵ ਦੇ ਭਾਜਪਾ ਦੇ ਫੈਸਲੇ ਨੂੰ ਸਹੀ ਠਹਿਰਾਉਣ ਦੇ ਇਸ ਲੰਮੇ-ਚੌੜੇ ਭਾਸ਼ਣ ਤੋਂ ਬਾਅਦ ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਜਪਾ ਲਈ ਇਹ ਸਥਿਤੀ ਹੁਣੇ ਹੀ ਪੈਦਾ ਹੋਈ ਹੈ ? ਇਹ ਹਾਲਾਤ ਤਾਂ ਉਸ ਵੇਲੇ ਵੀ ਸਨ ਜਦੋਂ ਪੀਡੀਪੀ ਤੇ ਭਾਜਪਾ ਦਾ ਸਰਕਾਰ ਬਣਾਉਣ ਲਈ ਗੱਠਜੋੜ ਬਣਿਆ ਸੀ। ਦਰਅਸਲ ਜੰਮੂ-ਕਸ਼ਮੀਰ ਦੀ ਅੰਦਰੂਨੀ ਸਮੱਸਿਆ ਬਾਰੇ ਦੋਵੇਂ ਸਿਆਸੀ ਪਾਰਟੀਆਂ ਦੀ ਪਹੁੰਚ ਮੁੱਢੋਂ ਵੱਖਰੀ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਇਹ ਗੱਠਜ਼ੋੜ ਕਾਂਗਰਸ ਮੁਕਤ ਭਾਰਤ ਦੇ ਆਪਣੇ ਸਿਆਸੀ ਜੁਮਲੇ ਤੇ ਵੱਧ ਤੋਂ ਵੱਧ ਰਾਜਾਂ ਵਿਚ ਕਿਸੇ ਵੀ ਜਾਇਜ਼-ਨਜਾਇਜ਼ ਤਰੀਕਿਆਂ ਨਾਲ ਆਪਣੀਆਂ ਸਰਕਾਰਾਂ ਬਣਾਉਣ ਦੀ ਲਾਲਸਾ ਅਧੀਨ ਹੀ ਕੀਤਾ ਸੀ। ਇਸ ਬਾਰੇ ਬਹੁਗਿਣਤੀ ਸਿਆਸੀ ਮਾਹਰ ਤੇ ਕਾਲਮਨਵੀਸ ਇਕਮੱਤ ਹਨ ਕਿ ਇਹ ਗੱਠਜੋੜ ਭਾਜਪਾ ਦੀ ਮੌਕਾਪ੍ਰਸਤ ਰਾਜਨੀਤੀ ਦਾ ਸਿਖਰ ਸੀ। ਪੀਡੀਪੀ ਤੇ ਭਾਜਪਾ ਦਰਮਿਆਨ ਭਿਆਲੀ ਗ਼ੈਰ-ਕੁਦਰਤੀ ਸੀ, ਇਹ ਮੁੱਢ ਤੋਂ ਹੀ ਸਪਸ਼ਟ ਸੀ। ਪੀਡੀਪੀ ਨਿਰੋਲ ਕਸ਼ਮੀਰ ਦੀ ਪਾਰਟੀ ਹੈ ਜਦੋਂਕਿ ਭਾਜਪਾ ਦਾ ਵਕਤੀ ਆਧਾਰ ਸਿਰਫ ਜੰਮੂ ਖੇਤਰ 'ਚ ਸਿਮਟਿਆ ਹੋਇਆ ਹੈ ਤੇ ਉਹ ਰਾਸ਼ਟਰੀ ਪਾਰਟੀ ਵੱਜੋਂ ਵੀ ਹਮੇਸ਼ਾ ਬਹੁਗਿਣਤੀ ਹਿੰਦੂਆਂ ਦੀਆਂ ਵੋਟਾਂ ਉਤੇ ਹੀ ਟੇਕ ਰਖਦੀ ਆਈ ਹੈ॥ ਪੀਡੀਪੀ ਬਾਰੇ ਥੋੜ੍ਹਾ ਰਿਆਇਤ ਦਿੱਤੀ ਜਾ ਸਕਦੀ ਹੈ, ਕਿਉਂਕਿ ਜੰਮੂ-ਕਸ਼ਮੀਰ ਦੇ ਹਾਲਾਤ ਕਿਸੇ ਵੀ ਕੀਮਤ ਉਤੇ ਸਿਆਸੀ ਸਥਿਰਤਾ ਦੀ ਮੰਗ ਕਰਦੇ ਸਨ ਅਤੇ ਭਾਜਪਾ ਨਾਲ ਗੱਠਜੋੜ ਦੇ ਮੌਕੇ ਵੀ ਤੇ ਬਾਅਦ ਵਿਚ ਵੀ ਉਸ ਨੇ ਆਪਣੀ ਕਸ਼ਮੀਰ ਬਾਰੇ ਸਿਧਾਂਤਕ ਪਹੁੰਚ ਨੂੰ ਨਹੀਂ ਬਦਲਿਆ। ਇਸ ਕਰਕੇ ਭਾਜਪਾ ਦਾ ਪੀਡੀਪੀ ਨਾਲੋਂ ਅਚਾਨਕ ਤੋੜਿਆ ਗਿਆ ਗੱਠਜੋੜ ਹਿੰਦੂਤਵੀ ਪਾਰਟੀ ਦੀ ਇਕ ਹੋਰ ਮੌਕਾਪ੍ਰਸਤ ਤੇ ਹੋਛੀ ਸਿਆਸਤ ਦੀ ਚਾਲ ਹੀ ਸਮਝਿਆ ਜਾਵੇਗਾ।

ਰਮਜਾਨ ਮਹੀਨੇ ਦੌਰਾਨ ਗੋਲੀਬੰਦੀ ਜਾਰੀ ਰੱਖਣ ਜਾਂ ਹੋਰ ਮਤਭੇਦ ਇਸ ਗੱਠਜੋੜ ਦੇ ਟੁੱਟਣ ਦੀ ਅਸਲ ਵਜ੍ਹਾ ਨਹੀਂ ਹਨ। ਭਾਰਤੀ ਜਨਤਾ ਪਾਰਟੀ ਦੀ ਇਸ ਕਾਹਲੀ ਦਾ ਵੱਡਾ ਕਾਰਨ ਸੰਨ ੨੦੧੯ ਵਿਚ ਹੋਣ ਜਾ ਰਹੀਆਂ ਪਾਰਲੀਮੈਂਟ ਚੋਣਾਂ ਹਨ। ਅਸੀਂ ਸਭ ਜਾਣਦੇ ਹਾਂ ਕਿ ਸੰਨ ੨੦੧੪ ਵਿਚ ਭਾਜਪਾ ਦੇ ਆਗੂਆਂ ਨੇ ਚੋਣ ਜਿੱਤਣ ਵਾਸਤੇ ਦੇਸ਼ ਦੇ ਬਹੁਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਕਈ ਤਰ੍ਹਾਂ ਦੀ ਸਿਆਸੀ ਜੁਮਲੇਬਾਜ਼ੀ, ਫਿਰਕੂ ਤੇ ਤਰਕਹੀਣ ਗੱਲਾਂ ਵਿਚ ਉਲਝਾ ਕੇ ਭਾਜਪਾ ਨੂੰ ਵੋਟਾਂ ਦੇਣ ਲਈ ਉਕਸਾਇਆ ਸੀ। ਉਸ ਮੌਕੇ ਭਾਜਪਾ ਆਗੂਆਂ ਦੇ ਨਿਸ਼ਾਨੇ ਉਤੇ ਕਸ਼ਮੀਰ, ਪਾਕਿਸਤਾਨ ਤੇ ਖਾਸ ਕਰਕੇ ਮੁਸਲਿਮ ਤਬਕੇ ਦੇ ਲੋਕ ਬੁਰੀ ਤਰ੍ਹਾਂ ਆਏ ਰਹੇ। ਹੁਣ ਜਦੋਂ ਚਾਰ ਸਾਲ ਬਾਅਦ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦਾ ਸਾਰਾ ਝੂਠ ਨੰਗਾ ਹੋ ਗਿਆ ਤਾਂ ਦੁਬਾਰਾ ਚੋਣ ਪਿੜ ਵਿਚ ਜਾਣ ਲਈ ਅਜਿਹੀ ਜੁਮਲੇਬਾਜ਼ੀ ਤੇ ਲੀਪਾਪੋਚੀ ਕਰਨ ਦੀ ਕਵਾਇਦ ਸ਼ੁਰੂ ਕੀਤੀ ਗਈ ਹੈ। ਇਸੇ ਕਵਾਇਦ ਵਿਚ ਜੰਮੂ-ਕਸ਼ਮੀਰ ਸਰਕਾਰ ਦੀ ਬਲੀ ਲੈ ਲਈ ਗਈ ਹੈ। ਥੋੜਾ ਖਿੱਛੇ ਚੱਲੀਏ ਤਾਂ ਜੰਮੂ ਅਤੇ ਕਸ਼ਮੀਰ ਦੀ 87 ਮੈਂਬਰੀ ਵਿਧਾਨ ਸਭਾ ਲਈ ਸੰਨ 2014 ਵਿਚ 25 ਨਵੰਬਰ ਅਤੇ 20 ਦਸੰਬਰ ਦੇ ਵਿਚਕਾਰ ਪੰਜ ਪੜਾਵਾਂ ਵਿਚ ਚੋਣਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿਚ ਤਤਕਾਲੀਨ ਸੱਤਾਧਾਰੀ ਨੈਸ਼ਨਲ ਕਾਨਫਰੰਸ ਦੀ ਹਾਰ ਹੋਈ ਸੀ। ਕਾਂਗਰਸ ਨਾਲ ਗਠਜੋੜ ਵਿਚ ਸਰਕਾਰ ਚਲਾ ਰਹੀ ਇਸ ਪਾਰਟੀ ਨੂੰ ਸਿਰਫ਼ 15 ਸੀਟਾਂ ਨਾਲ ਸੰਤੁਸ਼ਟੀ ਕਰਨੀ ਪਈ ਸੀ। ਦੂਜੇ ਪਾਸੇ ਭਾਜਪਾ ਨੇ ਮੋਦੀ ਲਹਿਰ 'ਤੇ ਸਵਾਰ ਹੋ ਕੇ 25 ਸੀਟਾਂ ਜਿੱਤੀਆਂ ਸਨ ਅਤੇ 52 ਦਿਨ ਦੇ ਰਾਜਪਾਲ ਸ਼ਾਸਨ ਤੋਂ ਬਾਅਦ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਪੀਡੀਪੀ ਨੂੰ ਸਮਰਥਨ ਦੇ ਕੇ ਸਰਕਾਰ ਬਣਵਾ ਦਿਤੀ ਸੀ।

ਬਾਅਦ ਵਿਚ ਮੁਫਤੀ ਮੁਹੰਮਦ ਸਈਦ ਦਾ ਜਨਵਰੀ 2016 ਨੂੰ ਦੇਹਾਂਤ ਹੋਣ ਤੋਂ ਬਾਅਦ ਸਰਕਾਰ ਫਿਰ ਸੰਕਟ ਵਿਚ ਆ ਗਈ ਸੀ ਅਤੇ ਰਾਜ ਵਿਚ ਇਕ ਵਾਰ ਫਿਰ ਰਾਜਪਾਲ ਸ਼ਾਸਨ ਲਗਾਉਣਾ ਪਿਆ ਸੀ। 88 ਦਿਨ ਤਕ ਰਾਜਪਾਲ ਸ਼ਾਸਨ ਲੱਗਿਆ ਰਹਿਣ ਤੋਂ ਬਾਅਦ ਸਈਦ ਦੀ ਪੁੱਤਰੀ ਮਹਿਬੂਬਾ ਮੁਫ਼ਤੀ ਨੂੰ ਸਮਰਥਨ ਦੇ ਕੇ ਭਾਜਪਾ ਨੇ ਫਿਰ ਸਰਕਾਰ ਬਣਾਈ ਜੋ ਮੰਗਲਵਾਰ ਨੂੰ ਸਮਰਥਨ ਵਾਪਸੀ ਦੇ ਐਲਾਨ ਨਾਲ ਡਿੱਗ ਗਈ ਹੈ।

ਹੁਣ ਜੰਮੂ ਕਸ਼ਮੀਰ ਵਿਚ ਨਵੇਂ ਰਾਜਨੀਤਕ ਸੰਕਟ ਦਾ ਦੌਰ ਸ਼ੁਰੂ ਹੋ ਗਿਆ ਹੈ। ਭਾਜਪਾ ਦੇ ਫ਼ੈਸਲੇ ਦਾ ਭਾਵੇਂ ਜੰਮੂ ਕਸ਼ਮੀਰ ਦੀ ਸੁਰੱਖਿਆ ਵਾਸਤੇ ਜ਼ਮੀਨੀ ਪੱਧਰ 'ਤੇ ਬਹੁਤਾ ਅਸਰ ਨਾ ਹੋਵੇ, ਫਿਰ ਵੀ ਲੋਕਾਂ ਦੀ ਚੁਣੀ ਹੋਈ ਸਰਕਾਰ ਦੀ ਅਣਹੋਂਦ ਮਨੋਵਿਗਿਆਨਕ ਤੌਰ 'ਤੇ ਨਾਕਾਰਾਤਮਕ ਪ੍ਰਭਾਵ ਜ਼ਰੂਰ ਪਾਏਗੀ। ਇਸ ਸਿਆਸੀ ਸੰਕਟ ਮੌਕੇ ਇਹ ਸੰਭਾਵਨਾ ਵੀ ਬਣੀ ਹੋਈ ਹੈ ਕਿ ਪੀਡੀਪੀ ਦੀ ਸਰਕਾਰ ਨੂੰ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਬਾਹਰੋਂ ਸਮਰਥਨ ਦੇ ਦੇਣ ਪਰ ਹਾਲ ਦੀ ਘੜੀ ਕੋਈ ਵੀ ਪਾਰਟੀ ਅਜਿਹਾ ਜੋਖਿਮ ਉਠਾਉਣ ਦੇ ਮੂਡ ਵਿਚ ਨਹੀਂ ਜਾਪਦੀ ਹੈ। ਜੇਕਰ ਅੰਕੜਿਆਂ ਦੀ ਮੰਨੀਏ ਤਾਂ ਭਾਜਪਾ ਕੋਲ 25 ਸੀਟਾਂ ਹਨ ਅਤੇ ਦੂਜੇ ਪਾਸੇ ਕਾਂਗਰਸ ਤੇ ਨੈਸ਼ਨਲ ਕਾਨਫਰੰਸ ਨੂੰ ਮਿਲਾ ਲਈਏ ਤਾਂ ਉਨ੍ਹਾਂ ਕੋਲ 27 ਸੀਟਾਂ ਹਨ। ਇਸ ਦਾ ਭਾਵ ਹੈ ਕਿ ਪੀਡੀਪੀ ਦੀ ਸਰਕਾਰ ਮੁੜ ਬਣਾਉਣ ਵਾਸਤੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਇਹ ਦਾਅ ਵੀ ਖੇਡ ਸਕਦੀਆਂ ਹਨ। ਜ਼ਿਆਦਾ ਕਿਆਸ ਇਸ ਗੱਲ ਦੇ ਲਗਾਏ ਜਾ ਰਹੇ ਹਨ ਕਿ ਰਾਜ ਵਿਚ ਹੁਣ ਇਕ ਵਾਰ ਤਾਂ ਰਾਸ਼ਟਰਪਤੀ ਸ਼ਾਸਨ ਲੱਗਣਾ ਤੈਅ ਹੈ। ਇਹ ਦੇਖਣਾ ਹੋਵੇਗਾ ਕਿ ਜੇਕਰ ਰਾਸ਼ਟਰਪਤੀ ਸ਼ਾਸਨ ਲਾਗੂ ਹੁੰਦਾ ਹੈ ਤਾਂ ਕੀ ਚੋਣ ਇਸੇ ਸਾਲ ਵਿਚ ਕਰਵਾਈ ਜਾਵੇਗੀ ਜਾਂ ਫਿਰ 2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਵੇਗੀ। ਦੋਵੇਂ ਹਾਲਾਤ ਵਿਚ ਜੰਮੂ-ਕਸ਼ਮੀਰ ਦੀ ਮੌਜੂਦਾ ਸਥਿਤੀ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਭਾਜਪਾ ਦਾ ਇਹ ਕਦਮ ਇਸ ਸਰਹੱਦੀ ਰਾਜ ਨੂੰ ਘੁੰਮਣਘੇਰੀ 'ਚ ਪਾ ਗਿਆ ਹੈ।

# ਖੇਤੀਬਾੜੀ ਨੀਤੀ : ਕਿਵੇਂ ਵਧੇ ਸੂਬਿਆਂ ਦੀ ਭੂਮਿਕਾ

**ਕਿਸੇ ਵੀ ਸੂਬੇ ਜਾਂ ਖੇਤਰ ਦੇ ਖੇਤੀਬਾੜੀ ਵਿਕਾਸ ਵਿੱਚ ਬਰਾਮਦ ਅਤੇ ਦਰਾਮਦ ਨੀਤੀਆਂ ਦਾ ਵੀ ਯੋਗਦਾਨ ਹੁੰਦਾ ਹੈ। ਇਹ ਨੀਤੀਆਂ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਆਮ ਚੌਲਾਂ ਦੀ ਜਗ੍ਹਾ ਬਾਸਮਤੀ ਦੀ ਸਿੰਜਾਈ ਲਈ ਪਾਣੀ ਦੀ ਘੱਟ ਵਰਤੋਂ ਹੁੰਦੀ ਹੈ ਅਤੇ ਬਾਸਮਤੀ ਦੀ ਕੌਮਾਂਤਰੀ ਮੰਡੀ ਵਿੱਚ ਮੰਗ ਹੋਣ ਕਾਰਨ ਸੂਬੇ ਦੇ ਕਿਸਾਨ ਇਸ ਦੀ ਬਰਾਮਦ ਕਰ ਕੇ ਆਪਣੀ ਆਮਦਨ ਵਧਾ ਸਕਦੇ ਹਨ ਪਰ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਦੀ ਨੀਤੀ ਪੰਜਾਬ ਦੇ ਕਿਸਾਨਾਂ ਨੂੰ ਅਕਸਰ ਧੋਖਾ ਦੇ ਜਾਂਦੀ ਹੈ। ਕੇਂਦਰ ਸਰਕਾਰ ਵਿਕਾਸ ਲਈ ਸੂਬਿਆਂ ਦੀ ਵਿੱਤੀ ਸਹਾਇਤਾ ਕਰਦੀ ਹੈ। ਮੌਜੂਦਾ ਕੇਂਦਰ ਸਰਕਾਰ ਨੇ ਇਸ ਸਬੰਧੀ 15ਵਾਂ ਵਿੱਤ ਕਮਿਸ਼ਨ ਬਣਾਇਆ ਹੈ, ਪਰ ਇਸ ਵਾਰ ਨੇਮ ਅਤੇ ਸ਼ਰਤਾਂ ਹੀ ਬਦਲ ਦਿੱਤੀਆਂ ਗਈਆਂ ਹਨ।**



**ਡਾ. ਗਿਆਨ ਸਿੰਘ**
(ਸੰਪਰਕ: 001-424-362-8759)

ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਨੇ ਸੂਬੇ ਦੀ ਖੇਤੀਬਾੜੀ ਨੀਤੀ ਦਾ ਖਰੜਾ ਲੋਕਾਂ ਦੇ ਵਿਚਾਰ-ਵਟਾਂਦਰੇ ਲਈ ਪੇਸ਼ ਕੀਤਾ ਹੈ।



ਪੰਜ ਸਾਲ ਪਹਿਲਾਂ ਵੀ ਅਜਿਹਾ ਖਰੜਾ ਬਣਿਆ ਸੀ ਪਰ ਉਸ ਨੂੰ ਮੰਤਰੀ ਮੰਡਲ ਵਿੱਚ ਵਿਚਾਰਿਆ ਵੀ ਨਹੀਂ ਗਿਆ ਸੀ। ਜੇ ਹੁਣ ਕਮਿਸ਼ਨ ਵਾਲੀਆਂ ਤਜਵੀਜ਼ਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਮੁਲਕ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀ ਕੋਈ ਖੇਤੀਬਾੜੀ ਨੀਤੀ ਹੋਵੇਗੀ। ਖਰੜੇ ਦੀਆਂ ਮੁੱਖ ਤਜਵੀਜ਼ਾਂ ਅਨੁਸਾਰ, ਆਮਦਨ ਕਰ ਭਰਨ ਵਾਲੇ ਕਿਸਾਨਾਂ ਤੋਂ ਸਿੰਜਾਈ ਲਈ ਦਿੱਤੀ ਜਾਂਦੀ ਸਬਸਿਡੀ ਵਾਪਸ ਲੈ ਲਈ ਜਾਵੇਗੀ; 10 ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਤੋਂ 100 ਰੁਪਏ ਫ਼ੀ ਹਾਰਸ ਪਾਵਰ ਫ਼ੀ ਮਹੀਨਾ ਦੇ ਹਿਸਾਬ ਨਾਲ ਬਿਲ ਵਸੂਲ ਕੇ ਇਸ ਦਾ ਲਾਭ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੇ ਸੁਝਾਅ ਪਹਿਲਾਂ ਹੀ ਸਰਕਾਰੀ ਅਰਥ ਵਿਗਿਆਨੀਆਂ ਵੱਲੋਂ ਦਿੱਤੇ ਅਤੇ ਪ੍ਰਚਾਰੇ ਜਾ ਰਹੇ ਹਨ। ਇਸ ਦੇ ਨਾਲ ਨਾਲ ਦੋ ਮੁੱਖ ਜਿਣਸਾਂ- ਕਣਕ ਤੇ ਚੌਲਾਂ ਦੀ ਖ਼ਰੀਦ ਸਮੇਂ ਆੜ੍ਹਤੀਆਂ ਨੂੰ ਮਿਲਦੇ ਕਮਿਸ਼ਨ ਉੱਤੇ 20 ਫ਼ੀਸਦ ਸੈੱਸ ਲਗਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਦੁੱਧ ਅਤੇ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਬਿਨਾਂ ਵਿਕ ਰਹੀਆਂ ਜਿਣਸਾਂ ਦੀ ਮੰਡੀ ਕੀਮਤ ਵਿੱਚੋਂ ਪੈਂਦੇ ਘਾਟੇ ਦੀ ਭਰਪਾਈ ਸੂਬਾ ਸਰਕਾਰ ਵੱਲੋਂ ਕਰਨ ਬਾਰੇ ਤਜਵੀਜ਼ ਹੈ। ਕਮਿਸ਼ਨ ਦੀਆਂ ਇਨ੍ਹਾਂ ਮੁੱਖ ਅਤੇ ਹੋਰ ਤਜਵੀਜ਼ਾਂ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦਾ ਆਮਦਨ ਪੱਧਰ ਘੱਟੋ-ਘੱਟ ਇੰਨਾ ਵੀ ਵਧਾਉਣ ਬਾਰੇ ਕੁਝ ਨਹੀਂ ਕਿਹਾ ਗਿਆ ਹੈ ਜਿਸ ਨਾਲ ਉਹ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਤੇ ਸਮਾਜਿਕ ਸੁਰੱਖਿਆ ਸਬੰਧੀ ਬੇਫ਼ਿਕਰ ਹੋ ਸਕਣ।

ਮੁਲਕ ਦੇ ਕਿਸੇ ਵੀ ਸੂਬੇ ਜਾਂ ਖੇਤਰ ਦੀ ਖੇਤੀਬਾੜੀ ਨੀਤੀ ਵਿੱਚ ਖੇਤੀਬਾੜੀ ਜਿਣਸਾਂ ਦੀਆਂ ਲਾਹੇਵੰਦ ਕੀਮਤਾਂ ਤੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀ ਮੁੱਖ ਵਸਤਾਂ ਦੀਆਂ ਵਾਜਬ ਕੀਮਤਾਂ ਤੈਅ ਕਰਨਾ ਅਤੇ ਇਨ੍ਹਾਂ ਕੀਮਤਾਂ ਉੱਪਰ ਖੇਤੀਬਾੜੀ ਜਿਣਸਾਂ ਦੀ ਖ਼ਰੀਦ ਯਕੀਨੀ ਬਣਾਉਣੀ, ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਵਰਗਾਂ ਲਈ ਵਿਆਜ ਦੀਆਂ ਸਹੀ ਦਰਾਂ ਉੱਪਰ ਉਧਾਰ (ਕਰੈਡਿਟ) ਦਾ ਇੰਤਜ਼ਾਮ ਕਰਨਾ, ਬਰਾਮਦ ਤੇ ਦਰਾਮਦ ਨੀਤੀ ਸੂਬੇ ਦੇ ਪੱਖ ਵਿੱਚ ਬਣਾਉਣਾ, ਖੇਤੀਬਾੜੀ ਖੇਤਰ ਦੇ ਸਰਵਪੱਖੀ ਵਿਕਾਸ ਲਈ ਵਿੱਤ ਦਾ ਪ੍ਰਬੰਧ ਕਰਨਾ, ਸੂਬੇ ਦੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣਾ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਥੱਲੇ ਜਾਣ ਤੋਂ ਰੋਕਣਾ ਅਤੇ ਜ਼ਮੀਨੀ ਸੁਧਾਰ ਮੁੱਖ ਮੰਨੇ ਜਾਂਦੇ ਹਨ।

ਖੇਤੀਬਾੜੀ ਕਹਿਣ ਨੂੰ ਤਾਂ ਸੂਬਿਆਂ ਦਾ ਵਿਸ਼ਾ ਹੈ, ਪਰ ਹਕੀਕਤ ਵਿੱਚ ਮੁਲਕ ਦੇ ਸਾਰੇ ਖੇਤਰਾਂ ਲਈ ਖੇਤੀਬਾੜੀ ਨੀਤੀ ਕੇਂਦਰ ਸਰਕਾਰ ਦੇ ਅਧਿਕਾਰ ਵਿੱਚ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ ਤਕਰੀਬਨ ਦੋ ਦਹਾਕਿਆਂ ਤੱਕ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਮੰਡੀ ਦੁਆਰਾ ਤੈਅ ਕੀਤੀਆਂ ਜਾਂਦੀਆਂ ਰਹੀਆਂ। ਇਸ ਲਈ ਜਿਸ ਸਮੇਂ ਖੇਤੀਬਾੜੀ ਜਿਣਸਾਂ ਦਾ ਭਰਪੂਰ ਉਤਪਾਦਨ ਹੁੰਦਾ ਤਾਂ ਮੰਡੀ ਦੁਆਰਾ ਉਨ੍ਹਾਂ ਦੀਆਂ ਕੀਮਤਾਂ ਇੰਨੀਆਂ ਡੇਗ ਦਿੱਤੀਆਂ ਜਾਂਦੀਆਂ ਕਿ ਕਿਸਾਨ ਦੀ ਆਮਦਨ ਪਹਿਲਾਂ ਤੋਂ ਘਟਣ ਨਾਲ ਉਹ ਹੋਰ ਗ਼ਰੀਬ ਹੋ ਜਾਂਦਾ। ਫਿਰ 1965 ਵਿੱਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਬਣਾਇਆ ਗਿਆ। ਇਹ ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਖੇਤਰ ਦੀਆਂ ਕੁਝ ਮੁੱਖ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ 'ਤੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਕੀਮਤਾਂ ਤੈਅ ਕਰਦੀ ਆਈ ਹੈ। ਇਨ੍ਹਾਂ ਕੀਮਤਾਂ ਦੀਆਂ ਸਿਫ਼ਾਰਸ਼ਾਂ ਤੈਅ ਕਰਨ ਵਿੱਚ ਸੂਬਾ ਸਰਕਾਰਾਂ ਦੀ ਸਿਰਫ਼ ਰਾਇ ਹੀ ਮੰਗੀ ਜਾਂਦੀ ਹੈ। ਸ਼ੁਰੂ ਦੇ ਕੁਝ ਸਾਲਾਂ ਦੌਰਾਨ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਿਸਾਨਾਂ ਲਈ ਲਾਹੇਵੰਦ ਰੱਖਿਆ ਪਰ ਪਿਛਲੇ ਕਾਫ਼ੀ ਸਮੇਂ ਤੋਂ ਕਿਸਾਨਾਂ ਲਈ ਇਹ ਕੀਮਤਾਂ ਘਾਟੇ ਵਾਲੀਆਂ ਹਨ। ਉਂਜ, ਇਹ ਕੀਮਤਾਂ ਭਾਵੇਂ ਕਿਸਾਨ ਪੱਖੀ ਨਹੀਂ ਹਨ, ਫਿਰ ਵੀ ਕੀਮਤਾਂ ਤੈਅ ਕਰਨ ਦਾ ਅਮਲ, ਮੰਡੀ ਦੁਆਰਾ ਕਿਸਾਨਾਂ ਦੀ ਕੀਤੀ ਜਾਂਦੀ ਸ਼ਰੇਆਮ ਲੁੱਟ ਨੂੰ ਕੁਝ ਘੱਟ ਕਰਨ ਵਿੱਚ ਸਹਾਈ ਹੁੰਦਾ ਆਇਆ ਹੈ। ਇਸ ਸਿਲਸਿਲੇ ਵਿੱਚ ਧਿਆਨ ਮੰਗਦਾ ਮਹੱਤਵਪੂਰਨ ਪੱਖ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਕੀਮਤਾਂ ਉੱਪਰ ਵੀ ਗਿਣਤੀ ਦੇ ਕੁੱਝ ਸੂਬਿਆਂ ਵਿੱਚੋਂ ਕੁਝ ਜਿਣਸਾਂ ਆਮ ਕਰ ਕੇ, ਕਣਕ ਅਤੇ ਚੌਲ ਦੀ ਖ਼ਰੀਦ ਕੀਤੀ ਜਾਂਦੀ ਰਹੀ ਹੈ। ਕਿਸਾਨਾਂ ਦੀ ਆਮਦਨ, ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਖ਼ਰੀਦ ਅਤੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀਆਂ ਮੁੱਖ ਵਸਤਾਂ ਜਿਵੇਂ ਰਸਾਇਣ ਖਾਦਾਂ, ਡੀਜ਼ਲ, ਬੀਜਾਂ ਆਦਿ ਦੀ ਕੀਮਤ ਦੇ ਤੈਅ ਕੀਤੇ ਜਾਣ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਦਾ ਕਿਸਾਨਾਂ ਉੱਤੇ ਮਾਰੂ ਅਸਰ ਪੈ ਰਿਹਾ ਹੈ। ਇਸ ਬਾਰੇ ਸੂਬਾ ਸਰਕਾਰਾਂ ਦੀ ਕੋਈ ਵੀ ਭੂਮਿਕਾ ਨਹੀਂ ਰੱਖੀ ਗਈ ਹੈ।

ਅਰਥਚਾਰੇ ਦੇ ਸਾਰੇ ਖੇਤਰਾਂ- ਖੇਤੀਬਾੜੀ, ਉਦਯੋਗਾਂ ਤੇ ਸੇਵਾਵਾਂ ਵਿੱਚ ਉਧਾਰ ਦੀ ਸਾਕਾਰਾਤਮਕ ਭੂਮਿਕਾ ਹੁੰਦੀ ਹੈ। ਖੇਤੀ ਖੇਤਰ ਵਿੱਚ ਉਧਾਰ ਦੀ ਭੂਮਿਕਾ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਆਮ ਤੌਰ 'ਤੇ ਕਿਸਾਨਾਂ ਕੋਲ ਬੱਚਤਾਂ ਨਾ ਹੋਣ ਕਾਰਨ ਉਨ੍ਹਾਂ ਨੂੰ ਇਸ ਦੀ ਲੋੜ ਜ਼ਿਆਦਾ ਹੁੰਦੀ ਹੈ। ਉਨ੍ਹਾਂ ਦਾ ਖਪਤ ਖ਼ਰਚ, ਆਮਦਨ ਤੋਂ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਉਧਾਰ ਲੈਣਾ ਹੀ ਪੈਂਦਾ ਹੈ। ਖੇਤੀਬਾੜੀ ਲਈ ਉਧਾਰ ਲੈਣ ਦੇ ਦੋ ਸਰੋਤ- ਸੰਸਥਾਈ ਅਤੇ ਗ਼ੈਰ-ਸੰਸਥਾਈ ਹਨ। 1969 ਦੌਰਾਨ ਭਾਵੇਂ ਮੁਲਕ ਦੀਆਂ 14 ਮੁੱਖ ਬੈਂਕਾਂ ਦੇ ਕੌਮੀਕਰਨ ਤੋਂ ਬਾਅਦ ਖੇਤੀਬਾੜੀ ਖੇਤਰ ਨੂੰ ਉਧਾਰ ਦੇਣ ਲਈ ਸੰਸਥਾਈ ਸਰੋਤਾਂ ਦੇ ਯੋਗਦਾਨ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ ਪਰ ਜਿਸ ਤਰ੍ਹਾਂ ਅਸੀਂ ਵੱਡੇ ਕਿਸਾਨਾਂ ਤੋਂ ਥੱਲੇ ਵੱਲ ਦੂਜੀਆਂ ਕਿਸਾਨ ਸ਼੍ਰੇਣੀਆਂ ਵੱਲ ਆਉਂਦੇ ਹਾਂ ਤਾਂ ਗ਼ੈਰ-ਸੰਸਥਾਈ ਸਰੋਤਾਂ, ਖ਼ਾਸ ਕਰ ਕੇ ਆੜ੍ਹਤੀਆਂ ਤੇ ਸ਼ਾਹੂਕਾਰਾਂ ਦੁਆਰਾ ਦਿੱਤੇ ਉਧਾਰ ਦਾ ਫ਼ੀਸਦ ਵਧਦਾ ਆਉਂਦਾ ਹੈ, ਤੇ ਇਹੀ ਉਨ੍ਹਾਂ ਲਈ ਕਰਜ਼ੇ ਦੇ ਮੱਕੜਜਾਲ ਦਾ ਕਾਰਨ ਬਣਦਾ ਹੈ। ਸੰਸਥਾਈ ਸਰੋਤਾਂ ਉੱਪਰ ਮੁੱਖ ਤੌਰ 'ਤੇ ਕੇਂਦਰ ਸਰਕਾਰ ਦਾ ਕੰਟਰੋਲ ਹੈ। ਕਹਿਣ ਨੂੰ ਤਾਂ ਸਹਿਕਾਰੀ ਅਦਾਰਿਆਂ ਉੱਪਰ ਸੂਬਾ ਸਰਕਾਰਾਂ ਦਾ ਕੰਟਰੋਲ ਹੈ, ਪਰ ਉਹ ਵੀ ਉਧਾਰ ਲੈਣ ਲਈ ਕੇਂਦਰ ਸਰਕਾਰ ਦੇ ਅਦਾਰੇ ਨਾਬਾਰਡ ਅਤੇ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਨਿਰਭਰ ਕਰਦੀਆਂ ਹਨ।

ਕਿਸੇ ਵੀ ਸੂਬੇ ਜਾਂ ਖੇਤਰ ਦੇ ਖੇਤੀਬਾੜੀ ਵਿਕਾਸ ਵਿੱਚ ਬਰਾਮਦ ਅਤੇ ਦਰਾਮਦ ਨੀਤੀਆਂ ਦਾ ਵੀ ਯੋਗਦਾਨ ਹੁੰਦਾ ਹੈ। ਇਹ ਨੀਤੀਆਂ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਆਮ ਚੌਲਾਂ ਦੀ ਜਗ੍ਹਾ ਬਾਸਮਤੀ ਦੀ ਸਿੰਜਾਈ ਲਈ ਪਾਣੀ ਦੀ ਘੱਟ ਵਰਤੋਂ ਹੁੰਦੀ ਹੈ ਅਤੇ ਬਾਸਮਤੀ ਦੀ ਕੌਮਾਂਤਰੀ ਮੰਡੀ ਵਿੱਚ ਮੰਗ ਹੋਣ ਕਾਰਨ ਸੂਬੇ ਦੇ ਕਿਸਾਨ ਇਸ ਦੀ ਬਰਾਮਦ ਕਰ ਕੇ ਆਪਣੀ ਆਮਦਨ ਵਧਾ ਸਕਦੇ ਹਨ ਪਰ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਦੀ ਨੀਤੀ ਪੰਜਾਬ ਦੇ ਕਿਸਾਨਾਂ ਨੂੰ ਅਕਸਰ ਧੋਖਾ ਦੇ ਜਾਂਦੀ ਹੈ। ਕੇਂਦਰ ਸਰਕਾਰ ਵਿਕਾਸ ਲਈ ਸੂਬਿਆਂ ਦੀ ਵਿੱਤੀ ਸਹਾਇਤਾ ਕਰਦੀ ਹੈ। ਮੌਜੂਦਾ ਕੇਂਦਰ ਸਰਕਾਰ ਨੇ ਇਸ ਸਬੰਧੀ 15ਵਾਂ ਵਿੱਤ ਕਮਿਸ਼ਨ ਬਣਾਇਆ ਹੈ, ਪਰ ਇਸ ਵਾਰ ਨੇਮ ਅਤੇ ਸ਼ਰਤਾਂ ਹੀ ਬਦਲ ਦਿੱਤੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਸਿਆਸੀ ਗਿਣਤੀਆਂ-ਮਿਣਤੀਆਂ ਨੂੰ ਦੇਖਦਿਆਂ ਆਪਣੀ ਮਨਮਾਨੀ ਕਰਨ ਦੇ ਅਧਿਕਾਰ ਵਧਾ ਲਏ ਹਨ। ਮੁਲਕ ਦੀਆਂ ਆਨਾਜ ਲੋੜਾਂ ਪੂਰੀਆਂ ਕਰਨ ਲਈ ਕੇਂਦਰ ਸਰਕਾਰ ਨੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹੀ ਹੋਈ ਹੈ; ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ ਅਤੇ ਵਾਤਾਵਰਨ ਵੀ ਗੰਧਲਾ ਹੋ ਰਿਹਾ ਹੈ। ਪੰਜਾਬ ਸਰਕਾਰ ਇਸ ਮਸਲੇ ਬਾਰੇ ਆਪਣੇ ਪੱਧਰ ਉੱਤੇ ਕੁਝ ਵੀ ਨਹੀਂ ਕਰ ਸਕਦੀ।

ਜ਼ਮੀਨੀ ਸੁਧਾਰ ਸਿੱਧੇ ਤੌਰ ਉੱਤੇ ਸੂਬਾ ਸਰਕਾਰਾਂ ਦੇ ਅਧਿਕਾਰਾਂ ਵਿੱਚ ਆਉਂਦੇ ਹਨ। 1991 ਦੌਰਾਨ ਮੁਲਕ ਵਿੱਚ ਅਪਣਾਈਆਂ ਗਈਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਜਿੱਥੇ ਕੇਂਦਰ ਸਰਕਾਰ ਨੇ ਜ਼ਮੀਨੀ ਸੁਧਾਰਾਂ ਵੱਲ ਪਿੱਠ ਕਰਦਿਆਂ ਕਾਰਪੋਰੇਸ਼ਨਾਂ ਅਤੇ ਸਰਮਾਏਦਾਰਾਂ ਲਈ ਭੂਮੀ ਗ੍ਰਹਿਣ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ, ਉੱਥੇ ਪੰਜਾਬ ਲਈ ਤਿਆਰ ਕੀਤੀ ਖੇਤੀਬਾੜੀ ਨੀਤੀ ਵਿੱਚ ਇਸ ਦਾ ਜ਼ਿਕਰ ਤੱਕ ਵੀ ਨਹੀਂ। 'ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੁੰਦੀ ਹੈ' ਦੇ ਤੱਥ ਨੂੰ ਸਮਝਦਿਆਂ ਸਮੇਂ ਦੀ ਲੋੜ ਇਹ ਹੈ ਕਿ ਮੁਲਕ ਦੇ ਆਰਥਿਕ ਅਤੇ ਖੇਤੀਬਾੜੀ ਵਿਕਾਸ ਲਈ ਲੋਕ ਅਤੇ ਕੁਦਰਤ-ਪੱਖੀ ਮਾਡਲ ਯਕੀਨੀ ਬਣਾਇਆ ਜਾਵੇ। ਸੂਬਿਆਂ ਦੇ ਸਰਬਪੱਖੀ ਵਿਕਾਸ ਅਤੇ ਅਸਲ ਮਾਇਨਿਆਂ ਵਿੱਚ ਸੰਘੀ ਢਾਂਚੇ ਲਈ ਸੂਬਾ ਸਰਕਾਰਾਂ ਦਾ ਜਦੋਜਹਿਦ ਕਰਨਾ ਬਣਦਾ ਹੈ ਤਾਂ ਕਿ ਮੁਲਕ ਦੇ ਨਾਲ ਨਾਲ ਸੂਬੇ ਵੀ ਵਿਕਾਸ ਕਰਨ ਜਿਸ ਦਾ ਫਾਇਦਾ ਕਾਮਿਆਂ ਨੂੰ ਮਿਲੇ।

*ਲੇਖਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ-ਵਿਗਿਆਨ ਵਿਭਾਗ ਦਾ ਸਾਬਕਾ ਪ੍ਰੋਫ਼ੈਸਰ ਹੈ।

# ਸਿੱਖ ਕੌਮ ਗਿਆਨ ਨਾਲ ਜੁੜੇ

**ਸੁਖਦੇਵ ਸਿੰਘ ਬਾਂਸਲ**

ਮਨੁੱਖਤਾ ਦੇ ਇਤਿਹਾਸ ਅੰਦਰ ਕੁੱਲ ਦੁਨੀਆ ਨੂੰ ਇੱਕੋ ਲੜੀ ਵਿੱਚ ਪ੍ਰੋਣ ਲਈ ਧਾਰਮਿਕ ਖੇਤਰ ਅੰਦਰ ਸਾਡੇ ਗੁਰੂਆਂ ਨੇ ਜੋ ਪਹਿਲ ਕੀਤੀ ਸੀ, ਸਿੱਖ ਜਗਤ ਸੰਸਾਰ ਨੂੰ ਇਸ ਸਾਂਝੀਵਾਲਤਾ ਦਾ ਗਿਆਨ ਕਰਵਾਉਣ ਵਿੱਚ ਸਫ਼ਲ ਨਹੀਂ ਹੋ ਸਕਿਆ, ਸਗੋਂ ਦਿਨ ਪ੍ਰਤੀਦਿਨ ਆਪਸ ਵਿੱਚ ਪਾਟਦੇ ਤੁਰਿਆ ਜਾਂਦਾ ਹੈ। ਇਸ ਦੇ ਕੀ ਕਾਰਨ ਹਨ? ਸਿੱਖੀ ਆਪਣੇ ਅਸਲੀ ਗੁਣਾਂ ਨੂੰ ਤਿਆਗ ਕੇ ਦਿਖਾਵਾ ਤੇ ਸ਼ੋਹਰਤ ਪ੍ਰਾਪਤ ਕਰਨ ਦਾ ਸਾਧਨ ਬਣਦੀ ਜਾ ਰਹੀ ਹੈ। ਸਿੱਖੀ ਅੰਧ ਵਿਸ਼ਵਾਸ ਤੇ ਝੂਠ ਦੇ ਖਿਲਾਫ਼ ਬਗ਼ਾਵਤ ਸੀ। ਸਿੱਖੀ ਜ਼ੁਲਮ ਤੇ ਸਿਤਮ ਦੇ ਖ਼ਿਲਾਫ਼ ਲੜਨ ਵਾਲੀ ਆਜ਼ਾਦ ਤਬੀਅਤ ਦੀ ਮਾਲਕਣ ਸੀ ਪਰ ਅੱਜ ਧਰਮ ਅੰਦਰ ਰਾਜਨੀਤੀ ਦੇ ਦਖ਼ਲ ਨੇ ਸਿੱਖੀ ਧਰਮ ਨੂੰ ਕੁਝ ਰਾਜਨੀਤਕਾਂ ਦੀ ਪੇਟ-ਪ੍ਰਸਤੀ ਦਾ ਸਾਧਨ ਬਣਾ ਕੇ ਰੱਖ ਦਿੱਤਾ ਹੈ। ਰਾਜਨੀਤਕ ਲੋਕ ਚਾਹੇ ਉਹ ਟੌਹੜਾ ਹੋਵੇ ਜਾਂ ਬਾਦਲ, ਸਾਡੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਦੀ ਆਪਣੀ ਕੁਰਸੀ ਬਚਾਉਣ ਲਈ ਵਰਤੋਂ ਕਰਨਾ ਉਹ ਦਾਹੜੀ ਤੇ ਪੱਗ ਰੱਖਣ ਬਦਲੇ ਸਿੱਖ ਧਰਮ ਤੋਂ ਟੈਕਸ ਵਸੂਲ ਕਰਨ ਦੇ ਸਮਾਨ ਸਮਝਦੇ ਹਨ। ਇਹ ਬਿਮਾਰੀ ਅਕਾਲ ਤਖ਼ਤ ਤੋਂ ਸ਼ੁਰੂ ਹੋ ਕੇ ਲੱਗਭੱਗ ਹਰ ਗੁਰਦੁਆਰੇ ਅੰਦਰ ਪਰਵੇਸ਼ ਕਰ ਚੁੱਕੀ ਹੈ।

ਨਿਮਰਤਾ ਤੇ ਸੇਵਾ-ਭਾਵ ਅੰਮ੍ਰਿਤਧਾਰੀ ਦੇ ਗੁਣ ਸਮਝੇ ਜਾਂਦੇ ਸਨ, ਪਰ ਅੱਜ ਇਹ ਲੋਕ ਗ਼ੈਰ-ਅੰਮ੍ਰਿਤਧਾਰੀ ਨੂੰ ਹੰਕਾਰ ਥੱਲੇ ਘਟੀਆ ਇਨਸਾਨ ਸਮਝਣ ਲੱਗ ਪਏ ਹਨ। ਜਦੋਂ ਕਿ ਬਹੁਤੀ ਦਫ਼ਾ ਸੱਚਾਈ ਐਸੀ ਨਹੀਂ ਹੁੰਦੀ। ਭਾਵੇਂ ਅਨੰਦਪੁਰ ਸਾਹਿਬ ਦੀ ਲਲਕਾਰ ਵੇਲੇ ਮੁਸ਼ਕਲ ਨਾਲ ਪੰਜ ਹੀ ਨਿਤਰੇ ਸਨ, ਪਰ ਅੱਜ ਬਹੁਗਿਣਤੀ ਆਪਣੇ ਸਵੈ-ਸਨਮਾਨ ਤੇ ਸ਼ੋਹਰਤ ਲਈ ਦਿਖਾਵਾ ਕਰਨ ਵੱਲ ਜੁਟੀ ਹੋਈ ਹੈ ਤੇ ਨਿਸੰਗ ਹੋ ਕੇ ਧਰਮ ਦੀ ਰਾਜਨੀਤੀ ਲਈ ਵਰਤੋਂ ਕਰ ਰਹੀ ਹੈ।

ਇਹਨਾਂ ਦੀ ਰਾਜਨੀਤੀ ਦਾ ਪ੍ਰਚਾਰ ਵੀ ਮਨੁੱਖਤਾ ਨੂੰ ਇੱਕ ਕਰਨ ਵਾਲਾ ਨਹੀਂ ਹੈ, ਸਗੋਂ ਛੋਟੀ ਦ੍ਰਿਸ਼ਟੀ ਵਾਲੀ ਭਰਾ ਮਾਰੂ ਜੰਗ ਹੈ। ਭਾਵੇਂ ਸਿੱਖ ਸਿਧਾਂਤਾਂ ਨੂੰ ਲੈ ਕੇ ਹੀ ਯੂਰਪ ਆਪਣੀ ਯੂਨੀਅਨ ਬਣਾ ਕੇ ਅੱਗੇ ਵੱਧ ਰਿਹਾ ਹੈ।

ਭਾਰਤ ਦੇ ਆਜ਼ਾਦੀ ਦਿਵਸ ਤੇ ਕਈ ਲੋਕ ਅੰਬੈਸੀ ਅੱਗੇ ਨਾਅਰੇ ਲਾਉਂਦੇ ਤਾਂ ਦੇਖੇ ਜਾ ਸਕਦੇ ਹਨ, ਪਰ ਕੋਈ ਇਹ ਦੱਸਣ ਦੀ ਤਕਲੀਫ਼ ਨਹੀਂ ਕਰ ਰਿਹਾ ਕਿ ਦੇਸ ਦਾ ਵਿਧਾਨ ਬਣਾਉਣ ਵਾਲਿਆਂ ਨੇ ਵੱਖ-ਵੱਖ ਬੋਲੀਆਂ ਤੇ ਜਾਤਾਂ ਦੇ ਲੋਕਾਂ ਨੂੰ ਇੱਕੋ ਲੜੀ ਵਿੱਚ ਪਰੋਣ ਲਈ ਗੁਰੂਆਂ ਦੇ ਦਿੱਤੇ ਸਿਧਾਂਤਾਂ ਦੀ ਵਰਤੋਂ ਕਰਕੇ ਹੀ ਦੇਸ ਨੂੰ ਇੱਕਮੁੱਠ ਕਰਨ ਵਿੱਚ ਕਾਮਯਾਬ ਹੋਏ ਹਨ। ਵਰਨਾ ਮਨੂੰਵਾਦ ਦੇਸ ਨੂੰ ਇਕਮੁੱਠ ਕਦੇ ਵੀ ਨਹੀਂ ਸੀ ਕਰ ਸਕਦਾ।

ਇਹ ਸਾਂਝੀਵਾਲਤਾ ਦਾ ਵਿਧਾਨ ਵਿੱਚ ਪਾਇਆ ਸਿਧਾਂਤ ਗੁਰੂਆਂ ਦੀ ਦੇਣ ਹੈ। ਜਿੰਨੀ ਦੇਰ ਇਹ ਦੇਸ ਇਹਨਾਂ ਸਿਧਾਂਤਾਂ 'ਤੇ ਪਹਿਰਾ ਦੇਵੇਗਾ, ਚੜ੍ਹਦੀ ਕਲਾ ਵੱਲ ਤੁਰਿਆ ਜਾਵੇਗਾ। ਦੇਸ ਨੂੰ ਦੱਸਣ ਦੀ ਲੋੜ ਸੀ ਕਿ ਇਹ ਗੁਰੂਆਂ ਦੀ ਸਿੱਖਿਆ ਵਿੱਚੋਂ ਉਪਜੀ ਆਜ਼ਾਦ ਤਬੀਅਤ ਹੀ ਸੀ ਜੋ ਮੁਲਕ ਦੀ ਗ਼ੁਲਾਮੀ ਨੂੰ ਦੂਰ ਕਰਨ ਲਈ ਪਰਵਾਨੇ ਬਣ ਕੇ ਜਲੀ ਸੀ।

ਭਾਰਤ ਦੇ ਹਿੰਦੂ ਨੂੰ ਸਿੱਖ ਨਾਲ ਈਰਖਾ ਹੋ ਸਕਦੀ ਹੈ, ਕਿਉਂਕਿ ਇੰਨੇ ਘੱਟ-ਗਿਣਤੀ ਵਿੱਚ ਹੁੰਦਿਆਂ ਹੋਇਆਂ ਵੀ ਗੁਰੂ ਦੀ ਕਿਰਪਾ ਨਾਲ ਸਿੱਖੀ ਨੂੰ ਬੜਾ ਮਾਣ ਤੇ ਸਤਿਕਾਰ ਮਿਲਿਆ ਹੈ। ਈਰਖਾ ਆਪਣੇ ਸਕੇ-ਭਰਾਵਾਂ ਵਿੱਚ ਵੀ ਹੁੰਦੀ ਹੈ। ਇਹੋ ਜਿਹੀਆਂ ਬੁਰਾਈਆਂ ਜੀਵਨ ਦਾ ਅਟੁੱਟ ਅੰਗ ਹਨ, ਪਰ ਭਾਰਤ ਦੇਸ ਗੁਰੂ ਸਿਧਾਂਤਾਂ ਨੂੰ ਤਿਲਾਂਜਲੀ ਨਹੀਂ ਦੇ ਸਕਦਾ। ਇਹ ਸਿਧਾਂਤ ਹੀ ਇਸ ਦੀ ਮੁਕਤੀ ਦਾ ਮਾਰਗ ਹਨ। ਜਿੱਥੇ ਸਭ ਨੂੰ ਬਰਾਬਰ ਦੇ ਅਧਿਕਾਰ ਮਿਲਦੇ ਹਨ। ਇਸ ਸਿਧਾਂਤ ਸਾਹਮਣੇ ਸਭ ਰਾਜੇ ਰਾਜ ਕਰਨ ਵਾਲੇ ਸਮਾਪਤ ਹੋ ਚੁੱਕੇ ਹਨ। ਮਿਲ ਜੁਲ ਕੇ ਹੀ ਸਭ ਰਾਜਨੀਤਕ ਤਾਕਤ ਵਰਤਣ ਦਾ ਸਮਾਂ ਆ ਗਿਆ ਹੈ। ਗੁਰੂ ਸਿਧਾਂਤ ਸਿਰਫ਼ ਸਿੱਖਾਂ ਦੀ ਹੀ ਨਹੀਂ, ਹਿੰਦੂਆਂ ਦੀ ਵੀ ਵਿਰਾਸਤ ਹਨ। ਸਿਰਫ਼ ਭਾਰਤ ਨੇ ਹੀ ਨਹੀਂ ਔੜਕ ਨੂੰ ਕੁੱਲ ਸੰਸਾਰ ਦੇ ਲੋਕਾਂ ਨੇ ਹੀ ਇਹਨਾਂ ਸਿਧਾਂਤਾਂ ਦੀ ਪਾਲਣਾ ਕਰਨੀ ਹੈ।



ਅਕਸਰ ਇਹ ਨਾਅਰਾ ਲਾਇਆ ਜਾਂਦਾ ਹੈ ਕਿ ਅਸੀਂ ਘੱਟ-ਗਿਣਤੀ ਵਿੱਚ ਹਾਂ। ਸਾਡੀ ਹੋਂਦ ਨੂੰ ਖ਼ਤਰਾ ਹੈ। ਅਸੀਂ ਹਿੰਦੂਆਂ ਦੀ ਬਹੁਗਿਣਤੀ ਵਿੱਚ ਖੁਰ ਜਾਵਾਂਗੇ। ਸਾਨੂੰ ਆਪਣੀ ਹੋਂਦ ਪ੍ਰਤੀ ਸਪੱਸ਼ਟ ਹੋਣ ਦੀ ਲੋੜ ਹੈ।

ਸਿੱਖੀ ਅੰਦਰ ਸਵੈ-ਪੜਚੋਲ ਨੂੰ ਜ਼ਰੂਰੀ ਹੀ ਨਹੀਂ ਆਖਿਆ ਗਿਆ, ਸਗੋਂ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਆਖਿਆ ਗਿਆ ਹੈ। ਅਸੀਂ ਧਾਰਮਿਕ ਪ੍ਰਚਾਰ ਕਰਦੇ ਹੋਏ ਬਾਣੀ ਨੂੰ ਸਵੇਰੇ ਸ਼ਾਮ ਪੜ੍ਹਨਾ ਜ਼ਰੂਰੀ ਆਖਦੇ ਹਾਂ। ਹਰ ਗੱਲ ਦੀ ਵਿਆਖਿਆ ਕਰਨ ਲੱਗਿਆਂ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਬਾਣੀ ਦੀਆਂ ਤੁਕਾਂ ਦਾ ਵੀ ਢੇਰ ਲਗਾ ਦਿੰਦੇ ਹਾਂ। ਕਈ ਪ੍ਰਚਾਰਕ ਮੌਕੇ ਅਨੁਸਾਰ ਤੇ ਆਪਣੀ ਬੁੱਧੀ ਅਨੁਸਾਰ ਬਾਣੀ ਦਾ ਪ੍ਰਯੋਗ ਵੀ ਕਰ ਲੈਂਦੇ ਹਨ। ਇਸ ਨੂੰ ਗਲਤ ਤਾਂ ਨਹੀਂ ਆਖਿਆਜਾ ਸਕਦਾ, ਪਰ ਇਸ ਨੂੰ ਧਰਮ ਸਮਝ ਲੈਣਾ ਬੜੀ ਵੱਡੀ ਭੁੱਲ ਹੋਵੇਗੀ।

ਧਿਆਨਪੂਰਵਕ ਬਾਣੀ ਪੜ੍ਹਨ ਨਾਲ ਮਨ ਨੂੰ ਇਕਾਗਰ ਕਰਨ ਦੀ ਜਾਂਚ ਆਉਂਦੀ ਹੈ। ਗੁਰੂਆਂ ਨੇ ਪੰਜੇ ਬਾਣੀਆਂ ਨਿੱਤ ਪੜ੍ਹਨ ਦਾ ਹੁਕਮ ਦਿੱਤਾ ਸੀ। ਇਹ ਇੱਕ ਸਿੱਖ ਦੇ ਮਨ ਨੂੰ ਇਕਾਗਰ ਕਰਨ ਤੇ ਗਿਆਨਪੂਰਵਕ ਬਣਾਉਣ ਦੀ ਵਿਧੀ ਸੀ। ਅੱਜ ਲੱਗਭੱਗ ਹਰ ਬੱਚਾ ਸਕੂਲ ਪੜ੍ਹਾਈ ਕਰਨ ਜਾਂਦਾ ਹੈ। ਉਸ ਨੂੰ ਵੀ ਪਾਸ ਹੋਣ ਲਈ ਮਨ ਇਕਾਗਰ ਕਰਕੇ ਪੜ੍ਹਾਈ ਕਰਨੀ ਪੈਂਦੀ ਹੈ, ਪਰ ਧਾਰਮਿਕ ਖੇਤਰ ਅੰਦਰ ਇਸ ਤੋਂ ਅੱਗੇ ਸਿੱਖ ਦੀ ਯਾਤਰਾ ਸਿਰਫ਼ ਬਾਣੀ ਪੜ੍ਹਨਾ ਹੀ ਕਾਫ਼ੀ ਨਹੀਂ ਹੈ, ਇਸ ਇਕਾਗਰ ਹੋਏ ਮਨ 'ਤੇ ਧਿਆਨ ਨੂੰ ਸਵੈ-ਪੜਚੋਲ ਲਈ ਵਰਤਣਾ ਹੈ। ਹੁਣ ਸੰਸਾਰ ਨੂੰ ਕਰਤਾ ਪੁਰਖ ਕਿਵੇਂ ਚਲਾ ਰਿਹਾ ਹੈ।

ਸਾਡੇ ਮਨ ਅੰਦਰ ਕਿਸ ਤਰ੍ਹਾਂ ਦੀਆਂ ਖਿਆਲੀ ਤਰੰਗਾਂ ਉੱਠ ਰਹੀਆਂ ਹਨ ਤੇ ਉਹਨਾਂ ਦੇ ਉੱਠਣ ਦੇ ਕੀ ਕਾਰਨ ਹਨ। ਇਸ ਸਭ ਕਿਰਿਆ ਦਾ ਦ੍ਰਿਸ਼ਟਾ ਹੋਣਾ ਹੈ। ਭਾਵ ਹੁਣ ਆਪ ਕਰਤਾ ਨਹੀਂ ਬਣਨਾ। ਬਾਣੀ ਪੜ੍ਹਨਾ, ਪਾਠ ਕਰਨਾ ਕੁਝ ਕਰਨਾ ਹੈ। ਹੁਣ ਸਭ ਕਾਰਜ ਤੇ ਸਭ ਸੰਸਾਰਿਕ ਪਕੜ ਤਿਆਗ ਕੇ ਗਹਿਰੇ ਧਿਆਨ-ਪੂਰਵਕ ਦ੍ਰਿਸ਼ਟਾ ਹੋਣਾ ਅਗਲਾ ਮਾਰਗ ਹੈ। ਇੱਥੇ ਕਰਤਾ ਪੁਰਖ ਦੇ ਕਾਰਜਾਂ ਨੂੰ ਹੁੰਦਿਆਂ ਦੇਖਣਾ ਜੀਵਨ ਸਰੋਤ ਨਾਲ ਜੁੜਨਾ ਹੈ। ਇਹਨਾਂ ਸਰੋਤਾਂ ਦਾ ਨਾਮ ਗਿਆਨ ਹੈ, ਜੋ ਮਨੁੱਖ ਦਾ ਅਸਲੀ ਧਰਮ ਹੈ। ਗੁਰੂ ਗਿਆਨ ਦੱਸਦਾ ਹੈ ਕਿ ਮਨੁੱਖ ਦਾ ਅਸਲੀ ਧਰਮ ਗਿਆਨ ਹੈ।

ਸੰਸਾਰ ਦੇ ਸਭ ਧਰਮੀ ਆਪਣੇ-ਆਪਣੇ ਧਾਰਮਿਕ ਗ੍ਰੰਥ ਤੇ ਵਿਚਾਰਾਂ ਨੂੰ ਜੱਫੇ ਪਾਈ ਫਿਰਦੇ ਹਨ। ਇਹ ਜੱਫੇ ਪਾਉਣ ਦੀ ਰੁਚੀ ਮਾਇਆ ਨੂੰ ਜੱਫੇ ਪਾਉਣ ਤੋਂ ਵੱਖਰੀ ਨਹੀਂ ਹੁੰਦੀ, ਅਗਰ ਮਾਇਆ ਨੂੰ ਜੱਫੇ ਪਾਉਣ ਵਾਲਾ ਲੋਭੀ ਆਖਿਆ ਜਾਂਦਾ ਹੈ, ਤਾਂ ਧਾਰਮਿਕ ਚੀਜ਼ਾਂ ਨੂੰ ਜੱਫੇ ਪਾਉਣ ਵਾਲਾ ਵੀ ਇੱਕ ਕਿਸਮ ਦਾ ਲੋਭੀ ਹੀ ਸਮਝਿਆ ਜਾਵੇਗਾ। ਪਰਮਾਤਮਾ ਸੰਸਾਰ ਨੂੰ ਹਰ ਪਲ ਬਦਲਦਾ ਰਹਿੰਦਾ ਹੈ। ਇਹ ਉਸੇ ਦੀ ਮਲਕੀਅਤ ਹੈ, ਜੋ ਸੰਸਾਰ ਤੇ ਇਸ ਦੀਆਂ ਚੀਜ਼ਾਂ ਨੂੰ ਜੱਫੇ ਪਾਏਗਾ ਉਹ ਇਸ ਅਗਿਆਨਤਾ ਵਿੱਚ ਆਪਣੇ ਲਈ ਉਹੋ ਜਿਹੇ ਹੀ ਦੁੱਖ ਛੇੜ ਲਵੇਗਾ, ਜਿਸ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਕੜ ਲਿਆ ਹੈ, ਪਰ ਗੁਰ ਸ਼ਬਦ ਅੰਦਰ ਛੁਪੇ ਗਿਆਨ ਨੂੰ ਧਾਰਨ ਨਹੀਂ ਕੀਤਾ। ਇਸ ਗਿਆਨ ਨੂੰ ਆਪਣੀ ਤੇ ਆਪਣੇ ਗੁਰੂਆਂ ਦੀ ਪਹਿਚਾਣ ਨਹੀਂ ਮੰਨਿਆ। ਉਹ ਕਿਸੇ ਨਾ ਕਿਸੇ ਬਹਾਨੇ ਆਪਣੀ ਧਾਰਮਿਕ ਪੁਸਤਕ ਦੀ ਬੇਅਦਬੀ ਦਾ ਰੌਲਾ ਪਾਉਂਦਾ ਹੀ ਰਹੇਗਾ ਚਾਹੇ ਉਹ ਕੁਰਾਨ, ਬਾਈਬਲ ਜਾਂ ਕੋਈ ਹੋਰ ਹੋਵੇ। ਗਿਆਨ ਤੋਂ ਬਿਨਾਂ ਸੰਸਾਰ ਦੀ ਹਰ ਚੀਜ਼ ਨਾਲ ਜੋੜ ਭਾਵੇਂ ਹਾਲ ਦੀ ਘੜੀ ਮਾਣ ਸਤਿਕਾਰ ਵਾਲਾ ਲੱਗਦਾ ਹੋਵੇ, ਲੰਮੇ ਸਮੇਂ ਲਈ ਹਾਨੀਕਾਰਕ ਹੈ। ਕਿਉਂਕਿ ਇਹ ਸਿਰਫ਼ ਆਪਣੇ ਨਾਲ ਧੋਖਾ ਹੀ ਨਹੀਂ, ਸੰਸਾਰਕ ਤੌਰ 'ਤੇ ਵੀ ਸਸਤੇ ਢੰਗ ਨਾਲ ਪ੍ਰਾਪਤ ਕਰ ਲਿਆ ਸਤਿਕਾਰ ਵਾਰ-ਵਾਰ ਹੱਥੋਂ ਛੁੱਟਦਾ ਦਿਖਾਈ ਦੇਵੇਗਾ। ਛੁੱਟਣ ਵਕਤ ਦੁੱਖਾਂ ਦਾ ਕਾਰਨ ਬਣੇਗਾ। ਸੱਚ ਦੇ ਖੋਜੀ ਲਈ ਆਪਣੇ ਪ੍ਰਤੀ ਇਮਾਨਦਾਰ ਹੋਣਾ ਜ਼ਰੂਰੀ ਹੈ। ਮਨ ਦੀ ਚੁਸਤ ਚਲਾਕੀ ਉਸ ਲਈ ਵੱਡੀ ਉਲਝਣ ਬਣਦੀ ਹੈ। ਮੰਜਲ 'ਤੇ ਪਹੁੰਚਣ ਲਈ ਮਨ ਦੀ ਹਰ ਹਰਕਤ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ।

ਜੇਕਰ ਅਸੀਂ ਸਿੱਖੀ ਤੇ ਗੁਰੂ ਗਿਆਨ ਨੂੰ ਪੱਗ ਅਤੇ ਦਾਹੜੀ ਤੱਕ ਹੀ ਸੀਮਤ ਕਰ ਦਿੱਤਾ ਤਾਂ ਕੁਲ ਸੰਸਾਰ ਨੂੰ ਗੁਰੂ ਗਿਆਨ ਵਿੱਚ ਕਿਸ ਤਰ੍ਹਾਂ ਲਪੇਟਾਂਗੇ। ਇਹ ਤਾਂ ਖ਼ੁਦਗਰਜ਼ੀ ਥੱਲੇ ਗੁਰੂ ਗਿਆਨ ਨਾਲ ਧੱਕਾ ਹੋਵੇਗਾ। ਵੈਦ ਮਰੀਜ਼ ਨੂੰ ਗੋਲੀਆਂ ਉਸ ਦੀ ਬਿਮਾਰੀ ਅਨੁਸਾਰ ਦਿੰਦਾ ਹੈ। ਜਦੋਂ ਹਿੰਦੁਸਤਾਨ ਦੀ ਜਨਤਾ ਅੰਧ-ਵਿਸ਼ਵਾਸ ਵਿੱਚ ਫਸੀ ਇਤਨੀ ਕਮਜ਼ੋਰ ਤੇ ਨਿਤਾਣੀ ਹੋ ਚੁੱਕੀ ਸੀ ਕਿ ਦਿੱਲੀ ਅੰਦਰ ਆਪਣੇ ਗੁਰੂ ਦੇ ਕਤਲ ਸਰੀਰ ਨੂੰ ਚੁੱਕਣ ਦੀ ਸਮਰੱਥਾ ਨਹੀਂ ਸੀ ਰੱਖਦੀ, ਤਾਂ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਤਰ੍ਹਾਂ ਦਾ ਦਵਾ-ਦਾਰੂ ਕਰ ਕੇ ਸਾਨੂੰ ਵੱਖਰੀ ਡਰਪੋਕਾਂ ਵਾਂਗ ਲੁਕ ਨਹੀਂ ਸੀ ਸਕਦੇ, ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕਈ ਸੌ ਸਾਲ ਗੁਰਬਾਣੀ ਤੇ ਗੁਰੂ ਗਿਆਨ ਧਾਰਨ ਕਰਨ ਤੋਂ ਬਾਅਦ ਵੀ ਅਸੀਂ ਪਹਿਲਾਂ ਦੀ ਤਰ੍ਹਾਂ ਹੀ ਅੰਧ-ਵਿਸ਼ਵਾਸੀ, ਕਮਜ਼ੋਰ ਤੇ ਨਿਤਾਣੇ ਹਾਂ। ਹਮੇਸ਼ਾ ਬਗ਼ੈਰ ਬਿਮਾਰੀ ਤੋਂ ਪੁਰਾਣੀ ਦਵਾਈ ਉੱਤੇ ਹੀ ਜ਼ੋਰ ਦੇਈ ਜਾਣਾ ਅਕਲਮੰਦੀ ਨਹੀਂ ਸਮਝੀ ਜਾ ਸਕਦੀ। ਸਭ ਤੋਂ ਵੱਡੀ ਗੁਰ-ਮਰਿਯਾਦਾ ਜੋ ਗੁਰੂਆਂ ਨੇ ਤੋਰੀ ਸੀ, ਉਹ ਸਮੇਂ ਦੀਆਂ ਮੁਸ਼ਕਲਾਂ ਨੂੰ ਤਾੜਨਾ ਤੇ ਲੋੜ ਅਨੁਸਾਰ ਉਹਨਾਂ ਦਾ ਹੱਲ ਲੱਭਣਾ ਸੀ, ਪਰ ਇਸ ਵੱਡੀ ਤੇ ਮੁਸ਼ਕਲਾਂ ਭਰੀ ਗੁਰ-ਮਰਿਯਾਦਾ ਨੂੰ ਕੋਈ ਲਾਗੂ ਕਰਨ ਦੀ ਹਿੰਮਤ ਨਹੀਂ ਕਰਦਾ। ਮੁਸਲਮਾਨਾਂ ਤੇ ਹੋਰ ਧਰਮਾਂ ਦੀ ਤਰ੍ਹਾਂ ਪੁਰਾਣੀਆਂ ਰੀਤਾਂ ਨੂੰ ਦੋਹਰਾਈ ਜਾਣਾ ਧਰਮ ਬਣਾਇਆ ਜਾ ਰਿਹਾ ਹੈ। ਕਦੇ ਹਜ਼ਰਤ ਮੁਹੰਮਦ ਨੇ ਮਿਡਲ ਈਸਟ ਵਿੱਚ ਲੋਕਾਂ ਨੂੰ ਜੋ ਨਿੱਤ ਆਪਸ ਵਿੱਚ ਲੜਦੇ ਭਿੜਦੇ ਤੇ ਮਰਦੇ ਰਹਿੰਦੇ ਸਨ, ਚਾਰ-ਚਾਰ ਜ਼ਨਾਨੀਆਂ ਰੱਖਣ ਦਾ ਉਪਦੇਸ਼ ਦਿੱਤਾ ਸੀ ਤਾਂ ਕਿ ਵੱਧ ਤੋਂ ਵੱਧ ਬੱਚੇ ਪੈਦਾ ਕੀਤੇ ਜਾ ਸਕਣ।

ਇਹ ਉਸ ਸਮੇਂ ਬਿਲਕੁਲ ਠੀਕ ਸੀ। ਇਸ ਵਿਧੀ ਨਾਲ ਇਸਲਾਮ ਵੀ ਬੜੀ ਤੇਜ਼ੀ ਨਾਲ ਫੈਲਿਆ ਤੇ ਖਾਲੀ ਪਈ ਜ਼ਮੀਨ ਜਿਸ ਦਾ ਕੋਈ ਵਾਲੀ-ਵਾਰਸ ਨਹੀਂ ਸੀ, ਕੰਮ ਆਉਣ ਲੱਗੀ, ਪਰ ਅੱਜ ਜਦੋਂ ਹਾਲਾਤ ਬਿਲਕੁਲ ਬਦਲ ਗਏ ਹਨ ਜ਼ਮੀਨ ਤਾਂ ਦੂਰ ਦੀ ਗੱਲ, ਪਾਣੀ ਦਾ ਗਿਲਾਸ ਵੀ ਮੁੱਲ ਵਿੱਕਣ ਲੱਗ ਪਿਆ ਹੈ।

ਚਾਲੀ-ਪੰਜਾਹ ਬੱਚੇ ਪੈਦਾ ਕਰਨੇ ਮੁਸੀਬਤ ਤੇ ਦੁੱਖਾਂ ਵਿੱਚ ਛਾਲ ਮਾਰਨ ਸਮਾਨ ਹੈ। ਕਸੂਰ ਹਜ਼ਰਤ ਮੁਹੰਮਦ ਦਾ ਨਹੀਂ, ਕਸੂਰ ਉਸ ਦੇ ਪੈਰੋਕਾਰਾਂ ਦਾ ਹੈ ਜੋ ਸਮੇਂ ਦੀ ਤੋਰ ਨੂੰ ਨਹੀਂ ਪਹਿਚਾਣ ਰਹੇ। ਗੁਰੂ ਗਿਆਨ ਨਹੀਂ ਪਕੜਿਆ, ਧਾਰਨਾ ਫੜ ਲਈ ਹੈ। ਸੰਸਾਰ ਦੇ ਸਭ ਪੈਗੰਬਰਾਂ ਨੇ ਮਨੁੱਖਤਾ ਨੂੰ ਸਮੇਂ ਦੀ ਤੋਰ ਅਨੁਸਾਰ ਚੱਲਣ ਦਾ ਉਪਦੇਸ਼ ਦਿੱਤਾ ਹੈ।

ਹਰ ਧਰਮ ਦੇ ਪੈਰੋਕਾਰ ਨੇ ਉਹਨਾਂ ਦੀ ਦੱਸੀ ਮਰਿਯਾਦਾ ਨੂੰ ਧਰਮ ਤੇ ਆਪਣੀ ਪਹਿਚਾਣ ਬਣਾਇਆ ਹੈ, ਪਰ ਗਿਆਨ ਨੂੰ ਨਹੀਂ। ਗਿਆਨ ਹਮੇਸ਼ਾ ਹਰ ਖੇਤਰ ਅੰਦਰ ਤਰੱਕੀ ਕਰਦਾ ਆਇਆ ਹੈ। ਮਨੁੱਖ ਦੀ ਲਾਲਸਾ ਫੜ ਕੇ ਬਹਿਣ ਦੀ ਹੈ। ਪਰਮਾਤਮਾ ਮਨੁੱਖ ਦੀਆਂ ਨਵੇਂ ਗਿਆਨ ਨਾਲ ਹਰ ਰੋਜ਼ ਝੋਲੀਆਂ ਭਰਦਾ ਆਇਆ ਹੈ। ਗਿਆਨ ਕਦੇ ਵੀ ਕਿਸੇ ਖੇਤਰ ਅੰਦਰ ਖ਼ਤਮ ਨਹੀਂ ਹੁੰਦਾ, ਇਹ ਅੱਗੇ ਹੀ ਅੱਗੇ ਵੱਧਦਾ ਰਹਿੰਦਾ ਹੈ। ਇਸ ਉੱਤੇ ਕੋਈ ਵਿਅਕਤੀ ਕਬਜ਼ਾ ਨਹੀਂ ਕਰ ਸਕਦਾ। ਇਹ ਕੋਸ਼ਿਸ਼ਾਂ ਨਾਲ ਪਾਉਣਾ ਪੈਂਦਾ ਹੈ।

ਗਿਆਨ ਹੀ ਸਿੱਖੀ ਦੀ ਅਸਲੀ ਪਹਿਚਾਣ ਹੈ। ਗਿਆਨ ਦੀ ਜੋਤ ਨੂੰ ਦੁਨੀਆਂ ਵਿੱਚ ਉਜਾਗਰ ਕਰਨਾ ਸਿੱਖੀ ਮਾਰਗ ਹੈ। ਧਿਆਨਪੂਰਵਕ ਕੀਤੀ ਗਈ ਸਵੈ-ਪੜਚੋਲ ਦੱਸਦੀ ਹੈ ਹਰ ਮਨੁੱਖ ਅੰਦਰ ਚਾਹੇ ਉਹ ਚਿੱਟਾ, ਕਾਲਾ ਜਾਂ ਕਿਸੇ ਵੀ ਨਸਲ ਦਾ ਹੋਵੇ, ਮਨ ਅੰਦਰ ਦੁੱਖ ਤੇ ਸੁੱਖ ਇੱਕੋ ਢੰਗ ਨਾਲ ਪੈਦਾ ਹੁੰਦੇ ਹਨ। ਮਨੁੱਖ ਦੇ ਮਨ ਤੇ ਸਰੀਰ ਅੰਦਰਲੀ ਕਿਰਿਆ ਲੱਗਭੱਗ ਇੱਕੋ ਢੰਗ ਨਾਲ ਚੱਲਦੀ ਹੈ। ਇਸ ਲਈ ਸਾਰੀ ਮਨੁੱਖ ਜਾਤੀ ਬਰਾਬਰ ਹੈ ਕੋਈ ਊਚ-ਨੀਚ ਨਹੀਂ ਹੈ। ਇਹ ਮੇਰੇ-ਮੇਰੇ ਦੀ ਰਟ ਮਨੁੱਖੀ ਮਨ ਅੰਦਰ ਸੰਸਾਰ ਨੂੰ ਫੜਣ ਵਾਲੀ ਲੋਭੀ ਬਿਰਤੀ ਦੀ ਰਟ ਹੈ।

ਮਨੁੱਖ ਆਪਣੀ ਪਹਿਚਾਣ ਨੂੰ ਸੰਸਾਰ ਦੀ ਹਰ ਸਤਿਕਾਰਯੋਗ ਤੇ ਕੀਮਤੀ ਚੀਜ਼ ਨਾਲ ਜੋੜਦਾ ਆਇਆ ਹੈ। ਇਸ ਲਈ ਜੰਗਾਂ ਤੇ ਯੁੱਧਾਂ ਵੀ ਹੁੰਦੀਆਂ ਆਈਆਂ ਹਨ, ਪਰ ਬੁੱਧ ਪੁਰਖ ਆਖਦੇ ਆਏ ਹਨ, ਮੈਂ-ਮੈਂ ਦੀ ਰਟ ਦਾ ਮੁੱਕ ਜਾਣਾ ਤੇ ਸੰਸਾਰ ਵਿੱਚ ਖੁਰ ਜਾਣਾ ਹੀ ਪਰਮਾਤਮਾ ਨੂੰ ਪਾਉਣਾ ਹੈ।

ਅੱਜ ਸਿੱਖ ਖੁਰਨ ਲਈ ਤਿਆਰ ਨਹੀਂ ਹੈ। ਕਦੇ ਇਹ ਨਿਮਾਣਾ ਹੋ ਕੇ ਅਨੰਦਪੁਰ ਸਾਹਿਬ ਪਹੁੰਚਿਆ ਸੀ ਅੱਜ ਸਵੈ-ਪੜਚੋਲ ਤੋਂ ਖ਼ਾਲੀ ਗੁਰੂਆਂ ਦੇ ਸ਼ਾਨਦਾਰ ਇਤਿਹਾਸ ਕਰਕੇ ਇਸ ਵਿੱਚ ਪੈਦਾ ਹੋਏ ਹੰਕਾਰ ਨੂੰ ਜੇ ਠੀਕ ਸੇਧਾਂ ਨਾ ਦਿੱਤੀਆਂ, ਤਾਂ ਇਹ ਕੌਮੀ ਖੱਜਲ ਖੁਆਰੀ ਦਾ ਕਾਰਨ ਵੀ ਬਣ ਸਕਦਾ ਹੈ।

ਹਰ ਮਨੁੱਖ ਨੂੰ ਕੁਦਰਤ ਨੇ ਆਪਣੀ ਵੱਖਰੀ ਪਹਿਚਾਣ ਦਿੱਤੀ ਹੋਈ ਹੈ। ਪਰ ਮਨੁੱਖ ਆਪਣੀ ਪੁਰਾਣੀ ਆਦਤ ਅਨੁਸਾਰ ਮਜ਼੍ਹਬਾਂ, ਕੌਮਾਂ ਤੇ ਦੇਸ਼ਾਂ ਦੇ ਨਾਂ ਨਾਲ ਆਪਣੀ ਪਹਿਚਾਣ ਜੋੜਦਾ ਤੇ ਗ਼ੈਰਾਂ ਨਾਲ ਉਪੱਦਰ ਖੜ੍ਹੇ ਕਰਨ ਦਾ ਸ਼ੌਂਕ ਪਾਲਦਾ ਆਇਆ ਹੈ। ਹੁਣ ਸਿੱਖ ਵੀ ਕਿਸੇ ਤੋਂ ਘੱਟ ਨਹੀਂ।

ਕਾਸ਼! ਗੁਰੂ ਗਿਆਨ ਹੀ ਸਿੱਖੀ ਦੀ ਪਹਿਚਾਣ ਬਣ ਸਕੇ। ਵਰਨਾ ਐਸੇ ਸਿੰਘਾਂ ਦੀ ਘਾਟ ਨਹੀਂ ਹੈ, ਜੋ ਨਿੱਤ ਨਾਨਕਸ਼ਾਹੀ ਕੈਲੰਡਰ ਤੇ ਦਸਮ ਗ੍ਰੰਥ ਵਰਗੇ ਸਾਧਾਰਨ ਮਸਲਿਆਂ ਨੂੰ ਖ਼ੂਬ ਉਛਾਲ ਕੇ ਖ਼ਾਲਸੇ ਪੰਥ ਨੂੰ ਆਪਸ ਵਿੱਚ ਲੜਣ-ਭਿੜਣ ਵਾਲੀ ਸੰਸਥਾ ਬਣਾਉਣ ਵਿੱਚ ਜੁਟੇ ਹੋਏ ਹਨ।

# ਟੈਕਸ ਪ੍ਰਣਾਲੀ ਬਾਰੇ ਸ਼੍ਰੋਮਣੀ ਕਮੇਟੀ ਦੀ ਅਣਜਾਣਤਾ ਬਨਾਮ ਜੀ.ਐਸ.ਟੀ.

## ਰੀਫੰਡ ਦੀ ਆੜ ਹੇਠ ਸੇਵਾ ਭੋਜ ਸਕੀਮ' 'ਤੇ ਮੋਹਰ

**ਨਰਿੰਦਰ ਪਾਲ ਸਿੰਘ**

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਜੁਲਾਈ 2017 ਵਿੱਚ ਐਲਾਨੀ ਨਵੀਂ ਇੱਕ ਸਾਰ ਟੈਕਸ ਨੀਤੀ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਲਈ ਤਿਆਰ ਕੀਤੇ ਜਾਣ ਵਾਲੇ ਲੰਗਰ ਲਈ ਲੋੜੀਂਦੀਆਂ ਵਸਤਾਂ ਤੇ ਵੀ ਟੈਕਸ ਲਗਾ ਦਿੱਤਾ ਗਿਆ ਸੀ। ਨਵੀਂ ਨੀਤੀ ਤਹਿਤ ਲਗਣ ਵਾਲੇ ਇਸ ਟੈਕਸ ਦਾ ਅੱਧਾ ਭਾਗ ਕੇਂਦਰ ਸਰਕਾਰ ਪਾਸ ਪੁਜਣਾ ਸੀ ਤੇ ਅੱਧਾ ਸੂਬਾਈ ਸਰਕਾਰ ਪਾਸ।ਗੁਰੂ ਕੇ ਲੰਗਰ ਲਈ ਖ੍ਰੀਦੀਆਂ ਜਾਣ ਵਾਲੀਆਂ ਰਸਦਾਂ ਤੇ ਲੱਗਣ ਵਾਲੇ ਟੈਕਸ ਖਿਲਾਫ ਜਦੋਂ ਸ਼੍ਰੋਮਣੀ ਗੁ:ਪ੍ਰਬੰਧਕ ਕਮੇਟੀ ਅਤੇ ਇਸਤੇ ਕਾਬਜ ਸਿਆਸੀ ਧਿਰ ਬਾਦਲ ਦਲ ਨੇ ਉਠਾਇਆ ਤਾਂ ਇਸਦੀਆਂ ਛਿੱਟਾਂ ਬਾਦਲ ਦਲ ਤੇ ਵੀ ਇਸ ਕਰਕੇ ਡਿੱਗੀਆਂ ਕਿਉਂਕਿ ਕਰਨਾਟਕ ਸਥਿਤ ਤ੍ਰਪਤੀ ਮੰਦਰ ਦੇ ਪ੍ਰਸ਼ਾਦਿ ਨੂੰ ਟੈਕਸ ਮੁਆਫ ਸੀ।

ਅਜੇਹਾ ਇਸ ਕਰਕੇ ਸੰਭਵ ਹੋ ਸਕਿਆ ਸੀ ਕਿਉਂਕਿ ਕਰਨਾਟਕ ਸਰਕਾਰ ਨੇ ਜੀ.ਐਸ.ਟੀ. ਬਾਰੇ ਵਿਚਾਰ ਕਰਨ ਵਾਲੀ ਹਰ ਕਮੇਟੀ ਵਿੱਚ ਆਪਣਾ ਨੁਮਾਇੰਦਾ ਭੇਜਿਆ ਤੇ ਮੰਦਰ ਦੇ ਪ੍ਰਸ਼ਾਦਿ ਦੀ ਮਹਾਨਤਾ ਨੂੰ ਪ੍ਰਚਾਰਿਆ। ਦੂਸਰੇ ਪਾਸੇ ਪੰਜਾਬ ਵਿੱਚਲੀ ਬਾਦਲ-ਭਾਜਪਾ ਸਰਕਾਰ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਅਵੇਸਲੀ ਰਹੀ ਤੇ ਉਹ ਸਚਖੰਡ ਸ੍ਰੀ ਦਰਬਾਰ ਸਾਹਿਬ ਦੀ ਸਿੱਖ ਕੌਮ ਤੇ ਵਿਸ਼ਵ ਭਰ ਦੇ ਲੋਕਾਂ ਲਈ ਮਹਾਨਤਾ ਦਾ ਪੱਖ ਕਿਸੇ ਜੀ.ਐਸ.ਟੀ. ਕਮੇਟੀ ਸਾਹਮਣੇ ਰੱਖਣ ਵਿੱਚ ਅਸਫਲ ਰਹੀ। ਆਖਿਰ ਲੰਗਰ ਦੀਆਂ ਰਸਦਾਂ ਤੇ ਲਗਾਇਆ ਜਾਣ ਵਾਲਾ ਜੀ.ਐਸ.ਟੀ. ਬਾਦਲ ਦਲ ਦੇ ਗਲੇ ਦੀ ਹੱਡੀ ਬਣ ਗਿਆ ਤੇ ਉਸਦੀ ਮਜਬੂਰੀ ਬਣ ਗਈ ਕਿ ਉਹ ਇਸ ਟੈਕਸ ਨੂੰ ਖਤਮ ਕਰਵਾਵੇ। ਜੀ.ਐਸ.ਟੀ. ਬਾਰੇ ਦੇਸ਼ ਵਿਦੇਸ਼ 'ਚੋਂ ਉਠੀਆਂ ਸੁਰਾਂ ਨੂੰ ਵੇਖਦਿਆਂ ਨਰਿੰਦਰ ਮੋਦੀ ਦੀ ਸਰਕਾਰ ਨੇ ਸੇਵਾ ਭੋਜ'ਨਾਮੀ ਇੱਕ ਨਵੀਂ ਸਕੀਮ ਦਾ ਐਲਾਨ ਕੀਤਾ ਜਿਸ ਲਈ ਸਿਰਫ ਦੋ ਸਾਲਾਂ ਦੇ ਸਮੇਂ ਲਈ 325 ਕਰੋੜ ਰੁਪਏ ਦੀ ਰਕਮ ਰੱਖੀ ਗਈ।

ਕਿਸੇ ਸੂਬਾਈ ਜਾਂ ਕੇਂਦਰੀ ਸਰਕਾਰ ਪਾਸ ਬਾਰ ਬਾਰ ਗੁਹਾਰ ਕਿਉਂ ਲਗਾ ਰਹੀ ਹੈ? ਹਾਲ ਵਿੱਚ ਹੀ ਸ਼੍ਰੋਮਣੀ ਕਮੇਟੀ ਨੇ ਵੱਖ ਵੱਖ ਅਖਬਾਰਾਂ ਵਿੱਚ ਬਕਾਇਦਗੀ ਨਾਲ ਇਸ਼ਤਿਹਾਰ ਜਾਰੀ ਕਰਕੇ ਜੀ.ਐਸ.ਟੀ. ਰੀਫੰਡ ਨੂੰ ਭਰੇ ਹੋਏ ਟੈਕਸਾਂ ਦੀ



ਰਿਹਾ ਹੈ ਉਹ ਉਸਨੇ ਪਹਿਲਾਂ ਭਰਿਆ ਹੈ। ਜੀ.ਐਸ.ਟੀ. ਰੀਫੰਡ ਦੀ ਆੜ ਹੇਠ ਨਰਿੰਦਰ ਮੋਦੀ ਦੀ ਸਰਕਾਰ ਵਲੋਂ ਜਾਰੀ ਪੱਤਰਿਕਾ ਵਾਚੀ ਜਾਏ ਤਾਂ ਇਹ ਕੋਈ ਸੇਵਾ ਭੋਜ ਸਕੀਮ ,ਕੇਂਦਰ ਦੇ ਸਭਿਆਚਾਰ ਮੰਤਰਾਲੇ ਨੇ ਚਲਾਈ ਹੈ ਜਿਸ ਤਹਿਤ ਦੋ ਸਾਲ ਲਈ 325 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। ਸ਼ਾਇਦ ਸ਼੍ਰੋਮਣੀ ਕਮੇਟੀ ,ਇਸਦੇ ਜਥੇਦਾਰ ਜਾਂ ਸਿਆਸੀ ਮਾਲਕ ਆਮ ਸੰਗਤ ਨੂੰ ਇਹ ਤਲਖ ਹਕੀਕਤ ਦੱਸਣ ਲਈ ਕਦੇ ਵੀ ਸਾਹਮਣੇ ਨਾ ਆਉਣ ਕਿ ਗੁਰੂ ਸਾਹਿਬ ਦੁਆਰਾ ਬਖਸ਼ਿਸ਼ ਲੰਗਰ ਦਾ ਸਿਧਾਂਤ, ਇੱਕ ਵਿਲੱਖਣ ਸਿਧਾਂਤ ਹੈ ਜੋ ਮਨੁਖੀ ਸਮਾਨਤਾ ਤੇ ਬਰਾਬਰਤਾ ਦਾ ਲਖਾਇਕ ਹੈ। ਤੇ ਇਨ੍ਹਾਂ ਲੋਕਾਂ ਨੂੰ ਇਹ ਵੀ ਸਪਸ਼ਟ ਕਰਨਾ ਜਰੂਰ ਬਣਦਾ ਹੈ ਕਿ ਲੰਗਰ ਦੀ ਮਰਿਆਦਾ ਨੂੰ ਸੇਵਾ ਭੋਜ ਵਿੱਚ ਰਲਗੱਡ ਕਰਨਾ ਠੀਕ ਉਸੇ ਤਰ੍ਹਾਂ ਹੈ ਜਿਵੇਂ ਗੁਰੂ ਸਾਹਿਬ ਵਲੋਂ ਸਥਾਪਿਤ ਸੰਗਤ ਨੂੰ ਰਾਸ਼ਟਰੀ ਸੰਗਤ ਤੇ ਕੌਮੀ

ਬਾਕੀ ਸਫ਼ਾ 29 'ਤੇ

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001 ਈਸਟ, ਵਾਲਨਟ ਡ੍ਰਾਇਵ ਸਾਊਥ, ਵਾਲਨਟ ਕੈਲੀਫੋਰਨੀਆ 91789, ਸੰਪਰਕ ਫੋਨ : (909) 869-6165



## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ

## 412ਵਾਂ ਸ਼ਹੀਦੀ ਦਿਵਸ

### ਬੁੱਧਵਾਰ, 04 ਜੁਲਾਈ 2018

ਸਵੇਰੇ 06:00 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਗੁਰਦੁਆਰਾ ਸਾਹਿਬ ਵਾਲਨਟ ਵਿਖੇ ਮਨਾਇਆ ਜਾ ਰਿਹਾ ਹੈ

- ਆਸਾ ਦੀ ਵਾਰ ਦਾ ਰਸਭਿੰਨਾ ਕੀਰਤਨ ਲਾਸ ਏਂਜਲਸ ਦੇ ਅਖੰਡ ਕੀਰਤਨੀ ਜਥੇ ਦੁਆਰਾ ਕੀਤਾ ਜਾਵੇਗਾ।
- ਕੀਰਤਨੀ ਜਥਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਸ ਵਿੱਚ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੇ ਰਾਗੀ ਜਥੇ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨਗੇ।
- ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਜੀ ਵੇਦਾਂਤੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ, ਜੋ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਨਗੇ।
- ਪੰਜਾਬੀ ਅਤੇ ਗੁਰਮਤਿ ਸਕੂਲ ਕੈਲੀਫੋਰਨੀਆ ਦੇ ਨੌਜਵਾਨ ਅਤੇ ਬੱਚੇ ਵੀ ਕੀਰਤਨ ਕਰਨਗੇ।



ਗਿਆਨੀ ਜੋਗਿੰਦਰ ਸਿੰਘ ਵੇਦਾਂਤੀ

ਦੱਖਣੀ ਕੈਲੀਫੋਰਨੀਆ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰਾਂ ਅਤੇ ਮਿੱਤਰਾਂ ਨਾਲ ਇਸ ਸਮਾਗਮ ਵਿੱਚ ਹਾਜ਼ਰੀ ਭਰਨ। ਆਓ ਇਸ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਬੱਚਿਆਂ ਨੂੰ ਉਹਨਾਂ ਦੇ ਮਹਾਨ ਸਿੱਖ ਵਿਰਸੇ, ਸਿੱਖ ਸਿਧਾਂਤਾਂ, ਸਿੱਖ ਵਿਸ਼ਵਾਸ਼ ਤੇ ਮਾਨਵਤਾ ਲਈ ਗੁਰੂ ਸਹਿਬਾਨ ਦੀਆਂ ਅਦੁੱਤੀ ਕੁਰਬਾਨੀਆਂ ਦੀ ਜਾਣਕਾਰੀ ਦੇਈਏ।

*ਸਵੇਰ ਤੋਂ ਦੁਪਹਿਰ ਤੱਕ ਚਾਹ, ਨਾਸ਼ਤਾ, ਛਬੀਲ (ਕੱਚੀ ਲੱਸੀ) ਅਤੇ ਤਾਜ਼ੇ ਫ਼ਲ ਅਤੇ ਜੂਸ ਦਾ ਪ੍ਰਬੰਧ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

ਸੇਵਾਦਾਰ ਗੁਰਦੁਆਰਾ ਵਾਲਨਟ : ਸਤਪਾਲ ਸਿੰਘ ਗੋਤਰਾ (909) 569-9545, ਸੁਰਿੰਦਰ ਸਿੰਘ ਭੋਗਲ (909) 861-5767
ਗੁਰਬਚਨ ਸਿੰਘ ਜੁਨੇਜਾ (909) 228-1556, ਕੁਲਬੀਰ ਸਿੰਘ ਭੁੱਲਰ (626) 675-2233, ਜਗਜੀਤ ਸਿੰਘ ਇਰਾਨੀ (626) 239-5621

ਕੀਰਤਨ ਅਤੇ ਲੰਗਰ ਸੇਵਾ ਲਈ ਸੰਪਰਕ ਕਰੋ :
ਹਨਵੰਤਬੀਰ ਸਿੰਘ ਸਾਹਨੀ (626) 369-3305, ਗੁਰਬਖ਼ਸ਼ ਸਿੰਘ ਭਸੀਨ (626) 523-4162

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ

## ਸੈਮੀਨਾਰ

### ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਕੌਮ ਨੂੰ ਦੇਣ



ਬਾਬਾ ਬੰਦਾ ਸਿੰਘ ਬਹਾਦਰ

**ਤਾਰੀਖ ਤੇ ਦਿਨ :**
23 ਜੂਨ 2018, ਦਿਨ ਸ਼ਨਿਚਰਵਾਰ

**ਸਮਾਂ:** ਬਾਅਦ ਦੁਪਹਿਰ 3:00 ਵਜੇ ਤੋਂ
ਬਾਅਦ ਦੁਪਹਿਰ 5:30 ਵਜੇ ਤੱਕ

*ਸਥਾਨ: ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ*
**680 East Calaveras Blvd, Milpitas, CA 95035**



ਮਹਾਰਾਜਾ ਰਣਜੀਤ ਸਿੰਘ



ਡਾ. ਸੁਖਪ੍ਰੀਤ ਸਿੰਘ ਉਦੋਕੇ



ਡਾ. ਅਮਰਜੀਤ ਸਿੰਘ ਵਾਸ਼ਿਗਟਨ ਡੀ.ਸੀ.

**ਮੁੱਖ ਬੁਲਾਰੇ :**

**ਡਾ. ਸੁਖਪ੍ਰੀਤ ਸਿੰਘ ਉਦੋਕੇ**
ਬਾਬਾ ਬੰਦਾ ਸਿੰਘ ਅਤੇ ਮਹਰਾਜਾ ਰਣਜੀਤ ਸਿੰਘ ਤੱਕ ਦਾ ਸਿੱਖ ਕਾਲ

**ਡਾ. ਅਮਰਜੀਤ ਸਿੰਘ**
ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਕਾਲ ਤੇ ਮੌਜੂਦਾ ਹਾਲਾਤ

**ਹੋਰ ਜਾਣਕਾਰੀ ਲਈ ਸੰਪਰਕ :**
ਜਸਵੰਤ ਸਿੰਘ ਹੋਠੀ : 408-898-7056, ਡਾ. ਪ੍ਰਿਤਪਾਲ ਸਿੰਘ : 408-422-5600
ਬਲਵੀਰ ਸਿੰਘ ਢਿਲੋਂ : 408-772-0600 ਅਤੇ ਮਨਪ੍ਰੀਤ ਸਿੰਘ : 408-205-1663

ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons

open 6am to midnight

Phone: 765-478-6300





Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Address: 27293 S Hillview St, Tracy, CA 95304-8154**

**Listing Price: $929,900,**

Area: 1.0100Acres (43996 Lot SqFt Apprx)



**Address: 20199 Wicklund Rd, Tracy, CA 95391**

**Listing Price $1,250,000,**

Area: 10.5000 Acres (457380 Lot SqFt Apprx)



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**



TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's Travel Stops & Country Stores


jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# ਰਾਣਾ ਅਯੂਬ ਨੂੰ ਭਗਵੇਂਵਾਦੀਆਂ ਵਲੋਂ ਮਿਲ ਰਹੀਆਂ ਹਨ ਬਲਾਤਕਾਰ ਦੀਆਂ ਧਮਕੀਆਂ

ਨਵੀਂ ਦਿੱਲੀ/ਬਿਊਰੋ ਨਿਊਜ਼:
ਸਾਲ 2002 ਦੇ ਗੁਜਰਾਤ ਦੰਗਿਆਂ ਉੱਤੇ ਕਿਤਾਬ 'ਗੁਜਰਾਤ ਫਾਈਲਸ: ਐਨਾਟੌਮੀ ਆਫ਼ ਏ ਕਵਰ-ਅਪ' ਲਿਖ ਚੁੱਕੀ ਖੋਜੀ ਪੱਤਰਕਾਰ ਰਾਣਾ ਅਯੂਬ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੇ ਇਸ ਦਾ ਨੋਟਿਸ ਲੈਂਦਿਆਂ ਕਿਹਾ ਹੈ ਕਿ ਰਾਣਾ ਅਯੂਬ ਦੀ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਰਾਣਾ ਅਯੂਬ ਨੇ ਦੱਸਿਆ ਕਿ ਉਨ੍ਹਾਂ ਨੂੰ ਧਮਕੀਆਂ ਪਹਿਲਾਂ ਆਨਲਾਈਨ ਮਿਲਦੀਆਂ ਸਨ ਪਰ ਕੁਝ ਸਮੇਂ ਤੋਂ ਹੁਣ ਫ਼ੋਨ ਉੱਤੇ ਜਾਨੋਂ ਮਾਰਨ ਦੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।
ਉਨ੍ਹਾਂ ਦੱਸਿਆ, "ਮੇਰੇ ਨਾਂ ਦਾ ਇੱਕ ਪੋਰਨ ਵੀਡੀਓ ਬਣਾਇਆ ਗਿਆ ਹੈ ਜਿਸ ਨੂੰ ਮੋਰਫ ਕਰਕੇ ਮੇਰਾ ਚਿਹਰਾ ਲਗਾ ਦਿੱਤਾ ਗਿਆ ਹੈ। ਇਸ ਨੂੰ ਫੋਨ 'ਤੇ ਵਟਸਐਪ ਰਾਹੀਂ ਭਾਰਤ ਵਿੱਚ ਫੈਲਾਇਆ ਜਾ ਰਿਹਾ ਹੈ। ਟਵਿੱਟਰ 'ਤੇ ਉਨ੍ਹਾਂ ਲੋਕਾਂ ਨੇ ਮੇਰੇ ਨਾਮ 'ਤੇ ਸੈਕਸ ਸੀਡੀ ਨਾਂ ਦਾ ਹੈਸ਼ਟੈਗ ਚਲਾਇਆ ਸੀ ਅਤੇ ਮੇਰੇ ਨਾਂ ਤੋਂ ਗੰਦੀਆਂ ਤਸਵੀਰਾਂ ਪਾਈਆਂ ਸਨ। ਟਵਿੱਟਰ 'ਤੇ ਮੇਰਾ ਫੋਨ ਨੰਬਰ ਅਤੇ ਪਤਾ ਟਵੀਟ ਕੀਤਾ ਗਿਆ ਹੈ। ਨਾਲ ਲਿਖਿਆ ਹੈ, ਮੈਂ ਉੱਪਲਬਧ ਹਾਂ। ਮੇਰੇ ਨੰਬਰ 'ਤੇ ਲੋਕ ਗੰਦੀਆਂ ਤਸਵੀਰਾਂ ਭੇਜ ਰਹੇ ਹਨ ਤੇ ਨਾਲ ਸੈਕਸ ਕਰਨ ਬਾਰੇ ਪੁੱਛ ਰਹੇ ਹਨ। ਇਸ ਤਰ੍ਹਾਂ ਦੀ ਗੰਦਗੀ ਮੈਂ ਪਹਿਲਾਂ ਕਦੇ ਨਹੀਂ ਵੇਖੀ।"
ਰਾਣਾ ਨੇ ਅੱਗੇ ਦੱਸਿਆ, "ਮੇਰੇ ਨਾਂ 'ਤੇ ਅਜਿਹੇ ਟਵੀਟ ਹਨ ਕਿ ਮੈਂ ਬੱਚਿਆਂ ਦੇ ਬਲਾਤਕਾਰੀਆਂ ਦਾ ਸਮਰਥਨ ਕਰਦੀ




ਹਾਂ ਅਤੇ ਭਾਰਤ ਤੇ ਭਾਰਤੀਆਂ ਤੋਂ ਨਫ਼ਰਤ ਕਰਦੀ ਹਾਂ। ਮੈਨੂੰ ਗੈਂਗ ਰੇਪ ਦੀਆਂ ਧਮਕੀਆਂ ਮਿਲ ਰਹੀਆਂ ਹਨ। ਗੁੰਡੇ ਇਹ ਮੈਨੂੰ ਮੈਸੇਜ ਕਰ ਕੇ ਕਹਿ ਰਹੇ ਹਨ ਕਿ ਉਹ ਘਰ ਆ ਕੇ ਮੇਰਾ ਰੇਪ ਅਤੇ ਕਤਲ ਕਰਨਗੇ।"
ਰਾਣਾ ਅਯੂਬ ਦਾ ਕਹਿਣਾ ਹੈ ਕਿ 26 ਅਪ੍ਰੈਲ ਨੂੰ ਮੈਂ ਦਿੱਲੀ ਦੇ ਸਾਕੇਤ ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਸੀ। ਪਹਿਲਾਂ ਉਨ੍ਹਾਂ ਇਹ ਕਹਿ ਕੇ ਮਨਾ ਕਰ ਦਿੱਤਾ ਕਿ ਇਹ ਮਾਮਲਾ ਉਨ੍ਹਾਂ ਦੇ ਖੇਤਰ ਦਾ ਨਹੀਂ ਹੈ। ਬਾਅਦ ਵਿੱਚ ਵਕੀਲ ਰਾਹੀਂ ਪਹੁੰਚ ਕਰਨ 'ਤੇ ਪੁਲਿਸ ਨੇ ਸ਼ਿਕਾਇਤ ਦਰਜ ਕੀਤੀ। ਅੱਧੇ ਤੋਂ ਵੱਧ ਜੂਨ ਲੰਘ ਚੁੱਕਿਆ ਹੈ ਪਰ ਹਾਲੇ ਤੱਕ ਇਸ ਮਾਮਲੇ ਵਿੱਚ ਕੁਝ ਵੀ ਨਹੀਂ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਇਹ ਸਭ ਕੁਝ ਸਿਰਫ 'ਗੁਜਰਾਤ ਫਾਈਲਜ਼' ਨਹੀਂ ਬਲਕਿ ਮੈਂ ਗੁਜਰਾਤ ਵਿੱਚ ਜਿੰਨੀਆਂ ਵੀ ਰਿਪੋਰਟਾਂ ਕੀਤੀਆਂ ਹਨ, ਕਰਕੇ ਹੋ ਰਿਹਾ ਹੈ। ਇਹ ਪਹਿਲਾਂ ਵੀ ਹੋ ਚੁੱਕਿਆ ਹੈ। ਕਿਤਾਬ ਲਾਂਚ ਤੋਂ ਪਹਿਲਾਂ ਮੈਂ ਗੁਜਰਾਤ ਵਿੱਚ ਹੋਏ ਫਰਜ਼ੀ ਮੁਠਭੇੜ 'ਤੇ ਇੱਕ ਹੋਰ ਖੋਜੀ ਰਿਪੋਰਟ ਕੀਤੀ ਸੀ।
ਸੰਯੁਕਤ ਰਾਸ਼ਟਰ ਨੇ ਕਿਹਾ ਸੀ ਕਿ ਭਾਰਤ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਇਸਤੇਮਾਲ ਕਰਨ ਵਾਲੇ ਲੋਕਾਂ ਲਈ ਹਾਲ ਹੀ ਦੇ ਕੁਝ ਸਾਲਾਂ ਵਿੱਚ ਮਾਹੌਲ ਖ਼ਤਰਨਾਕ ਹੋ ਗਿਆ ਹੈ। ਇਸੇ ਸਾਲ 24 ਮਈ ਨੂੰ ਸੰਯੁਕਤ ਰਾਸ਼ਟਰ ਨੇ ਕਿਹਾ ਕਿ ਭਾਰਤ ਦੀ ਸਰਕਾਰ ਨੂੰ ਰਾਣਾ ਅਯੂਬ ਦੀ ਸੁਰੱਖਿਆ ਲਈ ਇੰਤਜ਼ਾਮ ਕਰਨੇ ਚਾਹੀਦੇ ਹਨ।
ਰਾਣਾ ਅਯੂਬ ਨੇ ਕਿਹਾ, ""ਮੈਨੂੰ ਲੱਗਦਾ ਹੈ ਕਿ ਜ਼ਮੀਨੀ ਪੱਧਰ 'ਤੇ ਇਸ ਦਾ ਕੋਈ ਅਸਰ ਨਹੀਂ ਹੈ। ਸ਼ਿਕਾਇਤ 'ਤੇ ਵੀ ਕੋਈ ਕਾਰਵਾਈ ਹੁੰਦੀ ਨਹੀਂ ਦਿੱਖ ਰਹੀ ਹੈ। ਕੁਝ ਪੱਤਰਕਾਰਾਂ ਨੇ ਮੇਰਾ ਸਾਥ ਦਿੱਤਾ ਹੈ ਪਰ ਐਡੀਟਰਜ਼ ਗਿਲਡ ਨੂੰ ਵੀ ਬਿਆਨ ਜਾਰੀ ਕਰਨ ਵਿੱਚ ਢਾਈ ਮਹੀਨੇ ਲੱਗ ਗਏ।"
ਉਨ੍ਹਾਂ ਕਿਹਾ, "ਕੌਮਾਂਤਰੀ ਮੀਡੀਆ ਅਤੇ ਪੱਤਰਕਾਰਾਂ ਨੇ ਮੇਰਾ ਬਹੁਤ ਸਾਥ ਦਿੱਤਾ। ਉਨ੍ਹਾਂ ਕਰਕੇ ਹੀ ਸੰਯੁਕਤ ਰਾਸ਼ਟਰ ਤੱਕ ਇਹ ਸਮੱਸਿਆ ਪਹੁੰਚੀ।
ਪੱਤਰਕਾਰ ਗੌਰੀ ਲੰਕੇਸ਼ ਨੇ ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫਾਈਲਜ਼' ਦਾ ਕੰਨੜ ਵਿੱਚ ਅਨੁਵਾਦ ਕੀਤਾ ਸੀ। ਪਿਛਲੇ ਸਾਲ ਬੰਗਲੁਰੂ ਵਿੱਚ ਭਗਵੇਂਵਾਦੀਆਂ ਨੇ ਗੋਲੀ ਮਾਰ ਕੇ ਗੌਰੀ ਲੰਕੇਸ਼ ਦਾ ਕਤਲ ਕਰ ਦਿੱਤਾ ਗਿਆ ਸੀ। ਕਤਲ ਦੀ ਪੜਤਾਲ ਕਰ ਰਹੀ ਐੱਸਆਈਟੀ ਨੇ ਨਵੀਨ ਕੁਮਾਰ ਨਾਂ ਦੇ ਇੱਕ ਸ਼ਖ਼ਸ ਨੂੰ ਰਸਮੀ ਤੌਰ 'ਤੇ ਦੋਸ਼ੀ ਬਣਾਇਆ। ਉਹ ਕਥਿਤ ਤੌਰ 'ਤੇ ਹਿੰਦੂ ਯੁਵਾ ਸੈਨਾ ਦਾ ਸੰਸਥਾਪਕ ਹੈ। ਐੱਸਆਈਟੀ ਨੇ ਕੋਰਟ ਨੂੰ ਦੱਸਿਆ ਕਿ ਤਿੰਨ ਸਾਲ ਪਹਿਲਾਂ ਹੋਏ ਡਾਕਟਰ ਐਮਐਮ ਕਲਬੁਰਗੀ ਦਾ ਕਤਲ ਅਤੇ ਗੌਰੀ ਲੰਕੇਸ਼ ਦੇ ਕਤਲ ਵਿੱਚ ਇੱਕ ਹੀ ਦੇਸੀ ਕੱਟੇ ਦਾ ਇਸਤੇਮਾਲ ਹੋਇਆ ਸੀ। ਅਗਸਤ 2015 ਵਿੱਚ ਹਿੰਦੂਵਾਦੀ ਪਰੰਪਰਾਵਾਂ ਅਤੇ ਕਰਮਕਾਂਡਾਂ ਖ਼ਿਲਾਫ਼ ਅਭਿਆਨ ਚਲਾਉਣ ਵਾਲੇ ਡਾਕਟਰ ਐਮਐਮ ਕਲਬੁਰਗੀ ਨੂੰ ਮਾਰ ਦਿੱਤਾ ਗਿਆ ਸੀ।

## ਮੰਤਰੀ ਸਿੱਧੂ ਤੇ ਕਾਂਗਰਸੀ ਵਿਧਾਇਕਾਂ ਵਿਚਾਲੇ ਰੱਫੜ ਵਧਿਆ

**ਜਲੰਧਰ/ਬਿਊਰੋ ਨਿਊਜ਼ :** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਨਾਜਾਇਜ਼ ਉਸਾਰੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਨੂੰ ਲੈਕੇ ਕਾਂਗਰਸੀ ਵਿਧਾਇਕਾਂ 'ਤੇ ਸਿੱਧੂ ਵਿਚਾਲੇ ਰੱਫੜ ਵੱਧ ਗਿਆ ਹੈ। ਜਲੰਧਰ ਸ਼ਹਿਰ ਦੇ ਚਾਰ ਵਿਧਾਇਕਾਂ ਵਿੱਚੋਂ ਤਿੰਨ ਵਿਧਾਇਕ ਤੇ ਇੱਕ ਸੰਸਦ ਮੈਂਬਰ ਸਿੱਧੂ ਵਿਰੁੱਧ ਡਟ ਗਏ ਹਨ। ਬਾਕਾਇਦਾ ਮੀਟਿੰਗ ਕਰਕੇ ਇਨ੍ਹਾਂ ਵਿਧਾਇਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੱਕ ਆਪਣੀ ਸ਼ਿਕਾਇਤ ਪੁੱਜਦੀ ਕਰ ਦਿੱਤੀ ਹੈ ਤੇ ਸਿੱਧੂ ਵੱਲੋਂ ਕੀਤੀ ਗਈ ਕਾਰਵਾਈ ਨੂੰ ਕਾਂਗਰਸ ਵਿਰੋਧੀ ਕਰਾਰ ਦਿੰਦਿਆਂ ਇਹ ਦਾਅਵਾ ਵੀ ਕੀਤਾ ਹੈ ਕਿ ਜੇ ਸਿੱਧੂ ਨੇ ਇਹ ਮੁਹਿੰਮ ਜਾਰੀ ਰੱਖੀ ਤਾਂ ਕਾਂਗਰਸ ਦਾ ਵੋਟ ਬੈਂਕ ਖਿਸਕ ਸਕਦਾ ਹੈ ਤੇ ਲੋਕ ਕਾਂਗਰਸ ਤੋਂ ਪਹਿਲਾਂ ਵਾਂਗ ਦੂਰੀ ਬਣਾ ਸਕਦੇ ਹਨ। ਇਸ ਮੀਟਿੰਗ ਵਿੱਚ ਸਿੱਧੂ ਦੇ ਕੱਟੜ ਹਮਾਇਤੀ ਮੰਨੇ ਜਾਂਦੇ ਪਰਗਟ ਸਿੰਘ ਨੂੰ ਛੱਡ ਕੇ ਤਿੰਨੋਂ ਵਿਧਾਇਕ ਰਜਿੰਦਰ ਬੇਰੀ, ਸੁਸ਼ੀਲ ਰਿੰਕੂ ਤੇ ਬਾਵਾ ਹੈਨਰੀ ਅਤੇ ਲੋਕ ਸਭਾ ਮੈਂਬਰ ਸੰਤੋਖ ਚੌਧਰੀ ਸ਼ਾਮਲ ਸਨ। ਜਾਣਕਾਰੀ ਅਨੁਸਾਰ ਸਿੱਧੂ ਦੀ ਸ਼ਿਕਾਇਤ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਕੋਲ ਵੀ ਲਗਾਉਣ ਦਾ ਫੈਸਲਾ ਕੀਤਾ ਗਿਆ ਤਾਂ ਜੋ ਕਾਂਗਰਸ ਦੇ ਜਨ ਅਧਾਰ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚੇ।
ਯਾਦ ਰਹੇ ਕਿ ਜਿਸ ਦਿਨ ਨਵਜੋਤ ਸਿੰਘ ਸਿੱਧੂ ਨੇ ਜਲੰਧਰ ਵਿੱਚ ਨਾਜਾਇਜ਼ ਉਸਾਰੀਆਂ ਦੀ ਅਚਨਚੇਤੀ ਜਾਂਚ ਕੀਤੀ ਸੀ ਤਾਂ ਉਨ੍ਹਾ ਕੋਲ 93 ਨਾਜਾਇਜ਼ ਉਸਾਰੀਆਂ ਦੀ ਲਿਸਟ ਸੀ ਜਿਨ੍ਹਾਂ ਵਿਚੋਂ ਉਨ੍ਹਾਂ ਨੇ 36 ਦੇ ਕਰੀਬ ਥਾਂਵਾਂ ਨੂੰ ਦੇਖਿਆ ਸੀ। ਇਹ ਸਾਰੀਆਂ ਥਾਵਾਂ ਚਾਰੇ ਕਾਂਗਰਸੀ ਵਿਧਾਇਕਾਂ ਦੇ ਹਲਕਿਆਂ ਵਿਚ ਆਉਂਦੀਆਂ ਹਨ। ਜਾਂਚ ਤੋਂ ਅਗਲੇ ਦਿਨ ਜਦੋਂ ਨਗਰ ਨਿਗਮ ਦੀ ਟੀਮ ਉਸਾਰੀਆਂ ਢਹਾਉਣ ਗਈ ਤਾਂ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਜੇਸੀਬੀ ਮਸ਼ੀਨ ਉੱਤੇ ਜਾ ਚੜ੍ਹੇ ਸਨ ਤੇ ਨਵਜੋਤ ਸਿੰਘ ਸਿੱਧੂ ਵਿਰੁੱਧ ਭੜਾਸ ਕੱਢੀ ਸੀ। ਇਸੇ ਤਰ੍ਹਾਂ ਰਜਿੰਦਰ ਬੇਰੀ ਨੇ ਸਿੱਧੂ ਦੀ ਕਾਰਵਾਈ 'ਤੇ ਸਖ਼ਤ ਇਤਰਾਜ਼ ਪਰਗਟ ਕੀਤਾ ਸੀ।

## ਸਰਮਾਏਦਾਰਾਂ ਅਤੇ 'ਸਿਆਸਤਦਾਨਾਂ' ਵਲੋਂ ਕੀਤਾ ਜਾ ਰਿਹਾ ਔਰਤਾਂ ਦਾ ਯੌਨ ਸ਼ੋਸ਼ਣ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਔਰਤਾਂ ਦੀ ਸੁਰੱਖਿਆ ਬਾਰੇ ਕੀਤੇ ਜਾਣ ਵਾਲੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਔਰਤਾਂ ਵਿਰੁੱਧ ਯੌਨ ਹਮਲੇ ਘਟਣ ਦਾ ਨਾਂ ਨਹੀਂ ਲੈ ਰਹੇ ਅਤੇ ਭਾਰਤ ਵਿਚ ਸ਼ਾਇਦ ਕੋਈ ਅਜਿਹਾ ਖੇਤਰ ਨਹੀਂ ਬਚਿਆ, ਜਿੱਥੇ ਔਰਤਾਂ ਦਾ ਯੌਨ ਸ਼ੋਸ਼ਣ ਨਾ ਹੋ ਰਿਹਾ ਹੋਵੇ।
ਇਥੋਂ ਤਕ ਕਿ ਸਿਆਸਤ, ਪੁਲਸ, ਸਿੱਖਿਆ ਅਤੇ ਹੋਰਨਾਂ ਖੇਤਰਾਂ ਵਿਚ ਔਰਤਾਂ ਸਿੱਖਿਆ ਵਿਗਿਆਨੀਆਂ, ਅਧਿਕਾਰੀਆਂ, ਪੁਲਸ ਅਧਿਕਾਰੀਆਂ, ਸਿਆਸਤਦਾਨਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋ ਰਹੀਆਂ ਹਨ, ਜਿਨ੍ਹਾਂ ਵਿਚ ਸਾਧਾਰਨ ਦੇ ਨਾਲ-ਨਾਲ ਉੱਚ ਅਹੁਦਿਆਂ 'ਤੇ ਕੰਮ ਕਰਦੀਆਂ ਔਰਤਾਂ, ਗ੍ਰਹਿਣੀਆਂ, ਘਰੇਲੂ ਨੌਕਰਾਣੀਆਂ ਅਤੇ ਵਿਦਿਆਰਥਣਾਂ ਤਕ ਸ਼ਾਮਿਲ ਹਨ।

- 29 ਜਨਵਰੀ ਨੂੰ ਗੁਰੂ ਗ੍ਰਾਮ ਦੇ ਐੱਸ. ਜੀ. ਟੀ. ਡੈਂਟਲ ਕਾਲਜ ਦੀ ਇਕ ਵਿਦਿਆਰਥਣ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਨੂੰ ਇਕ ਪ੍ਰੀਖਿਆ ਕੰਟਰੋਲਰ ਵਲੋਂ ਪ੍ਰੇਸ਼ਾਨ ਅਤੇ ਹਰ ਸਾਲ ਕਈ ਵਿਸ਼ਿਆਂ ਵਿਚ ਜਾਣ-ਬੁੱਝ ਕੇ ਫੇਲ ਕੀਤਾ ਜਾ ਰਿਹਾ ਹੈ।
- 4 ਮਈ ਨੂੰ ਯੂ. ਪੀ. ਵਿਚ ਗੋਰਖਪੁਰ ਦੀ ਇਕ ਮੁਟਿਆਰ ਨੇ ਕਾਸਗੰਜ ਦੇ ਡੀ. ਐੱਸ. ਪੀ. ਅਜੈ ਕੁਮਾਰ ਸਿੰਘ 'ਤੇ ਉਸ ਨੂੰ ਆਪਣੇ ਘਰ ਵਿਚ ਬੰਦੀ ਬਣਾ ਕੇ ਰੱਖਣ ਅਤੇ ਉਸ ਨਾਲ ਬਲਾਤਕਾਰ ਦੀ ਕੋਸ਼ਿਸ਼ ਕਰਨ, ਵਿਰੋਧ ਕਰਨ 'ਤੇ ਮਾਰਨ-ਕੁੱਟਣ ਅਤੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੇ ਗੰਭੀਰ ਦੋਸ਼ ਲਾਏ।
- 23 ਮਈ ਨੂੰ ਯੂ. ਪੀ. ਵਿਚ ਵਾਰਾਨਸੀ ਦੇ ਭਾਜਪਾ ਨੇਤਾ ਕਨ੍ਹੱਈਆ ਲਾਲ ਮਿਸ਼ਰ 'ਤੇ ਇਕ ਔਰਤ ਨੇ ਨੌਕਰੀ ਦੀ ਗੱਲ ਕਰਨ ਦੇ ਬਹਾਨੇ ਸੱਦ ਕੇ ਉਸ ਨਾਲ ਬਲਾਤਕਾਰ ਕਰਨ ਦਾ ਦੋਸ਼ ਲਾਇਆ।
- 29 ਮਈ ਨੂੰ ਕੌਮੀ ਹਵਾਈ ਸੇਵਾ ਏਅਰ ਇੰਡੀਆ ਦੀ ਇਕ ਏਅਰ ਹੋਸਟੈੱਸ ਨੇ ਆਪਣੇ ਇਕ ਸੀਨੀਅਰ ਐਗਜ਼ੀਕਿਊਟਿਵ ਅਫਸਰ 'ਤੇ ਯੌਨ ਸ਼ੋਸ਼ਣ ਦਾ ਦੋਸ਼ ਲਾਇਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੂੰ ਇਸ ਦੀ ਲਿਖਤੀ ਸ਼ਿਕਾਇਤ ਕੀਤੀ। ਏਅਰ ਹੋਸਟੈੱਸ ਨੇ ਇਸ ਅਫਸਰ 'ਤੇ ਹੋਰਨਾਂ ਔਰਤਾਂ ਨਾਲ ਵੀ ਘਟੀਆ ਸਲੂਕ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਆਪਣੇ ਨਾਲ ਸ਼ਰਾਬ ਪੀਣ ਲਈ ਮਜਬੂਰ ਕਰਨ ਦਾ ਦੋਸ਼ ਲਾਇਆ।
- 30 ਮਈ ਨੂੰ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ. ਆਈ. ਐੱਮ.) ਰੋਹਤਕ ਦੇ ਨਿਰਦੇਸ਼ਕ ਪ੍ਰੋ. ਧੀਰਜ ਸ਼ਰਮਾ ਵਿਰੁੱਧ ਇੰਸਟੀਚਿਊਟ ਦੀ ਇਕ ਸਾਬਕਾ



ਅਸਿਸਟੈਂਟ ਪ੍ਰੋਫੈਸਰ ਦੀ ਸ਼ਿਕਾਇਤ ਦੇ ਆਧਾਰ 'ਤੇ ਯੌਨ ਸ਼ੋਸ਼ਣ ਦਾ ਕੇਸ ਦਰਜ ਕੀਤਾ ਗਿਆ।
ਸ਼ਿਕਾਇਤਕਰਤਾ ਅਨੁਸਾਰ ਉਸ ਦੇ ਇੰਸਟੀਚਿਊਟ ਵਿਚ ਆਉਣ ਦੇ ਸਮੇਂ ਤੋਂ ਹੀ ਪ੍ਰੋ. ਧੀਰਜ ਸ਼ਰਮਾ ਨੇ ਉਸ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਨਿੱਜੀ ਸੈਕਸ ਜੀਵਨ 'ਤੇ ਅਸ਼ਲੀਲ ਟਿੱਪਣੀਆਂ ਕੀਤੀਆਂ ਅਤੇ ਵਿਰੋਧ ਕਰਨ 'ਤੇ ਟਰਮੀਨੇਟ ਕਰ ਦਿੱਤਾ।

- 30 ਮਈ ਨੂੰ ਹੀ ਹਰਿਆਣਾ ਸਿੱਖਿਆ ਵਿਭਾਗ ਪੰਚਕੂਲਾ ਦੀ ਉਤਕਰਸ਼ ਸੋਸਾਇਟੀ ਵਿਚ ਤਾਇਨਾਤ ਐੱਚ. ਸੀ. ਐੱਸ. ਅਧਿਕਾਰੀ ਰੀਗਨ ਕੁਮਾਰ 'ਤੇ ਸਹਾਇਕ ਪ੍ਰਾਜੈਕਟ ਮੈਨੇਜਰ ਨੇ ਛੇੜਖਾਨੀ ਦੇ ਦੋਸ਼ ਹੇਠ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ।

ਇਸ ਤੋਂ 8 ਦਿਨਾਂ ਬਾਅਦ 7 ਜੂਨ ਨੂੰ ਪੰਚਕੂਲਾ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਮੁਟਿਆਰ ਦਾ ਦੋਸ਼ ਹੈ ਕਿ ਉਕਤ ਅਧਿਕਾਰੀ ਦੋਮਹੀਨਿਆਂ ਤੋਂ ਉਸ ਦਾ ਪਿੱਛਾ ਕਰ ਰਿਹਾ ਸੀ ਤੇ ਜਦੋਂ ਸਰਕਾਰੀ ਗੱਡੀ ਉਸ ਨੂੰ ਛੱਡਣ ਜਾਂਦੀ ਤਾਂ ਉਸ ਦੇ ਪਿੱਛੇ ਆਪਣੀ ਗੱਡੀ ਲਾ ਲੈਂਦਾ ਸੀ।

- 30 ਮਈ ਨੂੰ ਹੀ ਯੂ. ਪੀ. ਦੇ ਬਿਸੌਲੀ ਵਿਧਾਨ ਸਭਾ ਹਲਕੇ ਤੋਂ ਭਾਜਪਾ ਵਿਧਾਇਕ ਕੁਸ਼ਾਗਰ ਸਾਗਰ 'ਤੇ ਆਪਣੀ ਨੌਕਰਾਣੀ ਦੀ ਧੀ ਨਾਲ ਬਲਾਤਕਾਰ ਕਰਨ ਦਾ ਦੋਸ਼ ਲੱਗਾ।
- 04 ਜੂਨ ਨੂੰ ਮਹਾਰਾਸ਼ਟਰ ਦੇ ਗੋਂਦੀਆ ਜ਼ਿਲੇ ਵਿਚ ਨਕਸਲ ਵਿਰੋਧੀ ਸੈੱਲ ਵਿਚ ਤਾਇਨਾਤ ਪੁਲਸ ਦੇ ਏ. ਐੱਸ. ਆਈ. ਬ੍ਰਿਜਭਾਨ ਸਿੰਘ ਸੋਮਵੰਸ਼ੀ ਨੂੰ ਆਪਣੇ ਘਰ ਵਿਚ ਕੰਮ ਕਰਨ ਵਾਲੀ ਇਕ 22 ਸਾਲਾ ਆਦਿਵਾਸੀ ਮੁਟਿਆਰ ਨਾਲ ਲਗਾਤਾਰ 3 ਸਾਲਾਂ ਤਕ ਬਲਾਤਕਾਰ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ।
- 13 ਜੂਨ ਨੂੰ ਤ੍ਰਿਰੂਅਨੰਤਪੁਰਮ ਪੁਲਸ ਨੇ ਸੈਰ-ਸਪਾਟਾ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਅਭਿਲਾਸ਼ ਵਿਰੁੱਧ ਆਪਣੀ ਸਹਿਯੋਗੀ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ। ਸ਼ਿਕਾਇਤਕਰਤਾ ਮੁਟਿਆਰ ਦਾ ਦੋਸ਼ ਹੈ ਕਿ ਅਭਿਲਾਸ਼ ਵਿਆਹ ਦਾ ਝਾਂਸਾ ਦੇ ਕੇ ਉਸ ਨੂੰ ਆਪਣੇ ਨਾਲ ਕਈ ਥਾਵਾਂ 'ਤੇ ਲਿਜਾ ਕੇ ਉਸ ਨਾਲ ਬਲਾਤਕਾਰ ਕਰਦਾ ਰਿਹਾ।

ਵੱਖ-ਵੱਖ ਅਧਿਕਾਰੀਆਂ ਵਲੋਂ ਯੌਨ ਸ਼ੋਸ਼ਣ ਦੀਆਂ ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਅੱਜ ਸਾਡੇ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿਚ ਮਾਹੌਲ ਕਿਸ ਤਰ੍ਹਾਂ ਖਰਾਬ ਹੁੰਦਾ ਜਾ ਰਿਹਾ ਹੈ, ਇਸ ਲਈ ਦੋਸ਼ੀਆਂ ਨੂੰ ਫੌਰਨ ਕਾਰਵਾਈ ਕਰ ਕੇ ਸਖ਼ਤ ਅਤੇ ਸਿੱਖਿਆਦਾਇਕ ਸਜ਼ਾ ਦੇ ਕੇ ਇਸ ਮਾੜੇ ਰੁਝਾਨ 'ਤੇ ਜਿੰਨੀ ਛੇਤੀ ਰੋਕ ਲਾਈ ਜਾ ਸਕੇ, ਓਨਾ ਹੀ ਚੰਗਾ ਹੋਵੇਗਾ ਤਾਂ ਕਿ ਦੂਜਿਆਂ ਨੂੰ ਨਸੀਹਤ ਮਿਲੇ ਅਤੇ ਔਰਤਾਂ ਨੂੰ ਅਜਿਹੇ ਪੀੜਾਦਾਇਕ ਤਜਰਬੇ ਵਿਚੋਂ ਨਾ ਲੰਘਣਾ ਪਵੇ।

# ਕਈ ਭਾਰਤੀ ਚੈਨਲ ਚਲਾ ਰਹੇ ਨੇ ਪਾਖੰਡੀ ਬਾਬਿਆਂ ਦਾ ਕਾਰੋਬਾਰ

**ਜਿੰਦਰਜੀਤ, ਚਮਕੌਰ ਸਾਹਿਬ**

ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਮੁਲਕ ਹੋਵੇਗਾ, ਜਿੱਥੇ ਭਾਰਤ ਜਿੰਨੇ ਦੰਭੀ ਬਾਬੇ ਅਤੇ ਇਨ੍ਹਾਂ ਦੇ ਪਿੱਛੇ ਹਰਲ-ਹਰਲ ਕਰਦੇ ਫਿਰਦੇ ਲਾਈਲੱਗ ਲੋਕ ਹੋਣਗੇ। ਬਾਬਿਆਂ ਨੇ ਭਾਰਤੀ ਲੋਕਾਂ ਨੂੰ ਇਸ ਕਦਰ ਮਾਨਸਿਕ ਗ਼ੁਲਾਮ ਬਣਾ ਦਿੱਤਾ ਹੈ ਕਿ ਉਹ ਆਪਣੇ ਬਾਬਿਆਂ ਦੇ ਵਿਰੋਧ 'ਚ ਮਾੜੀ-ਮੋਟੀ ਗੱਲ ਸੁਣ ਕੇ ਹੀ ਭੜਕ ਜਾਂਦੇ ਹਨ। ਅਜਿਹੇ ਲੋਕਾਂ ਨਾਲ ਬਾਬਾਵਾਦ ਦੇ ਸਮਾਜ ਨੂੰ ਹੋ ਰਹੇ ਨੁਕਸਾਨ ਬਾਰੇ ਚਾਹੇ ਕਿੰਨੀਆਂ ਹੀ ਬਾ-ਦਲੀਲ, ਵਿਗਿਆਨਕ ਤੇ ਵਜ਼ਨਦਾਰ ਗੱਲਾਂ ਕਰ ਲਵੋ, ਪਰ ਉਨ੍ਹਾਂ ਦੇ ਸਿਰ ਤੋਂ ਬਾਬਾਵਾਦ ਦਾ ਭੂਤ ਨਹੀਂ ਲਹਿੰਦਾ। ਉਂਞ ਬਾਬਿਆਂ ਪਿੱਛੇ ਮਰੂੰ-ਮਰੂੰ ਕਰਦੇ ਫਿਰਦੇ ਲੋਕਾਂ ਦੀ ਗਿਣਤੀ ਪਹਿਲਾਂ ਹੀ ਘੱਟ ਨਹੀਂ ਸੀ, ਪਰ ਟੈਲੀਵਿਜ਼ਨ ਚੈਨਲਾਂ ਨੇ ਪਿਛਲੇ ਕੁਝ ਸਾਲਾਂ ਤੋਂ ਬਾਬਿਆਂ ਦਾ ਕਾਰੋਬਾਰ ਖ਼ੂਬ ਚਲਾ ਦਿੱਤਾ ਹੈ। ਸ਼ੁਰੂ-ਸ਼ੁਰੂ ਵਿੱਚ ਬਾਬਿਆਂ ਦੇ ਪ੍ਰਚਾਰ ਦਾ ਮੁੱਖ ਤਰੀਕਾ ਆਪਣੇ ਮੁੱਖ ਡੇਰੇ ਜਾਂ ਹੋਰ ਸ਼ਹਿਰਾਂ 'ਚ ਸਤਿਸੰਗ ਕਰਨਾ ਹੁੰਦਾ ਸੀ। ਉਦੋਂ ਇਨ੍ਹਾਂ ਦੀ ਮਕਬੂਲੀਅਤ ਕੁਝ ਖ਼ਾਸ ਖੇਤਰਾਂ ਅਤੇ ਲੋਕਾਂ ਤੱਕ ਹੀ ਸੀਮਤ ਹੁੰਦੀ ਸੀ। ਫਿਰ ਤਕਨਾਲੋਜੀ ਦਾ ਪਸਾਰ ਹੋਇਆ ਤੇ ਬਾਬਿਆਂ ਦੇ ਦਿਮਾਗ਼ 'ਚ ਗੱਲ ਪੈ ਗਈ ਕਿ ਤਕਨਾਲੋਜੀ ਦੇ ਪਸਾਰ ਦਾ ਲਾਹਾ ਲੈ ਕੇ ਹੀ ਉਨ੍ਹਾਂ ਦੀ ਗੁੱਡੀ ਚੜ੍ਹ ਸਕਦੀ ਹੈ। ਵਿਅੰਗ ਵਾਲੀ ਗੱਲ ਵੇਖੋ ਕਿ ਇਹੋ ਬਾਬੇ ਆਪਣੇ ਬਿਲਾਸ-



ਬਚਨਾਂ 'ਚ ਵਿਗਿਆਨ ਦੀ ਰੱਜ ਕੇ ਤੋਏ-ਤੋਏ ਕਰਦੇ ਹਨ ਤੇ ਜਦੋਂ ਆਪਣੇ ਫ਼ਾਇਦੇ ਦੀ ਗੱਲ ਆਉਂਦੀ ਹੈ ਤਾਂ ਉਸੇ ਵਿਗਿਆਨਕ ਤਕਨਾਲੋਜੀ ਦਾ ਪੱਲਾ ਫੜ ਲੈਂਦੇ ਹਨ। ਹੁਣ ਕਈ ਪ੍ਰਾਈਵੇਟ ਚੈਨਲ ਇਨ੍ਹਾਂ ਬਾਬਿਆਂ ਲਈ ਵਰਦਾਨ ਬਣੇ ਹੋਏ ਹਨ ਜਿੱਥੇ ਇਹ ਖੁੱਲ੍ਹ ਕੇ ਖੇਡ ਸਕਦੇ ਹਨ। ਜਿਵੇਂ-ਜਿਵੇਂ ਵਿਗਿਆਨ ਅਤੇ ਤਕਨਾਲੋਜੀ ਦਾ ਪਸਾਰ ਹੋ ਰਿਹਾ ਹੈ, ਤਿਉਂ-ਤਿਉਂ ਦੰਭੀ ਬਾਬਿਆਂ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵੀ ਵੱਧਦੀ ਜਾ ਰਹੀ ਹੈ।
ਸਵੇਰ ਵੇਲੇ ਲੱਗਭੱਗ ਹਰ ਖ਼ਬਰੀ ਚੈਨਲ 'ਤੇ ਦੰਭ ਦਾ ਕਾਰੋਬਾਰ ਚਲਦਾ ਹੈ। ਆਜ ਤੱਕ, ਇੰਡੀਆ ਟੀਵੀ, ਸਟਾਰ ਨਿਊਜ਼ ਜਹੇ ਕਿੰਨੇ ਹੀ ਵੱਡੇ ਚੈਨਲ ਜੋਤਸ਼ੀਆਂ ਨੂੰ ਬਿਠਾ ਕੇ ਲੋਕਾਂ ਦੇ ਦੁੱਖ-ਦਲਿੱਦਰ ਦੂਰ ਕਰਨ ਦੇ ਰੱਦੀ ਨੁਕਤੇ ਦੱਸਦੇ ਹਨ। ਕਈ ਚੈਨਲਾਂ ਉੱਤੇ ਤਾਂ ਅਜਿਹੇ ਪ੍ਰੋਗਰਾਮ ਦੋ-ਦੋ ਘੰਟੇ ਚਲਦੇ ਰਹਿੰਦੇ ਹਨ ਤੇ ਜੇ ਕਿਤੇ ਸੂਰਜ ਜਾਂ ਚੰਨ ਗ੍ਰਹਿਣ ਲੱਗਣਾ ਹੋਵੇ, ਫਿਰ ਤਾਂ ਸਾਰਾ ਦਿਨ ਹੀ ਜੋਤਸ਼ੀ ਤੇ ਬਾਬੇ, ਚੈਨਲਾਂ 'ਤੇ ਆ ਕੇ ਲੋਕਾਂ ਨੂੰ ਪੁੱਠੇ ਰਾਹ ਪਾਉਣ ਦੇ ਢੰਗ-ਤਰੀਕੇ ਦੱਸਦੇ ਰਹਿੰਦੇ ਹਨ। ਇਸ ਮਾਮਲੇ 'ਚ ਇੰਡੀਆ ਟੀਵੀ ਚੈਨਲ ਸਾਰਿਆਂ ਨੂੰ ਪਿੱਛੇ ਛੱਡ ਗਿਆ ਹੈ। ਲੱਗਦਾ ਹੈ ਕਿ ਇਸ ਚੈਨਲ ਦਾ ਨੀਤੀ-ਵਾਕ ਹੀ ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾਉਣਾ ਹੈ। ਇਸ ਚੈਨਲ 'ਤੇ ਹਰ ਰੋਜ਼ ਹੀ ਅੰਧ-ਵਿਸ਼ਵਾਸ ਤੇ ਸਨਸਨੀ ਫੈਲਾਉਣ ਵਾਲੀਆਂ ਰਿਪੋਰਟਾਂ ਵਿਖਾਈਆਂ ਜਾਂਦੀਆਂ ਹਨ। ਜਿਵੇਂ ਕਿ ਅਸਮਾਨ 'ਚ ਉਡਦਾ ਇਨਸਾਨ, 12 ਸਾਲਾਂ ਬਾਅਦ ਖ਼ਤਮ ਹੋ ਜਾਵੇਗਾ ਸੰਸਾਰ, ਮੌਤ ਤੋਂ ਬਾਅਦ ਜੀਅ ਉੱਠਿਆ ਇਨਸਾਨ ਤੇ ਹੋਰ ਬੜੀਆਂ ਬੇਤੁਕੀਆਂ ਤੇ ਬੇਲੋੜੀਆਂ ਰਿਪੋਰਟਾਂ ਇਸ ਚੈਨਲ 'ਤੇ ਵੇਖਣ ਨੂੰ ਮਿਲਦੀਆਂ ਹਨ।
ਉਧਰ ਆਸਥਾ, ਸ਼ਰਧਾ, ਦਿਵਯ ਚੈਨਲਾਂ 'ਤੇ ਤਾਂ ਹਰ ਸਮੇਂ ਹੀ ਬਾਬਾ ਬਾਣੀ ਸੁਣਨ ਨੂੰ ਮਿਲਦੀ ਹੈ। ਇਨ੍ਹਾਂ ਚੈਨਲਾਂ 'ਤੇ ਭਾਂਤ-ਭਾਂਤ ਦੇ ਬਾਬੇ ਆਪਣੇ ਕੌਤਕ ਵਿਖਾਉਂਦੇ ਹਨ।

ਬਾਕੀ ਸਫ਼ਾ 28 'ਤੇ

**ਹੈਰਾਨੀ ਵਾਲੀ ਗੱਲ ਹੈ ਕਿ ਜਿਸ ਦਾਤੀ ਮਹਾਰਾਜ ਤੋਂ ਖ਼ੁਦ ਬੇਟੀਆਂ ਸੁਰੱਖਿਅਤ ਨਹੀਂ, ਉਹ ਮੋਦੀ ਸਰਕਾਰ ਦੀ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਦੀ ਤਾਰੀਫ਼ ਕਰ ਰਿਹਾ ਹੈ। ਇਹ ਕੋਈ ਪਹਿਲਾ ਮਾਮਲਾ ਤਾਂ ਹੈ ਨਹੀਂ, ਜਦੋਂ ਭਾਜਪਾ ਨੂੰ ਚੋਣ ਜਿੱਤਣ ਲਈ ਅਜਿਹੇ ਬਲਾਤਕਾਰੀ ਬਾਬਿਆਂ ਦੇ ਅਸ਼ੀਰਵਾਦ ਦੀ ਜ਼ਰੂਰਤ ਪਈ ਹੋਵੇ। ਇਸ ਤੋਂ ਪਹਿਲਾਂ ਵੀ ਭਾਜਪਾ ਦੇ ਚੋਟੀ ਦੇ ਆਗੂ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਅਜਿਹੇ ਕੁਕਰਮੀ ਸਾਧਾਂ ਦੇ ਚਰਨਾਂ ਵਿੱਚ ਸੀਸ ਝੁਕਾਉਂਦੇ ਰਹੇ ਹਨ। ਸਿਰਸੇ ਵਾਲਾ ਬਾਬਾ ਆਰ ਐਸ ਐਸ ਅਤੇ ਭਾਜਪਾ ਦਾ ਖਾਸਮ ਖਾਸ ਰਿਹਾ ਹੈ ਤੇ ਫਰਿੱਜ਼ ਵਾਲਾ ਨੂਰਮਹਿਲ ਵਾਲਾ ਬਾਬਾ ਜਿਸ 'ਤੇ ਵੀ ਅਜਿਹੇ ਦੋਸ਼ ਲੱਗੇ ਸਨ, ਉਹ ਵੀ ਭਾਜਪਾ ਦੀ ਉਪਜ ਹੈ।**

# ਬਲਾਤਕਾਰੀ ਬਾਬੇ ਦਾਤੀ ਉੱਪਰ ਭਾਜਪਾ ਦੀ ਕਿਰਪਾ

## ਬਲਾਤਕਾਰ ਕਰਨ ਤੋਂ ਬਾਅਦ ਬਾਬਾ ਫਰਾਰ, ਪੁਲੀਸ ਦੀ ਢਿੱਲਮੱਠ ਨੀਤੀ ਕਾਰਨ ਬਾਬੇ ਨੂੰ ਫਰਾਰ ਹੋਣ 'ਚ ਮਿਲੀ ਮਦਦ



## ਬਾਬੇ ਦੀ ਹਨੇਰੀ ਗੁਫਾ 'ਚ ਪੀੜਤ ਲੜਕੀ ਦਾ ਤਿੰਨ ਵਾਰ ਸਮੂਹਿਕ ਬਲਾਤਕਾਰ ਹੋਇਆ, ਬਾਬੇ ਦੇ ਚੇਲਿਆਂ ਨੇ ਵੀ ਕੀਤਾ ਕੁਕਰਮ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਹਰ ਬੀਤਣ ਵਾਲੇ ਦਿਨ ਦੇ ਨਾਲ ਕਲਯੁਗੀ ਬਾਬਿਆਂ ਦਾ ਪਰਦਾਫਾਸ਼ ਹੋ ਰਿਹਾ ਹੈ। ਸੰਤ ਆਸਾਰਾਮ, ਗੁਰਮੀਤ ਰਾਮ ਰਹੀਮ, ਨਾਰਾਇਣ ਸਾਈਂ, ਵੀਰੇਂਦਰ ਦੇਵ ਦੀਕਸ਼ਿਤ, ਨਿੱਤਿਆਨੰਦ ਤੇ ਰਾਜਸਥਾਨ ਦੇ ਕਥਿਤ ਸੰਤ ਕੌਸ਼ਲੇਂਦਰ ਫਲਾਹਾਰੀ ਮਹਾਰਾਜ 'ਤੇ ਬਲਾਤਕਾਰ ਦੇ ਦੋਸ਼ ਪਿਛਲੇ ਕੁਝ ਸਮੇਂ ਦੌਰਾਨ ਲੱਗ ਚੁੱਕੇ ਹਨ। ਹੁਣ ਆਪਣੇ ਪਰਿਵਾਰ ਦੇ ਨਾਲ ਦਿੱਲੀ ਦੇ ਕਾਲਕਾ ਜੀ ਇਲਾਕੇ ਵਿਚ ਰਹਿਣ ਵਾਲੀ ਇਕ 25 ਸਾਲਾ ਔਰਤ ਨੇ ਸ਼ਨੀਧਾਮ ਮੰਦਰ ਦੇ ਸੰਸਥਾਪਕ ਮਹਾਮੰਡਲੇਸ਼ਵਰ ਦਾਤੀ ਮਹਾਰਾਜ (ਅਸਲ ਨਾਂ ਮਦਨ ਲਾਲ) ਅਤੇ ਉਸ ਦੇ ਚੇਲਿਆਂ ਵਿਰੁੱਧ ਬਲਾਤਕਾਰ ਦਾ ਦੋਸ਼ ਲਾ ਕੇ ਹਲਚਲ ਮਚਾ ਦਿੱਤੀ ਹੈ। ਦਾਤੀ ਮਹਾਰਾਜ ਉਰਫ਼ ਮਦਨ ਲਾਲ ਦੀ ਕਹਾਣੀ ਬਾਕੀ ਦੇ ਅਜਿਹੇ ਬਲਾਤਕਾਰੀ ਬਾਬਿਆਂ ਵਰਗੀ ਹੀ ਹੈ। ਉਸ ਦਾ ਜਨਮ 10 ਜੁਲਾਈ 1950 ਨੂੰ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਦੇ ਪਿੰਡ ਅਲਵਾਸ ਵਿੱਚ ਹੋਇਆ ਸੀ। ਮਾਂ-ਪਿਓ ਦੀ ਮੌਤ ਬਾਅਦ ਉਹ ਕੰਮ ਦੀ ਤਲਾਸ਼ ਵਿੱਚ ਦਿੱਲੀ ਆ ਗਿਆ। ਇੱਥੇ ਆ ਕੇ ਉਸ ਨੇ ਫਤਿਹਪੁਰ ਬੇਰੀ ਵਿੱਚ ਪੰਡਤ ਮਦਨ ਲਾਲ ਦੇ ਨਾਂਅ ਉੱਤੇ ਚਾਹ ਦੀ ਦੁਕਾਨ ਖੋਲ੍ਹ ਲਈ। ਕੁਝ ਸਮੇਂ ਬਾਅਦ ਫੱਟੇ-ਬੱਲੀਆਂ ਤੇ ਸ਼ਟਰਿੰਗ ਦਾ ਕੰਮ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਟੈਂਟ ਹਾਊਸ ਖੋਲ੍ਹ ਲਿਆ। ਇਸ ਦੇ ਨਾਲ ਹੀ ਉਹ ਬਾਬਿਆਂ ਤੋਂ ਜੋਤਿਸ਼ ਦੇ ਟਰਿੱਕ ਸਿੱਖਦਾ ਰਿਹਾ। ਅੰਤ ਵਿੱਚ ਉਸ ਨੇ ਇੱਥੇ ਹੀ ਆਪਣਾ ਜੋਤਿਸ਼ ਕੇਂਦਰ ਖੋਲ੍ਹ ਕੇ ਆਪਣਾ ਨਾਂਅ ਦਾਤੀ ਮਹਾਰਾਜ ਰੱਖ ਲਿਆ। ਜੋਤਿਸ਼ ਦਾ ਕੰਮ ਵਾਹਵਾ ਚੱਲ ਪੈਣ ਤੋਂ ਬਾਅਦ ਉਸ ਨੇ ਆਸ-ਪਾਸ ਦੀ ਜ਼ਮੀਨ ਉੱਤੇ ਕਬਜ਼ਾ ਕਰ ਕੇ ਸ਼ਨੀ ਧਾਮ ਤੇ ਆਸ਼ਰਮ ਦੀ ਸਥਾਪਨਾ ਕਰ ਲਈ। ਦਾਤੀ ਮਹਾਰਾਜ ਦਾ ਇੱਕ ਹੋਰ ਗੁਰੂਕੁਲ ਆਸ਼ਰਮ ਰਾਜਸਥਾਨ ਵਿੱਚ ਹੈ, ਜਿਸ ਵਿੱਚ ਅੱਠ ਸੌ ਲੜਕੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਅਨਾਥ ਹਨ। ਇਨ੍ਹਾਂ ਨੂੰ ਦਾਤੀ ਮਹਾਰਾਜ ਨੇ ਗੋਦ ਲਿਆ ਹੋਇਆ ਹੈ ਤੇ ਇਨ੍ਹਾਂ ਦਾ ਖਰਚਾ ਉਸ ਦਾ ਆਸ਼ਰਮ ਹੀ ਉਠਾਉਂਦਾ ਹੈ। ਦਾਤੀ 'ਤੇ ਦੋਸ਼ ਲਾਉਣ ਵਾਲੀ ਪੀੜਤਾ ਦਾ ਕਹਿਣਾ ਹੈ ਕਿ ਫਰਵਰੀ 2016 ਵਿਚ ਇਕ ਵਾਰ ਸ਼ਨੀਧਾਮ ਮੰਦਰ ਵਿਚ ਉਸ ਦੇ ਨਾਲ ਬਲਾਤਕਾਰ ਤੋਂ ਬਾਅਦ ਬਾਬਾ ਤੇ ਉਸ ਦੇ ਚੇਲੇ ਉਸ ਨੂੰ ਰਾਜਸਥਾਨ ਦੇ 'ਪਾਲੀ' ਸਥਿਤ ਆਸ਼ਰਮ ਵੀ ਲੈ ਗਏ ਅਤੇ ਉਥੇ ਵੀ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਦਾਤੀ ਨੇ ਉਸ ਨਾਲ ਗੈਰ-ਕੁਦਰਤੀ ਸੈਕਸ ਵੀ ਕੀਤਾ।

ਪੀੜਤਾ ਅਨੁਸਾਰ ਦਾਤੀ ਮਹਾਰਾਜ ਦੇ ਪ੍ਰਵਚਨ ਸੁਣਨ ਲਈ ਉਹ ਨਿਯਮਿਤ ਤੌਰ 'ਤੇ ਆਸ਼ਰਮ ਜਾਂਦੀ ਸੀ ਤੇ ਦਾਤੀ ਮਹਾਰਾਜ ਦੇ ਇਕ ਸਹਿਯੋਗੀ ਨੇ ਉਸ ਨੂੰ ਦਾਤੀ ਮਹਾਰਾਜ ਨਾਲ ਮਿਲਵਾਇਆ। ਉਸ ਤੋਂ ਬਾਅਦ ਉਹ ਸੇਵਾਦਾਰ ਦੇ ਤੌਰ 'ਤੇ ਸੰਨ 2007 ਤੋਂ ਸੰਨ 20 14 ਤਕ ਆਸ਼ਰਮ ਵਿਚ ਰਹੀ ਤੇ ਬਾਅਦ ਵਿਚ ਵੀ ਉਸ ਦਾ ਆਸ਼ਰਮ ਵਿਚ ਆਉਣਾ-ਜਾਣਾ ਲੱਗਾ ਰਿਹਾ।

ਪੀੜਤਾ ਅਨੁਸਾਰ ਦਾਤੀ ਮਹਾਰਾਜ 'ਚਰਨ ਸੇਵਾ' ਦੇ ਨਾਂ 'ਤੇ ਬਲਾਤਕਾਰ ਕਰਦਾ ਹੈ ਤੇ 9 ਫਰਵਰੀ 2016 ਨੂੰ ਦਾਤੀ ਮਹਾਰਾਜ ਦੀ ਸੇਵਾਦਾਰ ਸ਼ਰਧਾ ਉਸ ਨੂੰ 'ਅਸੋਲਾ' ਸਥਿਤ ਸ਼ਨੀਧਾਮ ਆਸ਼ਰਮ ਵਿਚ 'ਚਰਨ ਸੇਵਾ' ਲਈ ਸਫੈਦ ਪਹਿਰਾਵਾ ਪਹਿਨਾ ਕੇ ਇਕ ਗੁਫਾਨੁਮਾ ਕਮਰੇ ਵਿਚ ਲੈ ਗਈ, ਜਿਸ ਵਿਚ ਬਹੁਤ ਹਨੇਰਾ ਸੀ।

ਸ਼ਰਧਾ ਨੇ ਪੀੜਤਾ ਨੂੰ ਕਿਹਾ, "ਤੂੰ ਬਾਬੇ ਦੀ ਹੈਂ ਅਤੇ ਬਾਬਾ ਤੇਰੇ ਹਨ। ਤੂੰ ਕੋਈ ਨਵਾਂ ਕੰਮ ਨਹੀਂ ਕਰ ਰਹੀ। ਬਾਬੇ ਦਾ ਆਸ਼ੀਰਵਾਦ ਹਾਸਲ ਕਰਨ ਲਈ ਅਸੀਂ ਸਭ ਕਰਦੀਆਂ ਆਈਆਂ ਹਾਂ। ਕੱਲ ਸਾਡੀ ਵਾਰੀ ਸੀ, ਅੱਜ ਤੇਰੀ ਵਾਰੀ ਹੈ ਅਤੇ ਇਸ ਤੋਂ ਬਾਅਦ ਵੀ ਕਈਆਂ ਦੇ ਨਾਲ ਅਜਿਹਾ ਹੋਵੇਗਾ। ਬਾਬਾ ਸਾਗਰ ਹਨ ਤੇ ਅਸੀਂ ਸਭ ਮੱਛੀਆਂ ਹਾਂ। ਇਸ ਨੂੰ ਕਰਜ਼ਾ ਸਮਝ ਕੇ ਚੁਕਾ। ਅਜਿਹਾ ਕਰਨ ਨਾਲ ਤੈਨੂੰ ਮੁਕਤੀ ਮਿਲੇਗੀ। ਇਹ ਵੀ ਸੇਵਾ ਹੈ।"

ਜਦੋਂ ਉਹ ਦਾਤੀ ਮਹਾਰਾਜ ਦੇ ਸਾਹਮਣੇ ਲਿਆਂਦੀ ਗਈ ਤਾਂ ਦਾਤੀ ਨੇ ਉਸ ਨੂੰ ਕਿਹਾ, "ਇਧਰ-ਉਧਰ ਕਿਉਂ ਭਟਕਣਾ, ਮੈਂ ਤੇਰਾ ਪ੍ਰਭੂ ਹਾਂ, ਮੈਂ ਸਭ ਵਾਸਨਾ ਖਤਮ ਕਰ ਦੇਵਾਂਗਾ।" ਇਸ ਤੋਂ ਬਾਅਦ ਦਾਤੀ ਤੇ ਉਸ ਦੇ ਸਾਥੀਆਂ ਨੇ ਵਾਰੀ-ਵਾਰੀ ਉਸ ਨਾਲ ਬਲਾਤਕਾਰ ਤੇ ਕੁਕਰਮ ਕੀਤਾ।

'ਪਾਲੀ' ਜ਼ਿਲੇ ਦੇ ਗੁਰੂਕੁਲ ਵਿਚ ਵੀ ਅਜਿਹਾ ਹੀ ਕੀਤਾ ਗਿਆ। ਉਸ ਨੂੰ ਤਿੰਨ ਦਿਨਾਂ ਤਕ ਜਾਨਵਰਾਂ ਵਾਂਗ ਨੋਚਿਆ ਗਿਆ ਪਰ ਸਮਾਜ ਵਿਚ ਬਦਨਾਮੀ ਤੇ ਬਾਬੇ ਵਲੋਂ ਕਿਸੇ ਨੂੰ ਨਾ ਦੱਸਣ 'ਤੇ ਗੰਭੀਰ ਨਤੀਜਿਆਂ ਦੀ ਧਮਕੀ ਦੇ ਡਰ ਕਾਰਨ ਉਸ ਨੇ ਪਹਿਲਾਂ ਸ਼ਿਕਾਇਤ ਨਹੀਂ ਕੀਤੀ। ਦਾਤੀ ਮਹਾਰਾਜ ਨੇ ਕਿਹਾ ਕਿ ਹੁਣ ਤੇਰੀ ਸੇਵਾ ਪੂਰੀ ਹੋਈ। ਪੀੜਤਾ ਮੁਤਾਬਕ ਦਾਤੀ ਅਤੇ ਉਸ ਦੇ ਚੇਲਿਆਂ ਵੱਲੋਂ ਵਾਰ-ਵਾਰ ਬਲਾਤਕਾਰ ਕੀਤੇ ਜਾਣ ਕਾਰਨ ਉਹ ਦੋ ਸਾਲ ਪਹਿਲਾਂ ਆਸ਼ਰਮ ਵਿੱਚੋਂ ਭੱਜ ਕੇ ਆਪਣੇ ਮਾਪਿਆਂ ਪਾਸ ਚਲੀ ਗਈ ਸੀ। ਇਸ ਦੌਰਾਨ ਉਹ ਡਿਪਰੈਸ਼ਨ ਵਿੱਚ ਚਲੀ ਗਈ। ਕੁਝ ਠੀਕ ਹੋਣ ਤੋਂ ਬਾਅਦ ਉਸ ਨੇ ਸਾਰੀ ਕਹਾਣੀ ਆਪਣੇ ਮਾਂ-ਪਿਓ ਨੂੰ ਦੱਸੀ। ਉਸ ਨੇ ਦੱਸਿਆ ਕਿ ਉਸ ਨੂੰ ਆਪਣੀ ਸ਼ਿਕਾਇਤ ਦਰਜ ਕਰਾਉਣ ਲਈ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਉਸ ਨੂੰ ਇੱਕ ਥਾਣੇ ਤੋਂ ਦੂਜੇ ਥਾਣੇ ਵਿੱਚ ਭੇਜਿਆ ਜਾਂਦਾ ਰਿਹਾ। ਆਖ਼ਿਰ ਵਿੱਚ ਉਸ ਨੂੰ ਫਤਿਹਪੁਰ ਬੇਰੀ ਥਾਣੇ ਭੇਜਿਆ ਗਿਆ, ਜਿੱਥੇ ਉਸ ਦਾ ਕੇਸ ਦਰਜ ਕੀਤਾ ਗਿਆ। ਦੋਸ਼ ਲੱਗਣ ਤੋਂ ਬਾਅਦ ਦਾਤੀ ਮਹਾਰਾਜ ਹੁਣ ਆਪਣੇ ਆਸ਼ਰਮ ਵਿਚੋਂ ਗਾਇਬ ਹੈ।

ਦਾਤੀ ਮਹਾਰਾਜ ਨੂੰ 'ਖਤਰਨਾਕ ਵਿਅਕਤੀ' ਦੱਸਦੇ ਹੋਏ ਪੀੜਤਾ ਨੇ ਆਪਣੇ ਤੇ ਆਪਣੇ ਪਰਿਵਾਰ ਲਈ ਅਦਾਲਤ ਵਿਚ ਸੁਰੱਖਿਆ ਦੀ ਦੁਹਾਈ ਪਾਉਂਦਿਆਂ ਕਿਹਾ, "ਅੱਜ ਮੈਂ ਉਸ ਦੇ ਵਿਰੁੱਧ ਸ਼ਿਕਾਇਤ ਕਰ ਰਹੀ ਹਾਂ। ਇਸ ਤੋਂ ਬਾਅਦ ਪਤਾ ਨਹੀਂ ਮੈਂ ਜ਼ਿੰਦਾ ਰਹਾਂਗੀ ਜਾਂ ਨਹੀਂ ਪਰ ਮੇਰੇ ਵਰਗੀਆਂ ਹੋਰ ਕੁੜੀਆਂ ਦਾ ਜੀਵਨ ਬਚ ਜਾਏਗਾ।"

## ਦਾਤੀ ਮਹਾਰਾਜ ਦੇ ਆਸ਼ਰਮ 'ਤੇ ਪਿਆ ਛਾਪਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਾਕੇਤ ਕੋਰਟ ਨੇ ਬਲਾਤਕਾਰ ਦੇ ਦੋਸ਼ਾਂ ਵਿਚ ਘਿਰੇ ਦਾਤੀ ਮਹਾਰਾਜ ਖਿਲਾਫ ਸਰਚ ਵਾਰੰਟ ਜਾਰੀ ਕੀਤਾ ਹੈ। ਦਰਅਸਲ ਜਦੋਂ ਤੋਂ ਦਾਤੀ ਮਹਾਰਾਜ 'ਤੇ ਉਨ੍ਹਾਂ ਦੀ ਚੇਲੀ ਨੇ ਬਲਾਤਕਾਰ ਦਾ ਮਾਮਲਾ ਦਰਜ ਕਰਵਾਇਆ ਹੈ ਉਦੋਂ ਤੋਂ ਉਹ ਪੁਲਸ ਤੋਂ ਭੱਜਿਆ ਫਿਰ ਰਿਹਾ ਹੈ। ਸਾਕੇਤ ਕੋਰਟ ਦੇ ਡਿਊਟੀ ਮੈਜਿਸਟ੍ਰੇਟ ਦੇ ਸਰਚ ਵਾਰੰਟ ਜਾਰੀ ਕਰਨ ਤੋਂ ਬਾਅਦ ਦਿੱਲੀ ਪੁਲਸ ਨੇ ਦਾਤੀ ਮਹਾਰਾਜ ਦੇ ਆਸ਼ਰਮ ਦੀ ਤਲਾਸ਼ੀ ਵੀ ਲਈ ਹੈ। ਸਰਚ ਵਾਰੰਟ ਜਾਰੀ ਹੋਣ ਦੇ ਅਗਲੇ ਹੀ ਕੁਝ ਘੰਟੇ ਬਾਅਦ ਦਿੱਲੀ ਪੁਲਸ ਨੇ ਇਸ ਸੰਬੰਧ ਵਿਚ ਸਬੂਤ ਇਕੱਠੇ ਕਰਨ ਲਈ ਉਨ੍ਹਾਂ ਦੇ ਆਸ਼ਰਮ 'ਤੇ ਛਾਪਾ ਮਾਰਿਆ। ਪੁਲਸ ਨੂੰ ਮੌਕੇ 'ਤੇ ਦਾਤੀ ਮਹਾਰਾਜ ਤਾਂ ਨਹੀਂ ਮਿਲਿਆ ਪਰ ਪੁਲਸ ਨੇ ਪੀੜਤ ਨਾਲ ਕਰੀਬ 2 ਘੰਟੇ ਤਕ ਪੁੱਛਗਿੱਛ ਕੀਤੀ ਜਿਸ ਦੌਰਾਨ ਪੀੜਤ ਨੇ ਦੱਸਿਆ ਕਿ ਆਸ਼ਰਮ ਵਿਚ ਇਕ ਗੁਫਾ ਵੀ ਬਣੀ ਹੋਈ ਹੈ। ਕ੍ਰਾਈਮ ਬ੍ਰਾਂਚ ਨੂੰ ਆਸ਼ਰਮ ਵਿਚ ਕੋਈ ਗੁਫਾ ਤਾਂ ਨਹੀਂ ਪਰ ਇਕ ਹੋਲ ਵਰਗੀ ਚੀਜ ਜ਼ਰੂਰ ਮਿਲੀ। ਪੀੜਤ ਨੇ ਦੋਸ਼ ਲਾਇਆ ਸੀ ਕਿ ਦਾਤੀ ਮਹਾਰਾਜ ਨੇ ਇਸੇ ਆਸ਼ਰਮ ਵਿਚ ਕਰੀਬ 2 ਸਾਲ ਪਹਿਲਾਂ ਹੈਵਾਨੀਅਤ ਦਾ ਖੇਡ ਖੇਡਿਆ ਸੀ। ਤੁਹਾਨੂੰ ਦੱਸ ਦਈਏ ਕਿ ਦਾਤੀ ਮਹਾਰਾਜ ਖਿਲਾਫ ਕ੍ਰਾਈਮ ਬ੍ਰਾਂਚ ਨੇ ਪਹਿਲਾਂ ਹੀ ਲੁਕ ਆਉਟ ਨੋਟਿਸ ਜਾਰੀ ਕਰ ਰੱਖਿਆ ਹੈ, ਤਾਂ ਕਿ ਉਹ ਦੇਸ਼ ਤੋਂ ਬਾਹਰ ਨਾ ਜਾ ਸਕੇ।

## ਭਾਜਪਾ ਦੀ ਬਲਾਤਕਾਰੀ ਬਾਬੇ ਨਾਲ ਯਾਰੀ

ਦਾਤੀ ਮਹਾਰਾਜ ਵੱਲੋਂ ਆਪਣੀ ਚੇਲੀ ਨਾਲ ਬਲਾਤਕਾਰ ਦੀ ਖ਼ਬਰ ਫੈਲ ਜਾਣ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਉਸ ਦੀਆਂ ਭਾਜਪਾ ਨੇਤਾਵਾਂ ਨਾਲ ਵਾਇਰਲ ਹੋ ਰਹੀਆਂ ਫੋਟੋਆਂ ਦੀ ਝੜੀ ਲੱਗੀ ਹੋਈ ਹੈ। ਇਹਨਾਂ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵ ਰਾਜ ਚੌਹਾਨ, ਉੱਤਰ ਪ੍ਰਦੇਸ਼ ਦੇ ਡਿਪਟੀ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਤੇ ਕੇਂਦਰੀ ਮੰਤਰੀ ਹਰਸ਼ਵਰਧਨ ਰਠੌਰ ਸ਼ਾਮਲ ਹਨ। ਇਸ ਕਤਾਰ ਵਿੱਚ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਵੀ ਸ਼ਾਮਲ ਹਨ। ਹੁਣੇ-ਹੁਣੇ ਭਾਜਪਾ ਵੱਲੋਂ 'ਸੰਪਰਕ ਫ਼ਾਰ ਸਮੱਰਥਨ' ਮੁਹਿੰਮ ਦੇ ਤਹਿਤ ਦੇਸ਼ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਨੂੰ ਮਿਲਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਸੀ। ਇਹਨਾਂ ਅਹਿਮ ਹਸਤੀਆਂ ਵਿੱਚ ਦਾਤੀ ਮਹਾਰਾਜ ਦਾ ਨਾਂਅ ਵੀ ਸ਼ਾਮਲ ਸੀ। ਇਸ ਸਿਲਸਿਲੇ ਵਿੱਚ ਭਾਜਪਾ ਦੇ ਜਨਰਲ ਸਕੱਤਰ ਰਾਮ ਲਾਲ ਨੇ ਦਾਤੀ ਮਹਾਰਾਜ ਨਾਲ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਤੋਂ ਬਾਅਦ ਰਾਮ ਲਾਲ ਨੇ ਆਪਣੇ ਫੇਸਬੁੱਕ ਪੰਨੇ ਉੱਤੇ ਲਿਖਿਆ ਸੀ, 'ਮਹਾਂਮੰਡਲੇਸ਼ਵਰ ਸ਼ਨੀ ਧਾਮ ਪਰਮਹੰਸ ਦਾਤੀ ਜੀ ਮਹਾਰਾਜ ਨੂੰ ਕੇਂਦਰ ਸਰਕਾਰ ਦੀ ਬੀਤੇ ਚਾਰ ਸਾਲਾਂ ਦੀਆਂ ਉਪਲੱਬਧੀਆਂ ਵਾਲੀ ਬੁੱਕਲੈੱਟ ਭੇਟ ਕੀਤੀ। ਉਨ੍ਹਾਂ ਅਸ਼ੀਰਵਾਦ ਸਰੂਪ ਕਿਹਾ ਕਿ ਮੋਦੀ ਜੀ ਨੇ ਬੇਟੀ ਬਚਾਓ ਤੇ ਸਵੱਛਤਾ ਲਈ ਅਦਭੁੱਤ ਕੰਮ ਕੀਤਾ ਹੈ।'

ਹੈਰਾਨੀ ਵਾਲੀ ਗੱਲ ਹੈ ਕਿ ਜਿਸ ਦਾਤੀ ਮਹਾਰਾਜ ਤੋਂ ਖ਼ੁਦ ਬੇਟੀਆਂ ਸੁਰੱਖਿਅਤ ਨਹੀਂ, ਉਹ ਮੋਦੀ ਸਰਕਾਰ ਦੀ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਦੀ ਤਾਰੀਫ਼ ਕਰ ਰਿਹਾ ਹੈ। ਇਹ ਕੋਈ ਪਹਿਲਾ ਮਾਮਲਾ ਤਾਂ ਹੈ ਨਹੀਂ, ਜਦੋਂ ਭਾਜਪਾ ਨੂੰ ਚੋਣ ਜਿੱਤਣ ਲਈ ਅਜਿਹੇ ਬਲਾਤਕਾਰੀ ਬਾਬਿਆਂ ਦੇ ਅਸ਼ੀਰਵਾਦ ਦੀ ਜ਼ਰੂਰਤ ਪਈ ਹੋਵੇ। ਇਸ ਤੋਂ ਪਹਿਲਾਂ ਵੀ ਭਾਜਪਾ ਦੇ ਚੋਟੀ ਦੇ ਆਗੂ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਅਜਿਹੇ ਕੁਕਰਮੀ ਸਾਧਾਂ ਦੇ ਚਰਨਾਂ ਵਿੱਚ ਸੀਸ ਝੁਕਾਉਂਦੇ ਰਹੇ ਹਨ। ਸਿਰਸੇ ਵਾਲਾ ਬਾਬਾ ਆਰ ਐਸ ਐਸ ਅਤੇ ਭਾਜਪਾ ਦਾ ਖਾਸਮ ਖਾਸ ਰਿਹਾ ਹੈ ਤੇ ਫਰਿੱਜ਼ ਵਾਲਾ ਨੂਰਮਹਿਲ ਵਾਲਾ ਬਾਬਾ ਜਿਸ 'ਤੇ ਵੀ ਅਜਿਹੇ ਦੋਸ਼ ਲੱਗੇ ਸਨ, ਉਹ ਵੀ ਭਾਜਪਾ ਦੀ ਉਪਜ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹਨਾਂ ਸਿਆਸੀ ਆਗੂਆਂ ਦੀ ਪੁਸ਼ਤ-ਪਨਾਹੀ ਕਾਰਨ ਹੀ ਅਜਿਹੇ ਬਾਬੇ ਕੁਝ ਸਮੇਂ ਬਾਅਦ ਅਰਬਾਂ ਦੀ ਜਾਇਦਾਦ ਦੇ ਮਾਲਕ ਬਣ ਜਾਂਦੇ ਹਨ। ਇਸ ਲਈ ਇਹਨਾਂ ਬਾਬਿਆਂ ਵੱਲੋਂ ਕੀਤੇ ਜਾਂਦੇ ਗੁਨਾਹਾਂ ਵਿੱਚ ਇਹ ਸਿਆਸੀ ਆਗੂ ਵੀ ਬਰਾਬਰ ਦੇ ਭਾਈਵਾਲ ਹਨ।

### ਕੀ ਕਹਿੰਦੀ ਏ ਦਿੱਲੀ ਮਹਿਲਾ ਆਯੋਗ

ਦਿੱਲੀ ਮਹਿਲਾ ਆਯੋਗ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ ਪੀੜਤ ਨਾਲ ਮਿਲ ਕੇ ਕਿਹਾ ਕਿ ਉਸ ਨੂੰ ਪੁਲਿਸ ਸੁਰੱਖਿਆ ਮਿਲਣੀ ਚਾਹੀਦੀ ਹੈ। ਮਾਲੀਵਾਲ ਨੇ ਕਿਹਾ ਦਾਤੀ ਮਹਾਰਾਜ ਵੱਲੋਂ ਕਥਿਤ ਰੂਪ ਵਿੱਚ ਬਲਾਤਕਾਰ ਦੀ ਸ਼ਿਕਾਰ ਹੋਈ ਲੜਕੀ ਨਾਲ ਮਿਲੀ। ਲੜਕੀ ਦੀ ਕਹਾਣੀ ਬੇਹੱਦ ਹੀ ਡਰਾਉਣੀ ਹੈ। ਉਸ ਦੀ ਜਾਨ ਨੂੰ ਖ਼ਤਰਾ ਹੈ। ਦਿੱਲੀ ਪੁਲਿਸ ਨੂੰ ਉਸ ਨੂੰ ਤੁਰੰਤ ਸੁਰੱਖਿਆ ਪ੍ਰਦਾਨ ਕਰਨ ਦੇ ਲਈ ਕਿਹਾ ਹੈ।

# 5000 'ਸੰਤ' ਅਕਤੂਬਰ ਵਿਚ ਨਰਿੰਦਰ ਮੋਦੀ ਸਰਕਾਰ ਨੂੰ ਹਮਾਇਤ ਦੇਣਗੇ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਆਉਂਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਦੇਸ਼ ਵਿਚ ਇਕ ਨਵੇਂ ਢੰਗ ਦੇ ਫਤਵਿਆਂ ਦੀ ਸਿਆਸਤ ਸ਼ੁਰੂ ਹੋ ਗਈ ਹੈ। ਪਹਿਲਾਂ ਮੁਸਲਿਮ ਧਰਮ ਗੁਰੂ, ਫਿਰ ਈਸਾਈ ਧਰਮ ਗੁਰੂ ਅਤੇ ਹੁਣ ਹਿੰਦੂ ਧਰਮ ਗੁਰੂਆਂ ਵਲੋਂ ਅਜਿਹੇ ਫਤਵਿਆਂ ਦੇ ਐਲਾਨ ਕੀਤੇ ਜਾ ਸਕਦੇ ਹਨ। ਆਰਕ ਬਿਸ਼ਪਾਂ ਵਲੋਂ ਮੋਦੀ ਸਰਕਾਰ ਵਿਰੁੱਧ ਮੋਰਚੇ ਖੋਲ੍ਹਣ ਅਤੇ ਹੋਰ ਚੋਣ ਤੋਂ ਪਹਿਲਾਂ ਮੁਸਲਿਮ ਧਰਮ ਨਾਲ ਜੁੜੇ ਅਦਾਰਿਆਂ ਵਲੋਂ ਫਤਵੇ ਜਾਰੀ ਕਰਨ ਦੇ ਰੁਝਾਨ ਵਿਰੁੱਧ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸਰਬ ਭਾਰਤੀ ਸੰਤ ਸਮਿਤੀ ਨੇ ਜਵਾਬੀ ਮੋਰਚੇ ਖੋਲ੍ਹਣ ਦੀ ਯੋਜਨਾ ਬਣਾਈ ਹੈ। ਇਨ੍ਹਾਂ ਦੀ ਯੋਜਨਾ ਇਸ ਸਾਲ ਅਕਤੂਬਰ ਵਿਚ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ 5 ਹਜ਼ਾਰ ਸੰਤਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਕ ਵਿਚ ਫਤਵਾ ਜਾਰੀ ਕਰਵਾਉਣ ਦੀ ਹੈ। ਸਰਬ ਪਾਰਟੀ ਸੰਤ ਕਮੇਟੀ ਦੇ ਕੌਮੀ ਜਨਰਲ ਸਕੱਤਰ ਸਵਾਮੀ ਜਿਤੇਂਦਰਾਨੰਦ ਸਰਸਵਤੀ ਨੇ ਕਿਹਾ ਹੈ ਕਿ ਅਕਤੂਬਰ ਵਿਚ ਸਭ ਸੰਤ ਇਕੱਠੇ ਹੋ ਕੇ ਈਸਾਈ ਅਤੇ ਮੁਸਲਿਮ ਧਾਰਮਿਕ ਸੰਸਥਾਵਾਂ ਦੇ ਫਤਵਿਆਂ ਦੇ ਜਵਾਬ ਵਿਚ ਮੋਦੀ ਸਰਕਾਰ ਨੂੰ ਹਮਾਇਤ ਦੇਣ ਦਾ ਮਤਾ ਪਾਸ ਕਰਨਗੇ।



# ਦਰਬਾਰ ਸਾਹਿਬ ਉੱਤੇ ਜੂਨ ’84 ਵਿਚ ਹਮਲਾ ਕਰਨ ਵਾਲੀ ਭਾਰਤ ਸਰਕਾਰ ਦੇ ਸਹਿਯੋਗੀਆਂ ਦੀ ਲੰਬੀ ਸੂਚੀ

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ**

ਵਾਸ਼ਿੰਗਟਨ (ਡੀ. ਸੀ.): ਜੂਨ ’84 ਦੇ ਘੱਲੂਘਾਰੇ ਦੀ 34ਵੀਂ ਦੁਖਦ ਯਾਦ ਦੁਨੀਆ ਭਰ ਵਿਚ ਬੈਠੀ ਸਿੱਖ ਕੌਮ ਵਲੋਂ ਮਨਾਈ ਗਈ। ਸ਼ਹੀਦੀ ਸਮਾਗਮ, ਪ੍ਰੋਟੈਸਟ, ਕੈਂਡਲ ਲਾਈਟ ਵਿਜ਼ਿਲ,



ਫਰੀਡਮ ਮਾਰਚ, ਵਿਚਾਰ-ਗੋਸ਼ਟੀਆਂ ਦੁਨੀਆ ਦੇ ਕੋਨੇ-ਕੋਨੇ ਵਿਚ ਹੋਈਆਂ। ਲੰਡਨ, ਫਰੈਂਕਫਰਟ, ਵਾਸ਼ਿੰਗਟਨ ਡੀ. ਸੀ., ਸੈਨ-ਫਰਾਂਸਿਸਕੋ, ਔਟਵਾ, ਵੈਨਕੂਵਰ ਸਮੇਤ ਕਈ ਥਾਵਾਂ ’ਤੇ ਭਾਰੀ ਰੋਸ ਵਿਖਾਵੇ ਹੋਏ। ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਨਸਲਕੁਸ਼ੀ ਯਾਦਗਾਰ ਮਾਰਚ’ ਕੱਢਿਆ ਗਿਆ ਅਤੇ 6 ਜੂਨ ਨੂੰ ਅੰਮ੍ਰਿਤਸਰ ਵਿਚ ਮੁਕੰਮਲ ਬੰਦ ਹੋਇਆ। ਘੱਲੂਘਾਰਾ ਹਫ਼ਤੇ ਦਾ ਮੁੱਖ ਸਮਾਗਮ ਸ੍ਰੀ ਅਕਾਲ ਤਖਤ ਸਾਹਿਬ ਵਿਖੇ 6 ਜੂਨ ਨੂੰ ਲਗਭਗ ਸ਼ਾਂਤ ਮਾਹੌਲ ਵਿਚ ਹੋਇਆ। ਸਰਕਾਰੀ ਟਾਸਕ ਫੋਰਸ’ ਦੇ ਜਬਰ ਭਰੇ ਹਥਕੰਡਿਆਂ ਦੇ ਬਾਵਜੂਦ, ਖਾਲਿਸਤਾਨੀ ਝੰਡਾ ਵੀ ਲਹਿਰਾਇਆ ਗਿਆ ਅਤੇ ਖਾਲਿਸਤਾਨ-ਜ਼ਿੰਦਾਬਾਦ’ ਦੇ ਨਾਹਰੇ ਵੀ ਗੂੰਜਦੇ ਰਹੇ।

ਪੰਜਾਬ ਦੀ ਖੁਦਮੁਖਤਾਰੀ ਦੀ ਗੱਲ ਕਰਨਾ ਸਰਕਾਰੀ ਜਥੇਦਾਰ ਦੀ ਵੀ ਮਜ਼ਬੂਰੀ ਬਣ ਗਿਆ। ਸਰਬੱਤ ਖਾਲਸਾ ਵਲੋਂ ਥਾਪੇ, ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ, ਭਾਈ ਧਿਆਨ ਸਿੰਘ ਮੰਡ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਦੋ ਜੂਨ ਤੋਂ ਬਰਗਾੜੀ ਵਿਖੇ ਅਣਮਿੱਥੇ ਸਮੇਂ ਦਾ ਧਰਨਾ ਆਰੰਭ ਕੀਤਾ ਹੋਇਆ ਹੈ, ਜਿਸ ਨੂੰ ਸੰਗਤਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।

ਘੱਲੂਘਾਰਾ ’84 ਦੇ 34 ਵਰ੍ਹਿਆਂ ਦੌਰਾਨ ਭਾਰਤ ਸਰਕਾਰ ਦੀਆਂ ਜ਼ੁਲਮੀਂ ਨੀਤੀਆਂ ਤੇ ਲੂੰਬੜ ਚਾਲਾਂ ਦੇ ਬਾਵਜੂਦ, ਦੁਨੀਆ ਦੇ ਕੋਨੇ-ਕੋਨੇ ਵਿਚ ਖਾਲਿਸਤਾਨ ਦੀਆਂ ਗੂੰਜਾਂ ਪੈ ਰਹੀਆਂ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਮਹਾਨ ਕੌਮੀ ਸ਼ਹੀਦਾਂ ਵਜੋਂ ਸਿੱਖ ਕੌਮ ਦੇ ਨਾਇਕ ਬਣ ਕੇ ਉਭਰੇ ਹਨ।

ਜੂਨ ’84 ਦੇ ਘੱਲੂਘਾਰੇ ਲਈ ਜ਼ਿੰਮੇਵਾਰ ਭਾਰਤੀ ਨੇਤਾਵਾਂ ਖਾਸ ਤੌਰ ’ਤੇ ਇੰਦਰਾ ਗਾਂਧੀ ਦੀ ਕਿਚਨ ਕੈਬਨਿਟ ਦੇ ਰੋਲ ਬਾਰੇ ਅਕਸਰ ਗੱਲਬਾਤ ਹੁੰਦੀ ਹੈ। ਇਨ੍ਹਾਂ ਵਿਚ ਰਾਜੀਵ ਗਾਂਧੀ, ਪ੍ਰਣਬ ਮੁਖਰਜੀ, ਨਰਸਿਮ੍ਹਾ ਰਾਓ, ਅਰੁਣ ਨਹਿਰੂ, ਅਰੁਣ ਸਿੰਘ, ਪੀ. ਚਿਦੰਬਰਮ, ਪੀ. ਸੀ. ਅਲੈਗਜ਼ੈਂਡਰ, ਰਾਅ ਮੁਖੀ ਆਰ. ਐਨ. ਕਾਓ ਦੇ ਨਾਂ ਪ੍ਰਮੁੱਖਤਾ ਨਾਲ ਸਾਹਮਣੇ ਆਉਂਦੇ ਹਨ। ਸੰਨ 1973 ਵਿਚ ਗੋਲਵਲਕਰ ਦੀ ਮੌਤ ਤੋਂ ਬਾਅਦ, ਆਰ. ਐਸ. ਐਸ. ਮੁਖੀ ਬਣੇ ਬਾਲਾ ਸਾਹਿਬ ਦਿਓਰਸ ਨੇ ਇੰਦਰਾ ਗਾਂਧੀ ਨੂੰ ਘੱਲੂਘਾਰਾ ’84 ਲਈ ਮੁਕੰਮਲ ਹਮਾਇਤ ਦਿਤੀ। ਆਰ. ਐਸ. ਐਸ. ਦਾ ਸਿਆਸੀ ਵਿੰਗ - ਬੀ. ਜੇ. ਪੀ. ਫੌਜੀ ਐਕਸ਼ਨ ਦੀ ਮੰਗ ਬੜੇ ਚਿਰਾਂ ਤੋਂ ਕਰ ਰਿਹਾ ਸੀ। ਦੋਵੇਂ ਕਮਿਊਨਿਸਟ ਪਾਰਟੀਆਂ ਸਮੇਤ ਭਾਰਤ ਦੀਆਂ ਖੇਤਰੀ ਪਾਰਟੀਆਂ ਵੀ ਇੰਦਰਾ ਗਾਂਧੀ ਦੇ ਹੱਕ ਵਿਚ ਭੁਗਤੀਆਂ। ਤੇਲਗੂ ਦੇਸਮ ਪਾਰਟੀ ਦੇ ਐਮ. ਟੀ. ਰਾਮਾਰਾਓ ਨੇ ਇਸ ਦਾ ਵਿਰੋਧ ਕੀਤਾ। ਭਾਰਤ ਭਰ ਦੇ ਮੀਡੀਏ ਅਤੇ ਬਹੁਗਿਣਤੀ ਹਿੰਦੂਆਂ ਨੇ ਇੰਦਰਾ ਗਾਂਧੀ ਦਾ ਗੁਣ ਗਾਇਨ ਕੀਤਾ, ਕਿਉਂਕਿ ਉਸ ਨੇ ਸਿੱਖਾਂ ਨੂੰ ਸਬਕ ਸਿਖਾ ਕੇ’ ਦੇਸ਼ ਦੀ ਏਕਤਾ-ਅਖੰਡਤਾ ਬਚਾ ਲਈ ਸੀ।

ਸਿੱਖ ਕੌਮ ਨੂੰ ਸਜ਼ਾ ਯਾਫਤਾ ਕਰਨ ਦੀ ਨੀਤੀ ਸਿਰਫ ਭਾਰਤੀ ਨਾ ਹੋ ਕੇ, ਅੰਤਰਰਾਸ਼ਟਰੀ ਸਾਜ਼ਿਸ਼ ਸੀ, ਇਸ ਦੀਆਂ ਪਰਤਾਂ ਹੌਲੀ-ਹੌਲੀ ਖੁੱਲ੍ਹ ਰਹੀਆਂ ਹਨ। ਸੋਵੀਅਤ ਯੂਨੀਅਨ ਦੀ ਉਸ ਦੌਰ ਵਿਚ ਭਾਰਤ ਵਿਚ ਸਿਧੀ ਦਖਲਅੰਦਾਜ਼ੀ ਸੀ ਅਤੇ ਘੱਲੂਘਾਰਾ ’84 ਲਈ ਸੋਵੀਅਤ ਖੁਫੀਆ ਏਜੰਸੀ ਕੇ. ਜੀ. ਬੀ, ਭਾਰਤੀ ਖੁਫੀਆ ਏਜੰਸੀ ਰਾਅ ਨਾਲ ਪੂਰਾ ਤਾਲਮੇਲ ਕਰ ਰਹੀ ਸੀ। 1979 ਵਿਚ ਸੋਵੀਅਤ ਫੌਜਾਂ ਨੇ ਅਫਗਾਨਿਸਤਾਨ ’ਤੇ ਕਬਜ਼ਾ ਕੀਤਾ ਸੀ ਅਤੇ ਪਾਕਿਸਤਾਨ ਰਾਹੀਂ ਅਮਰੀਕਾ, ਸੋਵੀਅਤ ਯੂਨੀਅਨ ਦੇ ਖਿਲਾਫ ਅਸਿੱਧੀ ਜੰਗ ਲੜ ਰਿਹਾ ਸੀ।



ਇੰਦਰਾ ਗਾਂਧੀ ਨੇ, ਸੋਵੀਅਤ ਯੂਨੀਅਨ ਵਲੋਂ ਅਫਗਾਨਿਸਤਾਨ ’ਤੇ ਕਬਜ਼ੇ ਦੀ ਹਮਾਇਤ ਕੀਤੀ ਸੀ ਅਤੇ ਉਹ ਪੂਰੀ ਤਰ੍ਹਾਂ ਸੋਵੀਅਤ ਯੂਨੀਅਨ ਦੀ ਖੇਡ, ਖੇਡ ਰਹੀ ਸੀ। ਘੱਲੂਘਾਰਾ ’84 ਦੀ, ਕਮਿਊਨਿਸਟ ਪਾਰਟੀ ਦੇ ਮਾਸਕੋ ਵਿਚ ਛਪਦੇ ਮੈਗਜ਼ੀਨ ’ਪ੍ਰਾਵਦਾ’ ਵਲੋਂ ਮੁਕੰਮਲ ਹਮਾਇਤ ਕੀਤੀ ਗਈ ਸੀ।

ਯੂ. ਕੇ. ਵਲੋਂ ਡੀਕਲਾਸੀਫਾਈ ਕੀਤੇ ਗਏ ਸਰਕਾਰੀ ਦਸਤਾਵੇਜ਼ਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਫਰਵਰੀ ’84 ਵਿਚ ਇੰਦਰਾ ਗਾਂਧੀ ਨੇ ਯੂ. ਕੇ. ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਪੱਤਰ ਲਿਖ ਕੇ, ਸਿੱਖਾਂ ਦੇ ਖਿਲਾਫ ਕਾਰਵਾਈ ਵਿਚ ਮਦਦ ਮੰਗੀ ਸੀ। ਇਸ ਦੇ ਜਵਾਬ ਵਿਚ ਥੈਚਰ ਨੇ ਆਪਣੀ ਖੁਫੀਆ ਏਜੰਸੀ ਦੀ ਉੱਚ-ਪੱਧਰੀ ਟੀਮ ਭਾਰਤ ਭੇਜੀ ਸੀ। ਇਸ ਟੀਮ ਨੇ ਭਾਰਤੀ ਖੁਫੀਆ ਏਜੰਸੀਆਂ ਨਾਲ ਮਿਲ ਕੇ ਦਰਬਾਰ ਸਾਹਿਬ ਕੰਪਲੈਕਸ ਦੀ ਛਾਣਬੀਣ (ਰੇਕੀ) ਕਰਕੇ ਬਲਿਊ-ਪ੍ਰਿੰਟ ਤਿਆਰ ਕੀਤਾ ਸੀ। ਇੰਗਲੈਂਡ ਦੇ ਸਿੱਖਾਂ ਵਲੋਂ ਇਸ ਸਬੰਧੀ ਮੁਕੰਮਲ ਸੱਚ ਸਾਹਮਣੇ ਲਿਆਉਣ ਲਈ ਇਕ ਨਿਰਪੱਖ ਪੜਤਾਲੀਆ ਕਮਿਸ਼ਨ’ ਦੀ ਮੰਗ ਕੀਤੀ ਜਾ ਰਹੀ ਹੈ। ਮੁਕੰਮਲ ਸੱਚ ਬਾਹਰ ਆਉਣ ਦੇ ਡਰੋਂ ਇੰਗਲੈਂਡ ਦੀ ਮੌਜੂਦਾ ਕਨਜ਼ਰਵੇਟਿਵ ਸਰਕਾਰ ਨੇ ਇਸ ਨਾਲ ਸਬੰਧਿਤ ਹੋਰ ਦਸਤਾਵੇਜ਼ਾਂ ਨੂੰ ਡੀਕਲਾਸੀਫਾਈ ਕਰਨ ਦੇ ਅਮਲ ਨੂੰ ਰੋਕ ਦਿੱਤਾ ਹੈ। ਜ਼ਾਹਰ ਹੈ ਕਿ ਇੰਗਲੈਂਡ ਸਰਕਾਰ, ਜੂਨ ’84 ਦੇ ਸਿੱਖ ਘੱਲੂਘਾਰੇ ਦੇ ਕੁਕਰਮ ਵਿਚ ਭਾਗੀਦਾਰ ਸੀ।

6 ਜੂਨ, 2018 ਦੇ ਮਿਡਲ ਈਸਟ ਮਾਨੀਟਰ’ ਨੇ ਜੂਨ ’84 ਦੇ ਘੱਲੂਘਾਰੇ ਵਿਚ ਇਜ਼ਰਾਈਲ ਦੀ ਸ਼ਮੂਲੀਅਤ ਸਬੰਧੀ ਇਕ ਵਿਸ਼ੇਸ਼ ਨਿਊਜ਼ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ, ਜਿਸ ਦਾ ਸਿਰਲੇਖ ਹੈ - ਇਜ਼ਰਾਈਲੀ ਏਜੈਂਟਾਂ ਨੇ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੇ ਕਮਾਂਡੋਆਂ ਨੂੰ ਦਿਤੀ ਸੀ ਟਰੇਨਿੰਗ’। ਇਸ ਨਿਊਜ਼ ਰਿਪੋਰਟ ਦਾ ਆਧਾਰ ਇੰਡੀਆ ਟੂਡੇ’ ਵਿਚ ਪੱਤਰਕਾਰ ਪ੍ਰਭਾਸ਼ ਕੁਮਾਰ ਦੱਤਾ ਦੀ ਪ੍ਰਕਾਸ਼ਿਤ ਨਿਊਜ਼ ਰਿਪੋਰਟ ਨੂੰ ਬਣਾਇਆ ਗਿਆ ਹੈ। ਨਿਊਜ਼ ਰਿਪੋਰਟ ਅਨੁਸਾਰ - ਭਾਵੇਂ 1984 ਵਿਚ ਭਾਰਤ ਵਲੋਂ ਇਜ਼ਰਾਈਲ ਨੂੰ ਸਰਕਾਰੀ ਤੌਰ ’ਤੇ ਕੋਈ ਮਾਨਤਾ ਹਾਸਲ ਨਹੀ ਸੀ ਪਰ ਇਹ ਹਕੀਕਤ ਹੈ ਕਿ ਇਜ਼ਰਾਈਲੀ ਖੁਫੀਆ ਏਜੰਸੀ ਮੋਸਾਦ ਦੇ ਏਜੰਟਾਂ ਨੇ ਭਾਰਤੀ ਫੌਜ ਦੇ ਉਨ੍ਹਾਂ ਸਪੈਸ਼ਲ ਕਮਾਂਡੋਆਂ ਨੂੰ ਟਰੇਨਿੰਗ ਦਿੱਤੀ, ਜਿਨ੍ਹਾਂ ਨੇ ਜੂਨ ’84 ਵਿਚ ਦਰਬਾਰ ਸਾਹਿਬ ’ਤੇ ਹਮਲਾ ਕੀਤਾ। ਵਿਸ਼ੇਸ਼ ਰਿਪੋਰਟ ਅਨੁਸਾਰ ਇਨ੍ਹਾਂ ਸਪੈਸ਼ਲ ਕਮਾਂਡੋਆਂ ਦਾ ਸਬੰਧ ’56 ਕਮਾਂਡੋ ਕੰਪਨੀ’ ਨਾਲ ਸੀ। ਭਾਰਤ ਦੀ ਇਹ ਇਕ-ਇਕ ਕਮਾਂਡੋ ਯੂਨਿਟ ਹੈ, ਜਿਸਨੂੰ ਮੋਸਾਦ ਨੇ ਵਿਸ਼ੇਸ਼ ਤੌਰ ’ਤੇ ਇਸ ਮਿਸ਼ਨ ਲਈ ਤਿਆਰ ਕੀਤਾ। ਇਸ ਕਮਾਂਡੋ ਯੂਨਿਟ ਨੂੰ ਸਪੈਸ਼ਲ ਗਾਰਡ ਕਮਾਂਡੋ’ ਯਾਨੀਕਿ ਐਸ. ਜੀ. ਕਮਾਂਡੋ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਇਕ ਵੱਖਰੀ ਕਹਾਣੀ ਹੈ ਕਿ ਇਨ੍ਹਾਂ ਕਮਾਂਡੋਆਂ ਦੇ ਪੜਛੇ’ ਸਿੰਘਾਂ ਨੇ ਕਿਵੇਂ ਉਡਾਏ ਪਰ ਜੂਨ ’84 ਦੇ ਘੱਲੂਘਾਰੇ ਵਿਚ ਇਜ਼ਰਾਈਲ ਦੀ ਖੁਫੀਆ ਮੱਦਦ’ ਇਕ ਡੂੰਘੇ ਭੇਦ ਤੋਂ ਪਰਦਾ ਚੱਕਦੀ ਹੈ।

ਯਾਦ ਰਹੇ ਇਸ ਸਮੇਂ ਦੌਰਾਨ ਭਾਰਤ ਦੇ ਇਜ਼ਰਾਈਲ ਨਾਲ ਕੂਟਨੀਤਕ ਸਬੰਧ’ ਨਹੀਂ ਸਨ। ਜਨਵਰੀ-1992 ਵਿਚ ਭਾਰਤੀ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੇ ਇਜ਼ਰਾਈਲ ਨੂੰ ਡਿਪਲੋਮੈਟਿਕ ਮਾਨਤਾ ਦਿੰਦਿਆਂ, ਤੈਲ ਅਵੀਵ (ਇਜ਼ਰਾਇਲ) ਵਿਚ ਆਪਣੀ ਅੰਬੈਸੀ ਖੋਲ੍ਹੀ ਸੀ। ਕੀ ਇਹ ਇਜ਼ਰਾਇਲ ਦੇ ਘੱਲੂਘਾਰਾ ’84 ਵਿਚ ਰੋਲ ਲਈ ਸ਼ੁਕਰੀਆ ਅਦਾ ਕਰਨਾ ਨਹੀਂ ਸੀ?

---

# ਭਾਰਤ, ਮਿਆਂਮਾਰ ਅਤੇ ਹਥਿਆਰਬੰਦ ਬਾਗ਼ੀ

**ਜੀ. ਪਾਰਥਾਸਾਰਥੀ**

**(ਲੇਖਕ ਪਾਕਿਸਤਾਨ ਵਿੱਚ ਭਾਰਤੀ ਹਾਈ ਕਮਿਸ਼ਨਰ ਰਹਿ ਚੁੱਕਾ ਹੈ)**

ਪਿਛਲੇ ਵਰ੍ਹੇ ਰੋਹਿੰਗਿਆ ਬਾਗ਼ੀਆਂ ਦੇ ਹਮਲਿਆਂ ਮਗਰੋਂ ਮਿਆਂਮਾਰ ਦੀ ਫ਼ੌਜ ਨੇ ਬੜੀ ਬੇਰਹਿਮੀ ਨਾਲ ਜਵਾਬੀ ਕਾਰਵਾਈ ਕੀਤੀ ਸੀ। ਨਤੀਜੇ ਵਜੋਂ ਮਿਆਂਮਾਰ ਦੇ ਰਖੀਨ ਸੂਬੇ ‘ਚ ਰੋਹਿੰਗਿਆ ਭਾਈਚਾਰੇ ਦੇ 7 ਲੱਖ ਲੋਕ (ਜਿਨ੍ਹਾਂ ‘ਚੋਂ ਜ਼ਿਆਦਾਤਰ ਮੁਸਲਮਾਨ ਸਨ) ਭੱਜ ਕੇ ਗੁਆਂਢੀ ਮੁਲਕਾਂ- ਬੰਗਲਾਦੇਸ਼ ਤੇ ਭਾਰਤ ਚਲੇ ਗਏ। ਅਜਿਹੀਆਂ ਕਾਰਵਾਈਆਂ ਕਾਰਨ ਮਿਆਂਮਾਰ ਨੂੰ ਸਮੁੱਚੇ ਸੰਸਾਰ ਦੀ ਨਿਖੇਧੀ ਦਾ ਸਾਹਮਣਾ ਕਰਨਾ ਪਿਆ, ਕੁਝ ਮੁਲਕਾਂ ਨੇ ਤਾਂ ਉਸ ‘ਤੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦੀ ਮੰਗ ਵੀ ਕੀਤੀ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਕਦੇ ਮਿਆਂਮਾਰ ਦੀ ਨਿਖੇਧੀ ਕਰੇਗੀ, ਅਜਿਹੀ ਕੋਈ ਸੰਭਾਵਨਾ ਕਦੇ ਨਹੀਂ ਹੋ ਸਕਦੀ ਕਿਉਂਕਿ ਚੀਨ ਆਪਣੀ ਵੀਟੋ ਤਾਕਤ ਨਾਲ ਅਜਿਹਾ ਹੋਣ ਨਹੀਂ ਦੇਵੇਗਾ। ਇਸ ਮੁੱਦੇ ‘ਤੇ ਇਸ ਨੂੰ ਰੂਸ ਦੀ ਹਮਾਇਤ ਵੀ ਮਿਲ ਸਕਦੀ ਹੈ। ਭਾਰਤ ਵਿੱਚ ਵੀ ਤਕਰੀਬਨ 40 ਹਜ਼ਾਰ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁਲਕ ਤੋਂ ਬਾਹਰ ਕੱਢਣ ਦੀ ਮੰਗ ਉੱਠਦੀ ਰਹੀ ਹੈ ਪਰ ਇਸ ਦੇ ਬਾਵਜੂਦ ਨਵੀਂ ਦਿੱਲੀ ਨੇ ਇਨ੍ਹਾਂ ਸ਼ਰਨਾਰਥੀਆਂ ਨੂੰ ਸੂਝ-ਸਿਆਣਪ ਨਾਲ ਆਪਸੀ ਗੱਲਬਾਤ ਰਾਹੀਂ ਭਾਰਤ ਤੇ ਬੰਗਲਾਦੇਸ਼ ਤੋਂ ਵਾਪਸ ਮਿਆਂਮਾਰ ਭੇਜਣ ਦਾ ਰਾਹ ਚੁਣਿਆ ਹੈ। ਭਾਰਤ ਨੇ ਮਿਆਂਮਾਰ ਨੂੰ ਸਪੱਸ਼ਟ ਆਖਿਆ ਹੈ ਕਿ ਉਹ ਬੰਗਲਾਦੇਸ਼ ਤੇ ਭਾਰਤ ਤੋਂ ਰੋਹਿੰਗਿਆ ਸ਼ਰਨਾਰਥੀਆਂ ਦੀ ‘ਸੁਰੱਖਿਅਤ ਤੇ ਲਗਾਤਾਰ’ ਵਾਪਸੀ ਚਾਹੁੰਦਾ ਹੈ।

ਮਿਆਂਮਾਰ ਨਾਲ ਭਾਰਤ ਦੀ 1640 ਕਿਲੋਮੀਟਰ ਲੰਮੀ ਸਰਹੱਦ ਲੱਗਦੀ ਹੈ ਜੋ ਉੱਤਰ-ਪੂਰਬੀ ਸੂਬਿਆਂ ਮਿਜ਼ੋਰਮ, ਮਨੀਪੁਰ, ਨਾਗਾਲੈਂਡ ਤੋਂ ਲੈ ਕੇ ਅਰੁਨਾਚਲ ਪ੍ਰਦੇਸ਼ ਤੱਕ ਹੈ ਜਿੱਥੇ ਉਲਫ਼ਾ ਵਰਗੇ ਹਥਿਆਰਬੰਦ ਗਰੁੱਪ ਅਜੇ ਵੀ ਸਰਗਰਮ ਹਨ। ਮਿਆਂਮਾਰ ‘ਚ ਜੋ ਕੁਝ ਵੀ ਵਾਪਰ ਰਿਹਾ ਹੈ, ਭਾਰਤ ਨੂੰ ਉਸ ਬਾਰੇ ਚੌਕਸੀ ਰੱਖਣੀ ਪਵੇਗੀ ਕਿਉਂਕਿ ਸਰਹੱਦੋਂ ਆਰ-ਪਾਰ ਦੇ ਵੱਖਵਾਦੀ ਗਰੁੱਪ ਆਪਸ ‘ਚ ਕੋਈ ਸਾਂਝੀ ਰਣਨੀਤੀ ਵੀ ਉਲੀਕ ਸਕਦੇ ਹਨ। ਮਿਆਂਮਾਰ ਨੂੰ ਰੋਹਿੰਗਿਆ ਦੇ ਮੁੱਦੇ ਤੋਂ ਕਿਤੇ ਵੱਧ ਗੰਭੀਰ ਚੁਣੌਤੀਆਂ 26 ਹਥਿਆਰਬੰਦ ਬਾਗ਼ੀ ਗਰੁੱਪਾਂ ਤੋਂ ਹਨ। ਇਨ੍ਹਾਂ ਵਿੱਚੋਂ ਸਿਰਫ਼ 17 ਗਰੁੱਪ ਹੀ ਗੋਲ਼ੀਬੰਦੀ ਲਈ ਸਹਿਮਤ ਹੋਏ ਹਨ, ਬਾਕੀ ਗਰੁੱਪ ਅਜੇ ਵੀ ਹਿੰਸਕ ਕਾਰਵਾਈਆਂ ‘ਤੇ ਉਤਾਰੂ ਹਨ ਅਤੇ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਅਗਸਤ 2016 ਵਿੱਚ ਆਂਗ ਸਾਨ ਸੂ ਕੀ ਨੇ ਇਨ੍ਹਾਂ ਗਰੁੱਪਾਂ ਨਾਲ ਗੱਲਬਾਤ ਸ਼ੁਰੂ ਕੀਤੀ ਸੀ। ਉਨ੍ਹਾਂ ਨਾਲ ਭਾਵੇਂ ਦੋ ਗੇੜਾਂ ਦੀ ਗੱਲਬਾਤ ਹੋ ਚੁੱਕੀ ਹੈ ਪਰ ਅਜੇ ਤੱਕ ਇਸ ਦਿਸ਼ਾ ‘ਚ ਕੋਈ ਪ੍ਰਗਤੀ ਨਹੀਂ ਹੋਈ। ਤੀਜਾ ਗੇੜ ਕਾਰਜ-ਵਿਧੀ ਨਾਲ ਜੁੜੇ ਕੁਝ ਮਾਮਲਿਆਂ ਕਾਰਨ ਅਧਵਾਟੇ ਲਟਕਿਆ ਹੋਇਆ ਹੈ। ਸ਼ਾਂਤੀ ਵਾਰਤਾ ਬਾਰੇ ਚੁਣੀ ਹੋਈ ਸਰਕਾਰ ਅਤੇ ਸ਼ਕਤੀਸ਼ਾਲੀ ਫ਼ੌਜ ਵਿਚਕਾਰ ਵੀ ਗੰਭੀਰ ਮੱਤਭੇਦ ਹਨ।

ਇਸ ਰੇੜਕੇ ਵਿੱਚ (ਖ਼ਾਸ ਕਰ ਕੇ ਭਾਰਤ ਨਾਲ ਲਗਦੇ ਸਰਹੱਦੀ ਇਲਾਕਿਆਂ ਵਿਚ) ਨਾਲ ਚੀਨ ਦੀ ਬਹੁਤ ਜ਼ਿਆਦਾ ਸਰਗਰਮ ਭੂਮਿਕਾ ਹੈ। ਮਿਆਂਮਾਰ ‘ਚ ਕਾਚਿਨ ਲਿਬਰੇਸ਼ਨ ਆਰਮੀ, ਤਾਂਗ ਨੈਸ਼ਨਲ ਲਿਬਰੇਸ਼ਨ ਆਰਮੀ, ਕੋਕਾਂਗ ਅਲਾਇੰਸ ਆਰਮੀ ਅਤੇ ਤਾਕਤਵਰ ਯੂਨਾਇਟਡ ਵਾ ਸਟੇਟ ਆਰਮੀ ਜਿਹੇ ਹਥਿਆਰਬੰਦ ਗਰੁੱਪਾਂ ਨਾਲ ਸ਼ਾਂਤੀ ਵਾਰਤਾ ਵਿਚ ਮੁੱਖ ਵਿਚੋਲੇ ਦੀ ਭੂਮਿਕਾ ਏਸ਼ਿਆਈ ਮਾਮਲਿਆਂ ਬਾਰੇ ਚੀਨ ਦੇ ਵਿਸ਼ੇਸ਼ ਦੂਤ ਸੂਨ ਗੁਓਸਿਆਂਗ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਗਰੁੱਪਾਂ ਦੇ ਚੀਨ ਦੇ ਯੁਨਆਨ ਸੂਬੇ ‘ਚ ਗੁਪਤ ਤੇ ਸੁਰੱਖਿਅਤ ਟਿਕਾਣੇ ਹਨ। ਵਿਸ਼ੇਸ਼ ਦੂਤ ਸੂਨ, ਮਿਆਂਮਾਰ ਅਤੇ ਯੁਨਆਨ ਸੂਬੇ ਦੀ ਰਾਜਧਾਨੀ ਖੁਨਮਿੰਗ ਵਿਚਾਲੇ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਉਹ ਇਨ੍ਹਾਂ ਹਥਿਆਰਬੰਦ ਗਰੁੱਪਾਂ ਨੂੰ ਮਿਲਦੇ ਹਨ। ਯੂਨਾਈਟਡ ਵਾ ਸਟੇਟ ਆਰਮੀ ਨੂੰ ਚੀਨ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਅਥਾਹ ਸ਼ਕਤੀਆਂ ਹਾਸਲ ਹੋਈਆਂ ਹਨ ਤੇ ਉਨ੍ਹਾਂ ਨੂੰ ਬਖ਼ਤਰਬੰਦ ਗੱਡੀਆਂ, ਏਕੇ-47 ਰਾਈਫ਼ਲਾਂ ਅਤੇ ਜ਼ਮੀਨ ਤੋਂ ਹਵਾ ਤੱਕ ਮਾਰ ਕਰਨ ਦੀ ਸਮਰੱਥਾ ਵਾਲੇ ਮਾਰੂ ਹਥਿਆਰ ਰੱਖਣ ਤੱਕ ਦੀ ਵੀ ਇਜਾਜ਼ਤ ਹੈ। ਇਹ ਗਰੁੱਪ ਮਿਆਂਮਾਰ ਵਿੱਚ ਨਸ਼ਿਆਂ ਦੀ ਸਮੱਗਲਿੰਗ ਅਤੇ ਗ਼ੈਰ-ਕਾਨੂੰਨੀ ਖਣਨ ਤੋਂ ਮੋਟੀ ਕਮਾਈ ਕਰਦੇ ਹਨ।

ਮਿਆਂਮਾਰ ਵਿੱਚ ਹਥਿਆਰਬੰਦ ਗਰੁੱਪਾਂ ਨਾਲ ਚੀਨੀ ਸ਼ਮੂਲੀਅਤ ਤਾਂ ਦਿਖਾਈ ਦਿੰਦੀ ਹੀ ਹੈ, ਇਨ੍ਹਾਂ ਗਰੁੱਪਾਂ ਦੇ ਉਲਫ਼ਾ ਜਿਹੇ ਭਾਰਤੀ ਵੱਖਵਾਦੀ ਗਰੁੱਪਾਂ ਨਾਲ ਵੀ ਨੇੜਲੇ ਸਬੰਧ ਹਨ। ਹੋਰ ਤਾਂ ਹੋਰ, ਮਿਆਂਮਾਰ ਦੇ ਬਾਗ਼ੀ ਗਰੁੱਪਾਂ ਨੇ ਭਾਰਤ ਦੇ ਉੱਤਰ-ਪੂਰਬੀ ਸੂਬਿਆਂ ਵਿੱਚ ਵੀ ‘ਯੂਨਾਈਟਡ ਨੈਸ਼ਨਲ ਲਿਬਰੇਸ਼ਨ ਫ਼ਰੰਟ ਆਫ਼ ਵੈਸਟਰਨ ਸਾਊਥ-ਈਸਟ ਏਸ਼ੀਆ’ ਵਰਗੇ ਆਪਣੇ ਸਰਗਰਮ ਗੁੱਟ ਬਣਾ ਲਏ ਹਨ। ਇਸ ਫ਼ਰੰਟ ਦੇ ਮੈਂਬਰਾਂ ‘ਚ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਖਪਲਾਂਗ), ਉਲਫ਼ਾ, ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਅਤੇ ਨੈਸ਼ਨਲ ਡੈਮੋਕ੍ਰੇਟਿਕ ਫ਼ਰੰਟ ਆਫ਼ ਬੋਡੋਲੈਂਡ ਜਿਹੇ ਭਾਰਤੀ ਗਰੁੱਪ ਵੀ ਸ਼ਾਮਲ ਹਨ। ਇਨ੍ਹਾਂ ਹੀ ਗਰੁੱਪਾਂ ਨੇ ਮਨੀਪੁਰ ਵਿੱਚ ਘਾਤ ਲਾ ਕੇ ਕੀਤੇ ਹਮਲੇ ਵਿੱਚ 18 ਭਾਰਤੀ ਫ਼ੌਜੀ ਮਾਰ ਦਿੱਤੇ ਸਨ। ਇਨ੍ਹਾਂ ਗਰੁੱਪਾਂ ਦੇ ਕਾਚਿਨ ਲਿਬਰੇਸ਼ਨ ਆਰਮੀ ਜਿਹੇ ਚੀਨੀ ਹਮਾਇਤ ਪ੍ਰਾਪਤ ਗਰੁੱਪਾਂ ਨਾਲ ਸਬੰਧ ਹਨ ਅਤੇ ਉਹ ਮਿਆਂਮਾਰ-ਚੀਨ ਸਰਹੱਦ ‘ਤੇ ਰੁਇਲੀ ਕਸਬੇ ਅਤੇ ਯੁਨਆਨ ਸੂਬੇ ਦੀ ਰਾਜਧਾਨੀ ਖੁਨਮਿੰਗ ਵਿੱਚ ਆਮ ਹੀ ਆਉਂਦੇ-ਜਾਂਦੇ ਰਹਿੰਦੇ ਹਨ। ਨਵੀਂ ਦਿੱਲੀ ਨੂੰ ਮਿਆਂਮਾਰ ਦੀ ਸਰਕਾਰ ਨੂੰ ਲਗਾਤਾਰ ਭਾਰਤ ਦੇ ਬਾਗ਼ੀ ਗਰੁੱਪਾਂ ਅਤੇ ਮਿਆਂਮਾਰ ਵਿੱਚ ਮੌਜੂਦ ਉਨ੍ਹਾਂ ਦੇ ਹਮਾਇਤੀਆਂ ਖ਼ਿਲਾਫ਼ ਕਾਰਵਾਈ ਲਈ ਕਹਿੰਦੇ ਰਹਿਣਾ ਚਾਹੀਦਾ ਹੈ। ਪਹਿਲਾਂ ਕਈ ਵਾਰ ਭਾਰਤ ਅਤੇ ਮਿਆਂਮਾਰ ਦੀਆਂ ਫ਼ੌਜਾਂ ਨੇ ਅਜਿਹੇ ਬਾਗ਼ੀ ਗਰੁੱਪਾਂ ਖ਼ਿਲਾਫ਼ ਸਾਂਝੀਆਂ ਕਾਰਵਾਈਆਂ ਕੀਤੀਆਂ ਹਨ। ਨਵੀਂ ਦਿੱਲੀ ਦੇ ਵਾਰਤਾਕਾਰ ਆਰਐੱਨ ਰਵੀ ਨੂੰ ਇਸ ਮਾਮਲੇ ‘ਚ ਹੋਰ ਪ੍ਰਗਤੀ ਲਿਆਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਆਈਐੱਮ) ਨੂੰ ਕੌਮੀ ਮੁੱਖਧਾਰਾ ਵਿੱਚ ਲਿਆਉਣ ਦੀ ਗੱਲਬਾਤ ਨੂੰ ਕੋਈ ਅੰਤਿਮ ਰੂਪ ਦੇਣਾ ਚਾਹੀਦਾ ਹੈ। ਇੰਜ ਇਸ ਗੁੱਟ ਦੇ ਉੱਚ ਪੱਧਰੀ ਕਾਡਰਾਂ ਦੇ ਹੋਰ ਵੱਖਵਾਦੀ ਗਰੁੱਪਾਂ ਨਾਲ ਤਾਲਮੇਲ ਕਾਇਮ ਹੋਣ ਦੀ ਸੰਭਾਵਨਾ ਤੋਂ ਬਚਾਅ ਰਹੇਗਾ।

ਚੀਨ ਨੇ 6 ਅਰਬ ਡਾਲਰ ਦੇ 6000 ਮੈਗਾਵਾਟ ਸਮਰੱਥਾ ਵਾਲੇ ਮਾਇਟਸੋਨ ਬੰਨ੍ਹ ਵਰਗੇ ਪ੍ਰਾਜੈਕਟਾਂ, ਜੋ ਮਿਆਂਮਾਰ ਦੀ ਧਰਤੀ ‘ਤੇ ਚੱਲ ਰਹੇ ਹਨ, ਨੂੰ ਲੈ ਕੇ ਮਿਆਂਮਾਰ ‘ਤੇ ਲਗਾਤਾਰ ਦਬਾਅ ਬਣਾਇਆ ਹੈ ਅਤੇ ਇਸ ਕਾਰਨ ਮਿਆਂਮਾਰ ਦੀ ਜਨਤਾ ਇਸ ਦਾ ਜ਼ੋਰਦਾਰ ਵਿਰੋਧ ਵੀ ਕਰ ਰਹੀ ਹੈ। ਹੰਬਨਟੋਟਾ ਬੰਦਰਗਾਹ ਦੇ ਮਾਮਲੇ ਵਿੱਚ ਵੀ ਚੀਨ ਨੇ ਸ੍ਰੀ ਲੰਕਾ ‘ਤੇ ਆਪਣਾ ਦਬਾਅ ਬਣਾਇਆ ਸੀ। ਚੀਨ ਇਸ ਵੇਲੇ ਮਿਆਂਮਾਰ ਦੇ ਯੁਨਆਨ ਸੂਬੇ ‘ਚ ਵੱਡੇ ਊਰਜਾ, ਉਦਯੋਗ ਤੇ ਟਰਾਂਸਪੋਰਟ ਲਾਂਘੇ ਉਸਾਰਨ ‘ਚ ਲੱਗਿਆ ਹੋਇਆ ਹੈ। ਇਹ ਬੰਗਾਲ ਦੀ ਖਾੜੀ ਵਿੱਚ ਕਿਆਊਕਪਿਊ ਵਿੱਚ 7.3 ਅਰਬ ਡਾਲਰ ਦੀ ਲਾਗਤ ਨਾਲ ਡੂੰਘੇ ਸਮੁੰਦਰ ‘ਚ ਬੰਦਰਗਾਹ ਅਤੇ ਵਿਸ਼ੇਸ਼ ਆਰਥਿਕ ਜ਼ੋਨ ਵਿੱਚ 2.7 ਅਰਬ ਡਾਲਰ ਦੀ ਲਾਗਤ ਨਾਲ ਉਦਯੋਗਿਕ ਪਾਰਕ ਉਸਾਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਬੰਦਰਗਾਹ ਕਿਆਊਪਿਊ ਤੋਂ ਲੈ ਕੇ ਖੁਨਮਿੰਗ ਤੱਕ ਤੇਲ ਪਾਈਪਲਾਈਨ ਤੇ ਇੱਕ ਹੋਰ ਸਮਾਨਾਂਤਰ ਗੈਸ ਪਾਈਪਲਾਈਨ ਦਾ ਟਰਮੀਨਲ ਵੀ ਹੋਵੇਗੀ। ਇਨ੍ਹਾਂ ਪ੍ਰਾਜੈਕਟਾਂ ਰਾਹੀਂ ਮਲਾਕਾ ਜਲ-ਡਮਰੂ ਦੀ ਕੋਈ ਜ਼ਰੂਰਤ ਹੀ ਨਹੀਂ ਰਹਿ ਜਾਵੇਗੀ ਅਤੇ ਬਿਨਾਂ ਕਿਸੇ ਸਮੁੰਦਰੀ ਪਹੁੰਚ ਵਾਲੇ ਯੁਨਆਨ ਸੂਬੇ ਤੱਕ ਤੇਲ ਤੇ ਗੈਸ ਦੀ ਸਪਲਾਈ ਆਸਾਨੀ ਨਾਲ ਹੋ **ਬਾਕੀ ਸਫ਼ਾ 26 ’ਤੇ**



# ਕੈਨੇਡਾ ਤੇ ਭਾਰਤ ਵਿਚ ਡਰੱਗ ਸਪਲਾਈ ਕਰਨ ਵਾਲੇ 4 ਤਸਕਰ ਗ੍ਰਿਫ਼ਤਾਰ

## • ਭਾਂਡਿਆਂ 'ਚ ਡਰੱਗ ਭਰ ਕੇ ਕੈਨੇਡਾ 'ਚ ਭੇਜਦੇ ਸਨ • ਪੰਗੇਬਾਜ਼ ਪੱਤਰਕਾਰ ਬਲਤੇਜ ਪੰਨੂ ਨੇ ਭਾਂਡਿਆਂ ਨੂੰ 'ਲੰਗਰ ਦੇ ਭਾਂਡੇ' ਦੱਸਿਆ

**ਜਲੰਧਰ/ਬਿਊਰੋ ਨਿਊਜ਼ :**
ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਕੈਨੇਡੀਅਨ ਤਸਕਰ ਸਣੇ 4 ਅਜਿਹੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕੋਰੀਅਰ ਦੇ ਜ਼ਰੀਏ ਕੈਨੇਡਾ ਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਡਰੱਗ ਸਪਲਾਈ ਕਰਦੇ ਸਨ। ਇਨ੍ਹਾਂ ਵਿਅਕਤੀਆਂ ਕੋਲੋਂ 4 ਕਿੱਲੋ 750 ਗ੍ਰਾਮ ਕੇਟਾਮਾਈਨ ਤੇ 6 ਕਿੱਲੋ ਅਫ਼ੀਮ ਬਰਾਮਦ ਹੋਈ ਹੈ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਹਿਚਾਣ ਦਵਿੰਦਰ ਨਿਰਵਾਲ ਉਰਫ਼ ਦੇਵ (68) ਗੰਗਾਨਗਰ ਹਾਲ ਵਾਸੀ ਗੁਰਬਖ਼ਸ਼ ਸਿੰਘ ਨਗਰ, ਖੰਨਾ, ਗੁਰਬਖਸ਼ ਸਿੰਘ (50) ਪਿੰਡ ਕਾਠੇ, ਬੁਲ੍ਹੋਵਾਲ ਹੁਸ਼ਿਆਰਪੁਰ, ਅਜੀਤ ਸਿੰਘ (45) ਤੇ ਤਰਲੋਚਨ ਸਿੰਘ (42) ਪਿੰਡ ਜੈਤੇਵਾਲੀ, ਪਤਾਰਾ ਜਲੰਧਰ ਵਜੋਂ ਹੋਈ ਹੈ। ਏ.ਆਈ.ਜੀ. ਕਾਊਂਟਰ ਇੰਟੈਲੀਜੈਂਸ ਐੱਚ.ਪੀ.ਐੱਸ. ਖੱਖ ਨੂੰ ਟੋਰਾਂਟੋ ਕੈਨੇਡਾ ਵਿਚ ਰਹਿ ਰਹੇ ਕਮਲਜੀਤ ਸਿੰਘ ਚੌਹਾਨ ਬਾਰੇ ਜਾਣਕਾਰੀ ਮਿਲੀ ਸੀ ਕਿ ਉਹ ਆਪਣੇ ਸਾਥੀ ਦਵਿੰਦਰ ਦੇਵ ਦੇ ਜ਼ਰੀਏ ਭਾਰਤ ਤੋਂ ਨਸ਼ੀਲੇ ਪਦਾਰਥ ਮੰਗਵਾਉਂਦਾ ਹੈ। ਦੇਵ ਦੀ ਭਾਲ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੀਆਂ ਟੀਮਾਂ ਵੀ ਲੱਗੀਆਂ ਹੋਈਆਂ ਸਨ। ਏ.ਆਈ. ਜੀ. ਐੱਚ.ਪੀ.ਐੱਸ. ਖੱਖ ਦੀ ਨਿਗਰਾਨੀ ਹੇਠ ਕਾਊਂਟਰ ਇੰਟੈਲੀਜੈਂਸ ਦੀ ਟੀਮ, ਜਲੰਧਰ ਦਿਹਾਤੀ ਦੇ ਸੀ.ਆਈ.ਏ. ਸਟਾਫ਼ ਦੀਆਂ ਟੀਮਾਂ ਨੇ ਜੰਡੂਸਿੰਘਾ ਦੇ ਹਰੀਪੁਰ ਟੀ ਪੁਆਇੰਟ ਨੇੜੇ ਕਾਰਵਾਈ ਕਰਦੇ ਹੋਏ 2 ਕਾਰਾਂ ਵਿਚ 7 ਵੱਡੀਆਂ ਕੜਾਹੀਆਂ ਲੈ ਕੇ ਜਾਂਦੇ ਦੇਵ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਕੜਾਹੀਆਂ ਨੂੰ ਦੇਵ ਨੇ ਮਲੇਰਕੋਟਲਾ ਤੋਂ ਵਿਸ਼ੇਸ਼ ਆਰਡਰ 'ਤੇ ਤਿਆਰ ਕਰਵਾਇਆ ਹੈ। ਇਨ੍ਹਾਂ ਕੜਾਹੀਆਂ ਦੀ ਖ਼ਾਸੀਅਤ ਇਹ ਸੀ ਕਿ ਇਕ ਕੜਾਹੀ ਅੰਦਰ ਦੂਸਰੀ ਕੜਾਹੀ ਨੂੰ ਇਸ ਢੰਗ ਨਾਲ ਫਿੱਟ ਕੀਤਾ ਗਿਆ ਸੀ ਕਿ ਬਾਹਰੋਂ ਦੇਖਣ ਵਿਚ ਇਹ ਇਕ ਕੜਾਹੀ ਹੀ ਲਗਦੀ ਸੀ। ਇਨ੍ਹਾਂ ਦੋਹਾਂ ਕੜਾਹੀਆਂ ਦੇ ਵਿਚਕਾਰ ਨਸ਼ੀਲੇ ਪਦਾਰਥ ਰੱਖੇ ਗਏ ਸਨ। ਇਨ੍ਹਾਂ ਕੜਾਹੀਆਂ ਨੂੰ ਕੋਰੀਅਰ ਜ਼ਰੀਏ ਕੈਨੇਡਾ ਭੇਜਿਆ ਜਾਂਦਾ ਸੀ।

ਏ.ਆਈ.ਜੀ. ਖੱਖ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਪਿਛਲੇ ਸਾਲ ਸਰਦ ਰੁੱਤ ਵਿਚ ਕਮਲਜੀਤ ਸਿੰਘ ਚੌਹਾਨ ਭਾਰਤ ਆਇਆ ਸੀ। ਉਸ ਵਕਤ ਕਮਲਜੀਤ ਨੇ ਦੇਵ ਨਾਲ ਮਿਲ ਕੇ ਕੈਨੇਡਾ ਵਿਚ ਨਸ਼ਾ ਤਸਕਰੀ ਕਰਕੇ ਭੇਜਣ ਦੀ ਸਾਜ਼ਿਸ਼ ਰਚੀ ਸੀ। ਇਸ ਸਾਜ਼ਿਸ਼ ਵਿਚ ਇਨ੍ਹਾਂ ਨੇ ਅਜੀਤ ਸਿੰਘ ਨੂੰ ਵੀ ਸ਼ਾਮਲ ਕਰ ਲਿਆ। ਬਾਅਦ ਵਿਚ ਅਜੀਤ ਸਿੰਘ ਨੇ ਆਪਣੇ ਟਰੱਕ ਡਰਾਈਵਰ ਭਰਾ



ਤਰਲੋਚਨ ਸਿੰਘ ਤੇ ਮਾਮੇ ਦੇ ਲੜਕੇ ਗੁਰਬਖ਼ਸ਼ ਸਿੰਘ ਨੂੰ ਵੀ ਸ਼ਾਮਲ ਕਰ ਲਿਆ। ਨਸ਼ੀਲੇ ਪਦਾਰਥ ਕੋਰੀਅਰ ਕਰਨ ਲਈ ਗੁਰਬਖ਼ਸ਼ ਸਿੰਘ ਦਾ ਨਕਲੀ ਪਹਿਚਾਣ ਪੱਤਰ ਤਿਆਰ ਕੀਤਾ ਗਿਆ ਸੀ, ਜਿਸ ਜ਼ਰੀਏ ਇਹ ਸਾਮਾਨ ਕੋਰੀਅਰ ਕਰਦੇ ਸਨ। ਦੇਵ ਤੇ ਅਜੀਤ ਕੇਟਾਮਾਈਨ ਤੇ ਅਫ਼ੀਮ ਦਾ ਪ੍ਰਬੰਧ ਕਰਦੇ ਸਨ।

**ਪਹਿਲਾਂ ਵੀ ਭੇਜੀਆਂ ਸਨ ਅਫ਼ੀਮ ਦੀਆਂ ਖੇਪਾਂ** : ਤਫ਼ਤੀਸ਼ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਇਸ ਗਰੋਹ ਨੇ ਪਹਿਲਾਂ 2 ਵਾਰ ਇਸੇ ਢੰਗ ਨਾਲ ਕੈਨੇਡਾ ਵਿਚ ਅਫ਼ੀਮ ਭੇਜੀ ਹੈ। ਇਕ ਵਾਰ ਇਨ੍ਹਾਂ ਨੇ 6 ਕਿੱਲੋ ਤੇ ਦੂਸਰੀ ਵਾਰ 14 ਕਿੱਲੋ ਅਫ਼ੀਮ ਦੀ ਸਪਲਾਈ ਕੀਤੀ ਹੈ। ਇਸ ਦੀ ਸਪਲਾਈ ਲੈਣ ਤੋਂ ਬਾਅਦ ਕਮਲਜੀਤ ਨੇ ਕੇਟਾਮਾਈਨ ਸਪਲਾਈ ਕਰਨ ਦੀ ਮੰਗ ਕੀਤੀ ਸੀ। ਇਹ ਮੰਗ ਪੂਰੀ ਕਰਨ ਲਈ ਅਜੀਤ ਨੇ ਮਲੇਰਕੋਟਲਾ ਤੋਂ 14 ਕੜਾਹੀਆਂ ਆਰਡਰ 'ਤੇ ਤਿਆਰ ਕਰਵਾਈਆਂ। ਅਜੀਤ ਆਪ ਵੈਲਡਿੰਗ ਦਾ ਕੰਮ ਜਾਣਦਾ ਹੋਣ ਕਰਕੇ ਉਸ ਨੇ ਇਨ੍ਹਾਂ 2-2 ਕੜਾਹੀਆਂ ਨੂੰ ਜੋੜ ਕੇ ਇਸ ਢੰਗ ਨਾਲ ਤਿਆਰ ਕੀਤਾ ਕਿ ਦੇਖਣ ਵਿਚ ਇਹ 7 ਕੜਾਹੀਆਂ ਲੱਗ ਰਹੀਆਂ ਸਨ। ਇਨ੍ਹਾਂ ਵਿਚ ਲੁਕਾਉਣ ਲਈ ਉੱਤਰ ਪ੍ਰਦੇਸ਼ ਦੇ ਰਾਮਪੁਰ ਤੇ ਮੱਧ ਪ੍ਰਦੇਸ਼ ਤੋਂ ਕੇਟਾਮਾਈਨ ਮੰਗਵਾਈ ਗਈ।

**ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਤਿਆਰ ਕੀਤਾ ਵਪਾਰਕ ਪਲਾਜ਼ਾ** : ਏ.ਆਈ.ਜੀ. ਖੱਖ ਨੇ ਜਾਣਕਾਰੀ ਦਿੱਤੀ ਕਿ ਗ੍ਰਿਫ਼ਤਾਰ ਕੀਤੇ 4 ਵਿਅਕਤੀਆਂ ਤੋਂ ਇਲਾਵਾ ਕਮਲਜੀਤ ਸਿੰਘ ਚੌਹਾਨ ਖ਼ਿਲਾਫ਼ ਵੀ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਦੇਵ ਨੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਤੋਂ ਹੋਈ ਕਮਾਈ ਨਾਲ ਜੈਪੁਰ ਵਿਚ ਕਰੀਬ 6 ਹਜ਼ਾਰ ਵਰਗ ਫੁੱਟ ਦਾ ਇਕ ਵਪਾਰਕ ਪਲਾਜ਼ਾ ਤੇ ਹੋਰ ਜਾਇਦਾਦ ਬਣਾਈ ਹੈ। ਦੇਵ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿਚ ਪਟਿਆਲਾ ਪੁਲਿਸ ਨੇ ਸਾਲ 2011 ਵਿਚ ਗ੍ਰਿਫ਼ਤਾਰ ਕੀਤਾ ਸੀ। ਦੇਵ ਗੁਜਰਾਤ ਕਾਂਡਲਾ ਬੰਦਰਗਾਹ ਤੋਂ ਕੰਟੇਨਰਾਂ ਜ਼ਰੀਏ ਕਰੀਬ 5 ਕੁਇੰਟਲ ਕੇਟਾਮਾਈਨ ਦੀ ਕੈਨੇਡਾ ਲਈ ਤਸਕਰੀ ਕਰ ਚੁੱਕਾ ਹੈ। ਅਜੀਤ ਸਿੰਘ ਵੀ ਪਹਿਲਾਂ ਹੈਰੋਇਨ ਦੀ ਤਸਕਰੀ ਕਰਦਾ ਰਿਹਾ ਹੈ, ਜੋ ਸਤੰਬਰ 2017 ਵਿਚ ਜੇਲ੍ਹ ਵਿਚ ਬੰਦ ਸੀ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਦੇਵ ਦੇ ਨਾਲ ਮਿਲ ਕੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋ ਗਿਆ।

**ਪੱਤਰਕਾਰ ਬਲਤੇਜ ਪੰਨੂੰ ਦੀ ਝੂਠੀ ਖਬਰ** : ਆਪਣੀ ਸ਼ੋਸ਼ਲ ਮੀਡੀਆ ਦੀ ਪੋਸਟ ਤੇ ਪੱਤਰਕਾਰ ਬਲਤੇਜ ਪੰਨੂ ਆਖਦਾ ਹੈ ਕਿ ਲੰਗਰ ਦੇ ਭਾਂਡਿਆਂ ਦੀ ਆੜ ਵਿੱਚ ਟਰਾਂਟੋ (ਕੈਨੇਡਾ) ਜਾਂਦੀ ਡਰੱਗ ਦਾ ਖੁਲਾਸਾ ਹੋ ਰਿਹਾ ਹੈ, ਇਹ ਲੰਗਰ ਦੇ ਭਾਂਡੇ ਦੋ ਮੋਟੀਆਂ ਪਰਤਾਂ ਬਣਾ ਕੇ ਵਿਚਾਲੇ ਡਰੱਗ ਭਰੀ ਜਾਂਦੀ ਸੀ। ਟਰਾਂਟੋ ਦੇ ਖੇਤਰ ਵਿੱਚ ਰਹਿੰਦੇ ਕਮਲਜੀਤ ਸਿੰਘ ਚੌਹਾਨ ਜੋ ਕਿ ਜਲੰਧਰ ਦੇ ਪਿੰਡ ਨਗਰ ਦਾ ਰਹਿਣ ਵਾਲਾ ਦੱਸਿਆ ਹੈ ਇਸ ਦਾ ਮੁੱਖ ਸੂਤਰਧਾਰ ਹੈ ਜਦੋਂ ਕਿ ਏਥੋਂ ਭੇਜਣ ਵਾਲਾ ਵੀ ਕਿਸੇ ਸਮੇਂ ਕੈਨੇਡਾ ਦਾ ਨਾਗਰਿਕ ਰਿਹਾ ਦਵਿੰਦਰ ਦੇਵ ਹੈ। ਬਾਕੀ ਵਿਸਥਾਰਤ ਵੇਰਵਿਆਂ ਦੀ ਉਡੀਕ ਹੈ।

ਉਧਰ ਕਾਊਂਟਰ ਇੰਟੈਲੀਜੈਂਸ ਦੇ ਏਆਈਜੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਦਵਿੰਦਰ ਸਿੰਘ ਦੇਵ ਸਿਰਫ ਕੈਨੇਡਾ ਹੀ ਤਸਕਰੀ ਨਹੀਂ ਸੀ ਕਰਦਾ, ਇਸ ਦੇ ਨਾਲ ਹਿੰਦੁਸਤਾਨ ਦੇ ਕਈ ਹਿੱਸਿਆਂ ਤੱਕ ਨਸ਼ਾ ਪਹੁੰਚਾਉਂਦਾ ਸੀ। ਕੈਟਾਮਾਈਨ 14 ਵੱਡੀਆਂ ਕੜਾਹੀਆਂ ਵਿੱਚ ਪੈਕ ਕਰਕੇ ਕੈਨੇਡਾ ਪਹੁੰਚਾਇਆ ਜਾਣਾ ਸੀ। ਸਵਾਲ ਪੈਦਾ ਹੁੰਦਾ ਹੈ ਕਿ ਇਸ ਵਿਚ ਲੰਗਰ ਦੇ ਭਾਂਡੇ ਕਿੱਥੋਂ ਆ ਗਏ। ਕੀ ਇਹ ਭਾਂਡੇ ਹੋਟਲਾਂ, ਘਰਾਂ ਵਿਚ ਨਹੀਂ ਵਰਤੇ ਜਾਂਦੇ ? ਕੀ ਇਹਨਾਂ ਨੇ ਸਿੱਖ ਪੰਥ ਨੂੰ ਭਗਵੇਂਵਾਦੀਆਂ ਦੇ ਇਸ਼ਾਰੇ ਤੇ ਬਦਨਾਮ ਕਰਨ ਦਾ ਠੇਕਾ ਲਿਆ ਹੈ ? ਬਿਨਾਂ ਸ਼ੱਕ ਅੱਜ ਦੇ ਮਾਰਕਸੀ ਸਾਹਿਤਕਾਰ ਤੇ ਬਲਤੇਜ ਪੰਨੂ ਵਰਗੇ ਪੱਤਰਕਾਰ ਗਿਆਨ ਦੇ ਆਧੁਨਿਕ ਸਿਧਾਂਤਾਂ ਤੋਂ ਵੱਧ ਜਾਣੂ ਹਨ ਪਰ ਪਿਛਲੇ ਇਕ ਦਹਾਕੇ ਤੋਂ ਕਈ ਪਾਸਿਆਂ ਤੋਂ ਇਹਨਾਂ ਦੇ ਗਿਆਨ ਦਾ ਪਰਦਾਫਾਸ਼ ਹੋ ਚੁੱਕਾ ਹੈ। ਇਹਨਾਂ ਦਾ ਨਿਸ਼ਾਨਾ ਹਮੇਸਾ ਸਿੱਖ ਪੰਥ ਰਿਹਾ ਹੈ ਪਰ ਹੁਣ ਸਿੱਖ ਬੌਧਿਕ ਪੱਧਰ 'ਤੇ ਜਾਗ ਚੁਕੇ ਹਨ। ਹੁਣ ਇਨ੍ਹਾਂ ਅਖੌਤੀ ਕਾਮਰੇਡਾਂ ਦੀ ਭਗਵੀਂ ਬੌਧਿਕਤਾ ਤੇ ਗਿਆਨ ਦਾ ਨਵੇਂ ਮੁਹਾਵਰੇ ਵਿਚ ਮੁਕਾਬਲਾ ਕਰਨ ਦੀ ਜਾਚ ਸਿੱਖਾਂ ਕੋਲ ਵੀ ਆ ਗਈ ਹੈ। ਇਸ ਲਈ ਹੁਣ ਉਹ ਆਪਣੇ ਝੂਠ ਤੇ ਸਿੱਖਾਂ ਵਿਰੁਧ ਤੋਲੇ ਜਾਂਦੇ ਕੁਫਰ ਨੂੰ ਰਫੂ ਲਗਾ ਲਿਆ ਕਰਨ ਤਾਂ ਜੋ ਉਹਨਾਂ ਦੀ ਪੁਜੀਸ਼ਨ ਹਾਸੋਹੀਣੀ ਨਾ ਹੋਵੇ।

**ਸ਼ੋਸ਼ਲ ਮੀਡੀਆ 'ਤੇ ਆਈਆਂ ਟਿੱਪਣੀਆਂ** : ਦਲਜੀਤ ਸਿੰਘ ਦਾ ਕਹਿਣਾ ਹੈ ਕਿ ਬਲਤੇਜ ਪੰਨੂੰ ਦੀਆਂ ਜਿਆਦਾਤਰ ਖਬਰਾਂ ਸਿੱਖ ਵਿਰੋਧੀ ਹੀ ਹਨ। ਇਹ ਸਾਰੇ ਪੱਤਰਕਾਰ ਸਿੱਖ ਵਿਰੋਧੀ ਖਬਰਾਂ ਮਸਾਲੇ ਲਾ ਲਾ ਕੇ ਛਾਪਦੇ ਹਨ। ਇਨ੍ਹਾਂ ਦਾ ਕੰਮ ਸਿੱਖਾਂ ਨੂੰ ਬਦਨਾਮ ਕਰਨਾ ਹੈ।

ਜਗਤਾਰ ਸਿੰਘ ਜੰਡੂਕੇ ਦਾ ਕਹਿਣਾ ਹੈ ਕਿ ਜੋ ਬੁਰਿਆਈ ਹੈ ਉਹ ਲਿਖਣੀ ਚਾਹੀਦੀ ਹੈ। ਇਹੀ ਪੱਤਰਕਾਰੀ ਹੈ। ਪਰ ਜੋ ਹੈ ਹੀ ਨਹੀਂ ਉਹ ਕਾਹਦੀ ਪੱਤਰਕਾਰੀ ਆ ? ਬਲਤੇਜ ਪੰਨੂ ਇਹੀ ਭੁੱਲ ਕਰ ਰਿਹਾ ਹੈ। ਮਾਸਟਰ ਬਾਠ ਦਾ ਕਹਿਣਾ ਹੈ ਕਿ ਪੁਲਿਸ ਜੋ ਕਹਿ ਰਹੀ ਹੈ ਉਸਨੂੰ ਸੱਚ ਮੰਨਿਆ ਜਾਵੇ ਜਾਂ ਪੰਨੂ ਨੂੰ, ਜਿਹੜਾ ਬੇ ਸਿਰ ਪੈਰ ਹੀ ਕਹਾਣੀ ਘੜੀ ਜਾਂਦਾ ਹੈ।

ਸੁਰਜੀਤ ਕੌਰ ਯੂਕੇ ਦਾ ਕਹਿਣਾ ਹੈ ਕਿ ਇਨ੍ਹਾਂ ਪੱਤਰਕਾਰਾਂ ਦਾ ਕੰਮ ਮਾੜੀ ਜਿਹੀ ਤੀਲੀ ਲਾਉਣੀ ਹੁੰਦੀ ਹੈ ਜੀ। ਲੋਕ ਸੱਚ ਮੰਨ ਜਾਂਦੇ ਹਨ। ਪਰ ਇਹ ਝੂਠ ਹੀ ਛਾਪੀ ਜਾਂਦੇ ਹਨ। ਸਾਰੀਆਂ ਕੌਮਾਂ ਵਿਚ ਚੰਗੇ ਅਤੇ ਮਾੜੇ ਅਨਸਰ ਹੁੰਦੇ ਹਨ ਪਰ ਬਲਤੇਜ ਪੰਨੂੰ ਕੋਲ ਜੇ ਕੋਈ ਠੋਸ ਸਬੂਤ ਹਨ ਕੇ ਗੁਰਦਵਾਰੇ ਭਾਂਡੇ ਭੇਜੇ ਜਾ ਰਹੇ ਸਨ, ਫੇਰ ਹੀ ਇਸ ਨੂੰ ਲਿਖਣਾ ਚਾਹੀਦਾ ਸੀ। ਨਹੀਂ ਤਾਂ ਹਰੇਕ ਉੱਠ ਕੇ ਗੁਰਦਵਾਰਿਆਂ ਅਤੇ ਲੰਗਰਾਂ ਨੂੰ ਭੰਡਣ ਵਿਚ ਆਪਣਾ ਯੋਗਦਾਨ ਤਾਂ ਪਹਿਲਾਂ ਹੀ ਪਾ ਰਿਹਾ ਹੈ।

ਅਰਸ਼ ਮਨੇਸ਼ ਆਖਦਾ ਹੈ ਕਿ ਅਸਲੀ ਖ਼ਬਰ ਆਹ ਜੇ, ਗੰਜਾ ਬਲਾਤਕਾਰ ਦੇ ਦੋਸ਼ਾਂ ਵਿੱਚ ਜੇਲ੍ਹ ਕੱਟ ਕੇ ਜ਼ਮਾਨਤ 'ਤੇ ਬਾਹਰ ਨਿਕਲ ਕੇ ਝੂਠਾ ਬਕਵਾਸ ਲਿਖ ਰਿਹਾ ਹੈ। ਅਮਰੀਕਾ ਤੋਂ ਇੰਦਰਜੀਤ ਸਿੰਘ ਉਮਰਪੁਰੀ ਦਾ ਕਹਿਣਾ ਹੈ ਕਿ ਪੁਲੀਸ ਰੀਪੋਰਟ ਵਿੱਚ ਕੇਵਲ ਭਾਰਤ ਵਿੱਚ ਭੋਜਨ ਬਣਾਉਣ ਲਈ ਵਰਤੀਆਂ ਜਾਂਦੀਆਂ ਕੜਾਹੀਆਂ ਦਾ ਜ਼ਿਕਰ ਕੀਤਾ ਗਿਆ ਹੈ। ਕਿਤੇ ਵੀ ਲੰਗਰ ਜਾਂ ਗੁਰਦੁਆਰੇ ਦਾ ਜ਼ਿਕਰ ਨਹੀਂ ਹੈ।

ਸਿੱਖ ਪ੍ਰਚਾਰਕ ਮਨਿੰਦਰਪਾਲ ਸਿੰਘ ਮਲੇਸ਼ੀਆ ਆਖਦਾ ਹੈ ਕਿ ਜਿਨ੍ਹਾ ਕਾਮਰੇਡਾਂ ਦੀ ਅਕਲ ਰੂਸ ਅਤੇ ਚੀਨ ਵਾਲੇ ਕੱਢ ਲੈਂਦੇ ਹਨ। ਭਾਰਤ ਵਿੱਚ ਉਹੀ ਕਾਮਰੇਡ ਹੀ ਸਿੱਖਾਂ ਵਿਰੁੱਧ ਪਰਚਾਰ ਕਰਦੇ ਹਨ।



ਸਿੱਖ ਸੇਵਕ ਸੁਸਾਇਟੀ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਸੁਆਲ ਕਰਦੇ ਹਨ ਕਿ ਬਲਤੇਜ ਪੰਨੂੰ ਦੱਸੇ ਕਿ ਇਹ ਭਾਂਡੇ ਪੁਲੀਸ ਨੇ ਬਰਾਮਦ ਕੀਤੇ ਹਨ ਤੇ ਇਹ ਭਾਂਡੇ ਕਿਵੇ ਲੰਗਰ ਦੇ ਹਨ ਤੇ ਹੋਟਲਾਂ, ਘਰਾਂ ਤੇ ਮੰਦਰਾਂ ਵਿਚ ਵੀ ਤਾਂ ਇਹੋ ਭਾਂਡੇ ਵਰਤੇ ਜਾਂਦੇ ਹਨ। ਪੁਲੀਸ ਨੇ ਕਿਥੇ ਕਿਹਾ ਕਿ ਇਹ ਭਾਂਡੇ ਲੰਗਰ ਲਈ ਜਾਣੇ ਸਨ ਜਾਂ ਲੰਗਰ ਦੇ ਸਨ। ਲੰਗਰ ਸ਼ਬਦ ਦੀ ਵਰਤੋਂ ਕਿਉਂ ਕੀਤੀ ਗਈ। ਮੇਰਾ ਮੰਨਣਾ ਹੈ ਕਿ ਜਿਸ ਮਨੁੱਖ ਦੀ ਮਾਨਸਿਕਤਾ ਵਿਚ ਕਈ ਚਿੱਬ ਹੋਣ, ਉਹ ਚੰਗਾ ਲਿਖ-ਪ੍ਰਗਟਾ ਨਹੀਂ ਸਕਦਾ। ਇਹਦੀ ਪੱਤਰਕਾਰੀ ਹਿਰਨਾਂ ਦੇ ਸਿੰਗੀ ਚੜ੍ਹ ਗਈ ਜਿਵੇਂ ਨਕਲੀ ਕਾਮਰੇਡਾਂ ਦਾ ਸਾਹਿਤ। ਮਨ ਮਨੁੱਖ ਨੂੰ ਚਲਾਉਂਦਾ ਹੈ, ਜਦੋਂ ਇਹ ਮਰ ਜਾਏ ਜ਼ਮੀਰਾਂ ਵਿਕਾਊ ਹੋ ਜਾਂਦੀਆਂ ਹਨ। ਬਲਤੇਜ ਪੰਨੂੰ ਦੀ ਜ਼ਮੀਰ ਮਰ ਚੁੱਕੀ ਹੈ। ਤੁਸੀਂ ਮਰੀਆਂ ਜ਼ਮੀਰਾਂ ਵਾਲੇ ਸਾਹਿਤਕਾਰਾਂ ਤੇ ਪੱਤਰਕਾਰਾਂ ਨੂੰ ਦੇਖ ਲਵੋ, ਇਕੋ ਕਿਰਦਾਰ ਹੈ।

ਕਸ਼ਮੀਰ ਤੋਂ ਜਥੇਦਾਰ ਜਸਵੰਤ ਸਿੰਘ ਰੈਣਾ ਲਿਖਦੇ ਹਨ ਕਿ ਜੇ ਕੋਈ ਸਿੱਖ ਧਰਮ ਜਾਂ ਲੰਗਰ ਦੀ ਆੜ ਲੈ ਕੇ ਕੋਈ ਤਸਕਰੀ ਕਰਦਾ ਹੈ ਉਸ ਨੂੰ ਫੌਰੀ ਨੰਗਾ ਕੀਤਾ ਜਾਏ ਤੇ ਸਜ਼ਾ ਦਿਵਾਈ ਜਾਵੇ, ਪਰ ਜੇ ਕੋਈ ਪੂਰੀ ਸਿੱਖ ਕੌਮ ਨੂੰ ਜਾਂ ਲੰਗਰ ਵਿਵਸਥਾ ਨੂੰ ਬਦਨਾਮ ਕਰਨ ਲਈ ਹੀ ਲਿਖ ਰਿਹਾ ਹੈ ਤਾਂ ਉਹ ਆਪਣਾ ਮੂੰਹ ਆਪ ਹੀ ਕਾਲਾ ਕਰ ਰਿਹਾ ਹੈ।

ਗੁਰਬਾਗ ਸਿੰਘ ਫਿੱਡੇ ਆਖਦੇ ਹਨ ਕਿ ਬਲਤੇਜ ਪੰਨੂ ਨੇ ਆਪਣੀ ਖ਼ਬਰ ਵਿਚ ਲੰਗਰ ਆਲੇ ਭਾਂਡੇ ਆਵਦੇ ਕੋਲੋਂ ਈ ਜੋੜਤੇ, ਪੁਲੀਸ ਬਿਆਨ ਵਿਚ ਕਿਤੇ ਵੀ ਜ਼ਿਕਰ ਨਹੀਂ ਇਹਨਾਂ ਸ਼ਬਦਾਂ ਦਾ।

---

# ਯੂਨੀਅਨ ਸਿਟੀ ਲਾਇਬ੍ਰੇਰੀ 'ਚ ਰਵਾਇਤੀ ਕਲਾ ਵਰਕਸ਼ਾਪ ਲਗਾਈ

**ਯੂਨੀਅਨ ਸਿਟੀ/ਪਰਮਿੰਦਰ ਸਿੰਘ ਪ੍ਰਵਾਨਾ :**
ਯੂਨੀਅਨ ਸਿਟੀ ਲਾਇਬ੍ਰੇਰੀ ਵਿਚ ਰਵਾਇਤੀ ਕਲਾ 'ਵਾਟਰ ਕਲਰ' ਸਿਖਾਉਣ ਲਈ 18 ਸਿਖਿਆਰਥੀਆਂ ਦੀ ਕਲਾਸ ਲਗਾਈ ਗਈ ਜਿਸ ਵਿਚ ਵੱਖ ਵੱਖ ਤਰ੍ਹਾਂ ਦੇ ਢੰਗ-ਤਰੀਕੇ ਸਿਖਾਏ ਗਏ। ਇਸ ਪ੍ਰੋਗਰਾਮ ਦਾ ਪ੍ਰਬੰਧ ਨਘਮੇਹ ਦਾਨਿਸ਼ਮੰਦ ਵਲੋਂ ਕੀਤਾ ਗਿਆ, ਜਿਸ ਕੋਲ ਚਿੱਤਰ-ਕਲਾ ਦੇ ਖੇਤਰ ਵਿਚ ਲੰਮਾ ਤਜਰਬਾ ਹੈ। ਉਸ ਨੇ 19 ਸਾਲ ਦੀ ਉਮਰ ਵਿਚ ਚਿਤਰ ਕਲਾ ਸ਼ੁਰੂ ਕੀਤੀ ਪਰ 'ਵਾਟਰ ਕਲਰ' ਨੂੰ ਉਸ ਨੇ ਆਪਣੀ ਕਲਾ ਦਾ ਮਾਧਿਅਮ ਚੁਣ ਲਿਆ ਹੋਇਆ ਹੈ। ਇਸ ਮੌਕੇ ਦੱਸਿਆ ਗਿਆ ਕਿ ਕੋਈ ਵੀ ਲਾਇਬ੍ਰੇਰੀ ਗਿਆਨ ਦਾ ਖਜ਼ਾਨਾ ਹੁੰਦਾ ਹੈ। ਸ਼ਬਦ-ਕੋਸ਼ ਦੇ ਅਰਥਾਂ ਵਿਚ ਉਹ ਇਮਾਰਤ ਜਾਂ ਕਮਰਾ ਜਿਥੇ ਕਿਤਾਬਾਂ ਦਾ ਸੰਗ੍ਰਹਿ ਹੋਵੇ, ਲਾਇਬ੍ਰੇਰੀ ਅਖਵਾਉਂਦੀ ਹੈ। ਲਾਇਬ੍ਰੇਰੀ ਦਾ ਸਮਾਜ ਸੇਵਾ ਵਿਚ ਇਕ ਅਹਿਮ ਸਥਾਨ ਹੈ ਤੇ ਇਸ ਦੀ ਮਨੁੱਖੀ ਗਿਆਨ ਦੇ ਵਾਧੇ ਵਿਚ ਇਕ ਮਹੱਤਵਪੂਰਨ ਦੇਣ ਹੁੰਦੀ ਹੈ। ਯੂਨੀਅਨ ਸਿਟੀ ਲਾਇਬ੍ਰੇਰੀ ਵਿਚ ਵੀ ਬਹੁਤ ਸਾਰੇ ਪਾਠਕ ਆਉਂਦੇ ਹਨ ਜਿਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਅਥਾਹ ਸ਼ੌਕ ਹੈ। ਕਿਤਾਬਾਂ ਤੋਂ ਇਲਾਵਾ ਇਹ ਲਾਇਬ੍ਰੇਰੀ ਵਿਦਿਅਕ, ਅਕਾਦਮਿਕ, ਸਿੱਖਿਆ,



ਖੇਡ, ਮਨੋਰੰਜਨ, ਖੋਜ ਤੇ ਹਵਾਲੇ ਆਦਿ ਦਾ ਗਿਆਨ ਹਾਸਲ ਕਰਨ ਵਾਸਤੇ ਢੇਰ ਸਾਰੇ ਕੰਮ ਕਰਦੀ ਹੈ, ਜੋ ਚੰਗੇ ਜੀਵਨ ਦਾ ਹੁਨਰ ਸਿੱਖਣ ਦਾ ਰਾਹ ਦੱਸਦੇ ਹਨ। ਇਥੇ ਬਹੁਤ ਸਾਰੀਆਂ ਸੇਵਾਵਾਂ ਮੁਫ਼ਤ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਇਸੇ ਸੰਦਰਭ ਵਿਚ ਕੋਈ ਵੀ ਆਪਣੇ ਖੇਤਰ ਦੀ ਇਸ ਲਾਇਬ੍ਰੇਰੀ ਵਿਚ ਅਜਿਹੇ ਹੁਨਰ ਸਿੱਖਣ ਲਈ ਸੰਪਰਕ ਕਰ ਸਕਦਾ ਹੈ ਤੇ ਹਰ ਭਾਈਚਾਰਾ ਇਸ ਦਾ ਲਾਭ ਉਠਾ ਸਕਦਾ ਹੈ।

# ਪੰਜਾਬ ਪ੍ਰੋਡਕਸ਼ਨਜ ਵੱਲੋਂ ਕਰਵਾਏ 'ਪੰਜਾਬੀ ਮੇਲਾ' ਪ੍ਰੋਗਰਾਮ ਦਾ ਲੋਕਾਂ ਨੇ ਖੂਬ ਆਨੰਦ ਮਾਣਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**
ਪੰਜਾਬ ਪ੍ਰੋਡਕਸ਼ਨਜ ਵੱਲੋਂ ਸੈਕਰਾਮੈਂਟੋ ਫਲੋਰਨ ਰੋਡ ਤੇ ਸਥਿਤ ਮਾਰਟਨ ਲੂਥਰ ਸਕੂਲ ਦੇ ਆਡੀਟੋਰੀਅਮ ਚ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ ਦੌਰਾਨ ਵੱਖ ਵੱਖ ਕਲਾਕਾਰਾਂ ਨੇ ਆਪਣੀ ਆਪਣੀ ਗਾਇਕੀ ਦਾ ਮੁਜਾਹਰਾ ਕੀਤਾ ਜਿਨ੍ਹਾਂ ਚੋਂ ਕੁਲਵਿੰਦਰ ਬਿੱਲਾ, ਰਾਜਵੀਰ ਜਵੰਦਾ, ਰੁਪਾਲੀ, ਸ਼ਿਵਜੋਤ ਅਤੇ ਜੀਤਾ ਗਿੱਲ ਨੇ ਸੈਕਰਾਮੈਂਟੋ ਇਲਾਕੇ ਦੇ ਪੰਜਾਬੀਆਂ ਦਾ ਖੂਬ ਮਨੋਰੰਜਨ ਕੀਤਾ । ਇਸ ਪ੍ਰੋਗਰਾਮ ਵਿੱਚ ਗਿੱਧਾ ਤੇ ਭੰਗੜਾ ਕੋਚ ਪਰੀਤ ਚਾਹਲ ਦੁਆਰਾ ਤਿਆਰ ਕਰਵਾਈਆਂ ਵਿਰਸੇ ਦੀਆਂ ਸ਼ੌਕੀਨਾਂ ਅਕੈਡਮੀ ਮਨਟੀਕਾ ਦੇ ਬੱਚਿਆਂ ਦੀਆਂ ਟੀਮਾਂ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ, ਵੱਖ ਵੱਖ ਕਲਾਕਾਰਾਂ ਨਾਲ ਸਾਥ ਨਿਭਾਇਆ । ਪੰਜਾਬੀ ਗਾਇਕ ਕੁਲਵਿੰਦਰ ਬਿੱਲਾ, ਰਾਜਵੀਰ ਜਵੰਦਾ, ਰੁਪਾਲੀ, ਗੁਰਜਿੰਦਰ ਸੰਧੂ, ਜੀਤਾ ਗਿੱਲ, ਪ੍ਰਤੀਕ ਢੀਂਡਸਾ ਅਤੇ ਸ਼ਿਵਜੋਤ ਨੇ ਆਪਣੇ ਨਵੇਂ ਪੁਰਾਣੇ ਗੀਤਾ ਨਾਲ ਖੂਬ ਰੰਗ ਬੰਨ੍ਹਿਆ। ਬੀਬੀ ਆਸ਼ਾ ਸ਼ਰਮਾ ਨੇ ਸਟੇਜ ਬੜੀ ਬਾਖੂਬੀ ਨਾਲ ਚਲਾਈ । ਪਰਿਵਾਰਾਂ ਦੇ ਬੈਠਣ ਲਈ ਉਚਤਿ ਪ੍ਰਬਧ ਕੀਤੇ ਗਏ ਸਨ ਅਤੇ ਮੇਲਾ ਪੂਰੀ ਤਰ੍ਹਾਂ ਨਾਲ ਸੱਭਿਆਚਾਰਿਕ ਤੇ ਪਰਿਵਾਰਿਕ ਸੀ ।



ਮੇਲੇ ਦੇ ਪ੍ਰਬੰਧਕਾਂ ਵੱਲੋਂ ਗ੍ਰੈਂਡ ਸਪੌਂਸਰ ਇੰਦਰਜੀਤ ਚੀਨਾ ਜਿਊਲਰਜ, ਡਾਇਮੰਡ ਸਪੌਂਸਰ ਮਾਇਕ ਬੋਪਾਰਾਏ ਐਂਡ ਬ੍ਰਦਰਜ਼, ਪਲੈਟੀਨਮ ਸਪੌਂਸਰ ਵਰਲਡ ਫਾਈਨੈਂਸ਼ਲ ਗਰੁੱਪ ਐਲਕ ਗਰੋਵ ਦਫਤਰ, ਗੋਲਡਨ ਸਪੌਂਸਰ ਸ਼ਿਕਾਗੋ ਪੀਜ਼ਾ, ਟੋਬੈਕੋ ਕਾਰਟਲ, ਐਮ ਜੀ ਐਮ, ਦਰਸ਼ਨ ਸਿੰਘ ਮੁੰਡੀ, ਸੈਮ ਚਾਹਲ ਅਤੇ ਐਲ ਏ ਮਾਰਚੈਂਡਸ ਯੂਬਾ ਸਿਟੀ ਨੂੰ ਵਿਸ਼ੇਸ ਸਨਮਾਨਿਤ ਕੀਤਾ ਗਿਆ । ਮੇਲੇ ਦੇ ਪ੍ਰਬੰਧਕ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੈਰੀ ਤੁੰਗ, ਟੀ ਜੇ ਹੁੰਦਲ, ਹਰਪ ਗਿੱਲ, ਹਰਵੀ ਕਾਹਲੋਂ ਵੱਲੋਂ ਸਾਰੇ ਸਪੌਂਸਰਾਂ, ਸਿੰਗਰਾਂ, ਸਰੋਤਿਆਂ ਅਤੇ ਮੇਲੇ ਨਾਲ ਜੁੜੀ ਹਰ ਸਖਸ਼ੀਅਤ ਦਾ ਧੰਨਵਾਦ ਕੀਤਾ ।

# ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ



**ਪ੍ਰੋ.ਪੂਰਨ ਸਿੰਘ**

ਇਹ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਕੰਮ ਹੈ ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਦੇਂ ਹਨ। ਉਹ,ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਉਦੇਂ ਹਨ ਅਤੇ ਨਾ ਹੀ ਮੁਕਤੀ, ਕੇਵਲ ਮਨ ਪ੍ਰੀਤ ਚਰਨ ਕਮਲਾਰੇ ਦੀ ਧਾਰਨੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਮੁਕਤੀ, ਕੇਵਲ ਮਨ ਪ੍ਰੀਤ ਚਰਨ ਕਮਲਾਰੇ ਦੀ ਧਾਰਨੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸਨਾ ਪੂਰਨ ਖ਼ੁਸ਼ੀ ਦੇ ਇੱਛਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਬ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਨ੍ਹਾਂ ਦੀ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤਿ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖ਼ੌਲਾਂ ਕਰਦੀ, ਮੌਤ ਨੂੰ ਜੱਫੀਆਂ ਪਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ , ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗਮਾਂ ਤੋਂ ਉਪਰ ਉਠੀ, ਸਰਬਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਦੇ ਖਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਹਿਜੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ ਮੰਦਰ ਵਿਚ , ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰਖਣ ਨਾਲ, ਹੁੰਦੀ ਹੈ। ਜਿਸ ਦੇ ਮਨ ਮੰਦਰ ਵਿਚ ਅਹਿਜੀ ਸ਼ਮ੍ਹਾਂ ਨਿਸਬਾਸਰ ਬਲਦੀ ਰਹੇ, ਉਹ ਸੱਚਾ ਖਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ ਰੋਮ ਵਿਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਹਨਾਂ ਸਾਰਿਆਂ ਦੀ ਨੂੰ ਜੋ ਉਸ ਦੀ ਜ਼ਦ ਵਿਚ ਅਉਂਦੇ ਹਨ। ਖ਼ਾਲਸ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ ਸਿੱਧਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ ਪ੍ਰੇਤ ਜਾਂ ਭੈੜੀ ਰੂਹ ਅਹਿਜੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਹਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖਲਾਕੀ ਕਰਨੀ ਨੂੰ ਚਤੁਰਾਈ ਨਾਲ ਸਹੀ ਸਿੱਧ ਕਰਨ ਦਾ ਵੀ ਨਹੀਂ। ਉਹ, ਆਪਣੀ ਪਵਿੱਤਰ ਨਿਸ਼ਕਾਮਤਾ ਕਾਰਨ, ਕੁਦਰਤ ਦੀ ਰੂਹ ਨਾਲ ਇਕ ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖ਼ੁਸਬੂ ਆਲੇ-ਦੁਆਲੇ ਆਪਣੇ ਆਪ ਖਲੇਰ ਦਿੰਦਾ ਹੈ। ਖਾਲਸਾ ਆਪਣੀ ਰੂਹਾਨੀ ਮਿੱਠਤ ਨੂੰ ਧਰਤੀ ਦੇ ਜਿਸ ਕੋਨੇ ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਆਪਣੇ ਆਪ ਨਿਕਲ ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ ਤੇ ਕੀਤਾ ਵਿਰਲਾਪ ਨਹੀਂ ਸਨ ਸੁਣ ਸਕਦੇ। ਅਤੇ ਇਸ ਤਰਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿਚ ਉਨ੍ਹਾਂ ਦੇ ਭਰ ਦੇ ਸਮੇਂ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਗੁਰੂ ਤੇਗ਼ ਬਹਾਦਰ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ; ਉਹ੍ਹਾਂ ਦੀ ਬਾਣੀ ਅਥਰੂ ਭਿਜੀ, ਅਸੀਮ ਵੈਰਾਗਮਈ ਹੈ, ਜੇ ਉਸ ਨਾਲ ਦੁੱਖੀ ਮਨੁੱਖ ਨੂੰ ਖ਼ੁਸ਼ੀ ਅਤੇ ਮੁਕਤੀ ਮਿਲ ਸਕੇ। ਗੁਰੂ ਗੋਬਿੰਦ ਸਿੰਘ ਦਾ ਭਾਰਤ ਦੇ ਗੁਲਾਮਾਂ ਪ੍ਰਤਿ ਭਰਮ ਭਾਵਨਾ ਕਾਰਣ ਤਿਆਗ ਵੀ ਅਸੀਮ ਹੈ। ਉਹ ਤਾਂ ਦੁਖੀਆਂ ਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਰੱਬ ਦੀ ਕੁਰਬਾਨੀ ਵੀ ਦੇ ਦਿੰਦਾ ਹੈ। ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵਡਿਕਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਣਾ ਅਨੁਸਾਰ ਖਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਿਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਵਿਚ ਸਹਿਜੇ ਹੀ ਉਸ ਦੇ ਨਾਮ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਖਾਲਸਾ ਆਪਣੇ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰਾਂ ਸਿੱਖ ਨਾਮ ਅਤੇ ਸਿਮਰਨ ਦੀ ਖੁਸੀਂ ਨਾਲ ਖੇੜੇ ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉੱਤਮ ਵਸਤੂ ਦੇ ਦਿੰਦਾ ਹੈ, ਇਸ ਤਰਾਂ ਸਿੱਖ ਸਭ ਨੂੰ ਸਰਵਸਵ ਦੇ ਦਿੰਦਾ ਹੈ, ਮੇਰੀ ਅਧਿਆਤਮਕ ਕਰਨੀ ਲਈ, ਮੈਂ ਨਹੀਂ, ਉਹ ਜਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ ਭੇਦ ਪਾ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਬੱਦਲ ਦੀ ਟੁੱਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖ਼ੁਸੀਂ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿਚ ਸੈੱਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ-ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲੱਗਦਾ ਹੈ ਅਤੇ ਜਿਨ੍ਹਾਂ ਤੋਂ ਵੀ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ ਮਨੁੱਖਤਾ ਦੇ ਇਤਿਹਾਸ ਵਿਚ ਵਿਰਲੇ ਹੀ ਹਨ ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ ਪਰ ਅੰਦਰੋਂ ਰੂਹਾਨੀ ਤੌਰ ਤੇ, ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ ਤੇ ਗੁਰੂ ਦੇ ਨਹੀਂ ਹਨ, ਦਾ ਨਾਂ ਸੂਚੀ ਵਿਚੋਂ ਕਟ ਦਿੱਤਾ ਗਿਆ ਹੈ। ਉਹਨਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗ੍ਰੰਥ ਦੀ ਜੈ ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤਿ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ ਹੈ, ਜੋ ਕਿਸੇ ਇਕੱਲੇ ਵਿਚ ਨਹੀਂ; ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿਚੋਂ ਨਿਕਲਦਾ ਹੈ। ਇਹਨਾਂ ਸਾਰਿਆਂ ਵਿਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀ ਜਾਂਦਾ ਹੈ।

ਭਾਈ ਵੀਰ ਦੇ ਸ਼ਬਦਾਂ ਵਿਚ ,ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।"

ਨਾਮ- ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉੱਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਨਾਮ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿਚ ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਂਹੀ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰਾਂ ਇਸ ਸੰਘਰਸ਼ ਮਈ ਭੌਤਿਕ ਸੰਸਾਰ ਵਿਚ ਸਰੀਰਤ ਉੱਦਮ ਰਾਂਹੀ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

**ਦਾਨ:** ਦੇਣਾ, ਆਪਣਾ ਸਭ ਕੁਝ ਦੇਣਾ, ਕੁਦਰਤੀ ਹਮਦਰਦੀ ਕਾਰਨ, ਜੀਵਨ ਪ੍ਰਤਿ ਅਸੀਮ ਵਿਚ ਪਰੰਤੂ ਚੁੱਪ ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਉ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ ਨਿਰਸੰਦੇਹ, ਗੁਰੂ ਗੋਬਿੰਦ ਦੇ ਪੰਥ ਵਿਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ । "ਸਭ ਕੁਝ ਗੁਰੂ ਦਾ ਹੈ" ਇਸੇ ਤਰਾਂ ਖ਼ਾਲਸਾ ਮਹਿਸੂਸਦਾ ਹੈ. ਮੇਰਾ ਮੁਝ ਮੇ ਕਿਛ ਨਹੀਂ ਜੋ ਕੁਛ ਹੈ ਤੇਰਾ'। ਅਜਿਹੀ ਸਨੇਹ ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖ਼ਾਲਸੇ ਦੀ ਖ਼ੈਰਾਤ ਦਰਿਆਂਵਾ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

**ਇਸ਼ਨਾਨ:-** ਸਰੀਰ ਦਾ ਠੰਡੇ ਪਾਣੀ ਨਾਲ ਨਹਾਉਣਾ , ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿਚ ਅਤੇ ਰੂਹ ਦਾ ਉਸ ਦੇ ਪਿਆਰ ਵਿਚ ਗੋਤਾ ਲਾਉਂਣਾ, ਇਸ਼ਨਾਨ ਹੈ।

ਕਿਰਤ ਕਰਨਾ: ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾ ਦੀ ਸਾਰੀ ਲੋਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿਚ ਕੋਈ ਵਿਹਲੜ ਅਮੀਰ ਨਹੀਂ ਉਸ ਲਈ ਤਾਂ ਕੋਈ ਥਾਂ ਨਹੀਂ ਨਹੀਂ , ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ, ਲੋਹੇ, ਲਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਨੇ ਪੈਦੇਂ ਹਨ, ਕੰਮ ਕਰਨਾ , ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਤਿਆਗ। ਅਤੇ ਇਸ ਸੁਤੇ ਸਿੱਧ ਤਿਆਗ ਕਾਰਣ ਗੁਰੂ ਅਤੇ ਅੱਜ ਦੇ ਕਾਮਗਾਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

**ਵੰਡ ਛਕਣਾ:** ਕਿਰਤ ਕਮਾਈ ਦੀ ਇਕਸਾਰ ਵੰਡ। " ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨਹੀਂ "ਵੰਡੀ"।

ਗੁਰੂ ਗੋਬਿੰਦ ਸਿੰਘ ਵਰਤਮਾਨ ਯੁਗ ਦੇ ਗੁਰੂ ਹਨ । ਉਹ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖੀ ਸਮਾਜ ਦੀ ਨਾਮ , ਦਾਨ , ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਅਧਾਰ ਤੇ ਪੰਥ ਦੇ ਰੂਪ ਵਿਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ, ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ , ਕਿਰਤ ਕਰਨਾ, ਪੈਦਾ ਕਰਨਾ, ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲ ਵਜੋਂ ਇਸ ਕਮਾਈ ਨੂੰ ਆਪਣੇ ਖ਼ਾਲਸਾ ਭਰਾਵਾਂ ਵਿਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ ਪੰਥ ਦੀ ਮਾੜੀ ਜਿਹੀ 'ਯਾਦ' ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂ ਕਿ ਸਾਰਾ ਸੰਸਾਰ ਅੰਦਰੋਂ ਅੰਦਰੇ ਇਸ ਨੂੰ ਅਪਣਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਪ੍ਰਤਿ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗੁਲਾਮਾਂ ਨੇ ਉਸ ਨੂੰ ਅਜੇ ਤਕ ਨਾ ਹੀ ਸਮਝਿਆ ਅਤੇ ਨਾ ਹੀ ਉਸਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖਤੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰ੍ਹੇ ਤਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ ਜਦੋਂ ਗੁਰੂ ਨੂੰ ਸਮਝਾਉਣ ਦਾ ਮਨ ਬਣਾਉਦੇਂ ਹਨ ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਹਨਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੇ ਉਹ ਗੁਰੂ ਗੋਬਿੰਦ ਸਿੰਘ ਵਿਚ ਗੁਰੂ ਨਾਨਕ ਦੇ ਉੱਚੇ ਅਤੇ ਚਮਕਦੇ ਸਿਖਰ ਨੂੰ ਨਹੀਂ ਵੇਖ ਸਕਦੇ। ਯਕੀਨਨ ਉਹ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ ਇਕ ਨਿਮਰਤਾ ਭਰੇ ਸ਼ਬਦ ਵਿਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁੱਟਦੀਆਂ ਹਨ, ਜੋ ਮਨੁੱਖੀ ਹਲੂਲ ਕਰ ਜਾਂਦੀਆਂ ਹਨ, ਨਾਮ ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ। ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਣ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸਭਿਆਚਾਰਕ ਵਿਕਾਸ ਵਿਚ ਵਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਂ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸੇ ਵਿਸ਼ੇਸ ਦੇਸੀ ਭਾਸ਼ਾ ਵਿਚ, ਆਪਣੇ ਵਿਚਾਰਾ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ ਤੇ ਪਈਆਂ ਪਰਸਪਰ ਕਟਦੀਆ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਨ ਵਿਚ ਅਤੇ ਪਿਆਰ ਅਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ , ਜੋ ਕਿ ਧਰਮ ਅਤੇ ਜੀਵਨ ਜਾਚ ਸੰਬੰਧੀ ਪੂਰਵੀ ਵਿਚਾਰਾਂ ਵਿਚ ਮੁਕੰਮਲਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿਚ ਬਿਆਨ ਕੀਤੇ ਜਾਣ ਤਾਂ ਗੁਰੂ ਸਾਹਿਬਾਂ ਦੀ ਚੇਤਨਤਾ ਸਤਰੇ ਮਨੁੱਖੀ ਸਭਿਆਚਾਰ ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈਦੀ ਸਾਖੀ ਮਨੁੱਖ ਦੀ ਬਹੁ-ਪੱਖੀ ਉੱਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਹੋਰ ਕਿਤੇ ਵਿਚਾਰ ਕਰਾਂਗਾ।

ਪਰ ਮੈਂ ਇਥੇ ਕਹਿ ਦੇਣਾ ਚਾਉਂਦਾ ਹਾਂ ਕਿ ਗੁਰੂ

ਬਾਕੀ ਸਫ਼ਾ 26 'ਤੇ


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
1 color in 1 position. Min Qty. 100
YOUR LOGO HERE
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




» GUARANTEED COVERAGE

» NO ANNUAL LIMITS, NO DENIAL FOR PRE-EXISTING CONDITIONS

» RATES NOT BASED ON HEALTH STATUS

» AFFORDABLE COVERAGE – PUBLIC OR PRIVATE

» REQUIRED FOR INDIVIDUALS

COVERED CALIFORNIA™

OBAMACARE IS COVERED CALIFORNIA IS THE AFFORDABLE CARE ACT IS THE California Health Benefit Exchange IS *Your destination for affordable health care*

Call Now for the Lowest Health Insurance Premiums available

Some Households qualify for FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


***ਬਾਕੀ***

## ਭਾਰਤ, ਮਿਆਂਮਾਰ ਅਤੇ ਹਥਿਆਰਬੰਦ ਬਾਗ਼ੀ

ਸਕੇਗੀ। ਇਸ ਤੋਂ ਇਲਾਵਾ ਕਿਆਊਕਪਿਊ ਦੇ ਉਦਯੋਗਿਕ ਪਾਰਕ ਵਿੱਚ ਤਿਆਰ ਹੋਣ ਵਾਲੇ ਚੀਨੀ ਉਤਪਾਦ ਭਾਰਤ ਨੂੰ ਬਰਾਮਦ ਕਰਨ ਦੇ ਜਤਨ ਵੀ ਕੀਤੇ ਜਾਣਗੇ ਅਤੇ ਇੰਜ ਉਸ ਨੂੰ ਭਾਰਤ 'ਚ ਆਪਣਾ ਮਾਲ ਪਹੁੰਚਾਉਣ ਵਿੱਚ ਕੋਈ ਡਿਊਟੀ ਵੀ ਨਹੀਂ ਦੇਣੀ ਪਵੇਗੀ ਕਿਉਂਕਿ ਭਾਰਤ ਤੇ ਮਿਆਂਮਾਰ ਵਿਚਾਲੇ ਮੁਕਤ ਵਪਾਰ ਸਮਝੌਤਾ ਹੋ ਚੁੱਕਾ ਹੈ।

ਭਾਰਤ ਨੇ ਮਿਆਂਮਾਰ 'ਚ ਅਜੇ ਵੱਡੇ ਉਦਯੋਗਿਕ ਤੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਵਿੱਚ ਇੰਨਾ ਜ਼ਿਆਦਾ ਸਰਮਾਇਆ ਨਹੀਂ ਲਾਇਆ। ਕੁਦਰਤੀ ਗੈਸ ਦੀ ਖੋਜ ਲਈ 'ਤੇਲ ਤੇ ਕੁਦਰਤੀ ਗੈਸ ਕਮਿਸ਼ਨ' ਨੇ ਜ਼ਰੂਰ ਕੁਝ ਸਫ਼ਲ ਯਤਨ ਕੀਤੇ ਹਨ। ਮਾਂਡਲੇ ਵਿੱਚ ਭਾਰਤ ਵੱਲੋਂ ਬਣਾਈ ਇੰਸਟੀਚਿਊਟ ਫ਼ਾਰ ਇਨਫ਼ਾਰਮੇਸ਼ਨ ਟੈਕਨਾਲੋਜੀ ਦੀ ਖ਼ੂਬ ਸ਼ਲਾਘਾ ਹੋਈ ਹੈ ਕਿਉਂਕਿ ਸਮੁੱਚੇ ਮਿਆਂਮਾਰ ਵਿੱਚ ਭਾਰਤ ਦੀ ਮਦਦ ਨਾਲ 'ਹੁਨਰ ਵਿਕਾਸ ਕੇਂਦਰ' ਖੋਲ੍ਹੇ ਗਏ ਹਨ। ਭਾਰਤ ਦੀਆਂ ਵਿਕਾਸ ਸਹਿਯੋਗ ਸਰਗਰਮੀਆਂ ਵਿੱਚ 'ਐਡਵਾਂਸਡ ਸੈਂਟਰ ਫ਼ਾਰ ਐਗਰੀਕਲਚਰ ਰਿਸਰਚ ਐਂਡ ਐਜੂਕੇਸ਼ਨ' ਅਤੇ ਉੱਤਰ-ਪੂਰਬ ਤੋਂ ਮਿਆਂਮਾਰ ਤੇ ਥਾਈਲੈਂਡ ਤੱਕ ਤਿਪੱਖੀ ਹਾਈਵੇਅ ਦੀ ਉਸਾਰੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤ ਆਪਣੇ ਉੱਤਰ-ਪੂਰਬੀ ਸੂਬਿਆਂ ਦੀ ਸਰਹੱਦ ਨਾਲ ਲੱਗਦੇ ਮਿਆਂਮਾਰ ਦੇ ਇਲਾਕੇ ਵਿਕਸਤ ਕਰਨ ਲਈ ਵੀ ਫ਼ੰਡ ਮੁਹੱਈਆ ਕਰਵਾ ਰਿਹਾ ਹੈ। ਭਾਰਤ ਨੇ ਉਦਯੋਗਿਕ ਸਿਖਲਾਈ, ਅੰਗਰੇਜ਼ੀ ਸਿੱਖਣ ਦੇ ਕੇਂਦਰਾਂ ਅਤੇ ਯੰਗੌਨ ਤੇ ਸਿਤਵੇ ਵਿੱਚ ਹਸਪਤਾਲਾਂ ਦੀ ਉਸਾਰੀ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਇਹੀ ਨਹੀਂ, ਮਿਆਂਮਾਰ ਦੇ ਹਜ਼ਾਰਾਂ ਵਿਦਿਆਰਥੀ ਭਾਰਤ ਵਿੱਚ 'ਤਕਨੀਕੀ ਤੇ ਆਰਥਿਕ ਸਹਿਯੋਗ' ਪ੍ਰੋਗਰਾਮਾਂ ਦੇ ਆਧਾਰ 'ਤੇ ਵਜ਼ੀਫ਼ੇ ਲੈ ਕੇ ਉੱਚ ਸਿੱਖਿਆ ਹਾਸਲ ਕਰ ਰਹੇ ਹਨ।

ਆਸ ਹੈ ਕਿ ਭਾਰਤ ਬੋਧੀ ਤੀਰਥ ਸਥਾਨਾਂ 'ਤੇ ਮਿਆਂਮਾਰ ਤੋਂ ਸ਼ਰਧਾਲੂਆਂ ਦੀ ਆਮਦ ਸੁਖਾਲੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇਗਾ। ਫ਼ਿਲਹਾਲ ਮਾਨਤਾ ਇਹ ਹੈ ਕਿ ਚੀਨ ਬਹੁਤ ਤੇਜ਼ੀ ਨਾਲ ਅਤੇ ਭਾਰਤ ਧੀਮੀ ਚਾਲੇ ਆਪਣੇ ਪ੍ਰਾਜੈਕਟ ਲਾ ਰਿਹਾ ਹੈ। ਮਿਆਂਮਾਰ ਵਿੱਚ ਆਰਥਿਕ ਅਤੇ ਫ਼ੌਜੀ ਸਹਾਇਤਾ ਦੇਣ ਬਦਲੇ ਚੀਨ ਦੀ ਸ਼ਲਾਘਾ ਹੋ ਸਕਦੀ ਹੈ ਪਰ ਮਿਆਂਮਾਰ ਦੇ ਅੰਦਰੂਨੀ ਮਾਮਲਿਆਂ 'ਚ ਇਸ ਦੇ ਵਧੇਰੇ ਦਖ਼ਲ ਕਾਰਨ ਇਸ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪਹਿਲਾਂ 1967 ਵਿੱਚ ਸਮੁੱਚੇ ਮਿਆਂਮਾਰ ਵਿੱਚ ਚੀਨੀਆਂ ਖ਼ਿਲਾਫ਼ ਵੱਡੇ ਪੱਧਰ 'ਤੇ ਰੋਹ, ਰੋਸ ਤੇ ਹਿੰਸਾ ਫੈਲ ਗਈ ਸੀ।

## ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ

ਸਾਹਿਬਾਂ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਿਮ ਦਿਮਾਗੀ ਧਾਰਣਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਧਾਰਣਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਂ ਦਾ ਮਜ਼੍ਹਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸੰਸਾ ਦੀ ਪ੍ਰਸੰਸਾ ਨਾਲ ਭਰਭੂਰ ਹੈ। ਇਸ ਵਿਚ ਅਸੀਮ ਖੁਸ਼ੀ ਹੈ। ਅਤੇ ਅਸੀਮ ਗ਼ਮ ਵੀ ਹਨ। ਗੁਰੂ ਪ੍ਰਣਾਲੀ ਵਿਚ ਖੁਸ਼ੀ ਜੀਵਨ ਦੇ ਗ਼ਮਾਂ ਦੇ ਰੁੱਖ ਤੇ ਖਿੜਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿਚ ਗ਼ਮ ਦਾ ਇਹਸਾਸ ਪ੍ਰਾਪਤ ਨਹੀਂ ਹੋਇਆ ਉਨ੍ਹਾਂ ਲਈ ਨਿਰੀ ਖੁਸ਼ੀ ਹੌਕੇਂ ਭਰੀ ,ਧੋਖਾ , ਅਤੇ ਟਹਿਣੀਓਂ ਟੁਟੇ ਫੁੱਲ ਦੇ ਮਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤਰੀਆਂ ਖੁਲ੍ਹਾ ਅਤੇ ਬਰਾਬਰ ਦਾ ਭਾਗ ਲੈਂਦੀਆ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਆ ਹੈ। ਗੁਰੂ ਸਾਹਿਬਾਂ ਵੱਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਨ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਮੈਂ ਸ਼ਰਮਿੰਦਾ ਹਾਂ ਕਿ ਹਿੰਦੂ ਜਾਏ ਸਿੱਖਾਂ ਦੇ ਪੁਰਾਣੇ ਸਮਾਜਿਕ ਰੁਝਾਨ ਕਾਰਣ ਸਿੱਖਣੀ ਜਾਂ ਸਿੰਘਣੀ ਦੇ ਸ਼ਬਦ ਸ਼ਾਮਲ ਕਰ ਦਿੱਤੇ ਗਏ ਹਨ।

ਬੁੱਧ ਨੇ ਨੇਕ ਅਤੇ ਪਿਆਰੇ ਚੇਲੇ ਆਨੰਦ ਦੇ ਜ਼ੋਰ ਦੇਣ ਤੇ ਨਨਾਂ ਦੀ ਪ੍ਰਨਾਲੀ ਚਲਾਈ। ਅਤੇ ਈਸਾ ਮਸੀਹ ਦੇ ਦੁਆਲੇ ਇਕੱਠੇ ਹੋਏ ਬਹੁਤ ਸਾਰੇ ਪੈਰੋਕਾਰਾਂ ਵਿਚ ਮਹਾਨ ਪੈਰੋਕਾਰ ਫ਼ਲਸਤੀਨ ਦੀਆਂ ਇਸਤਰੀਆਂ ਹਨ। ਪਰ ਇਥੇਂ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਂ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਉ, ਫਿਰ, ਉਹ ਪੰਜਾਬ ਦੇ ਸਿੱਖ ਨੌਜਵਾਨੋ , ਅਤੇ ਉਸ ਦੇ ਨਾਮ ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਉ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪੱਤੀ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਈਏ । ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰ੍ਹੇ ਰਹਿੰਦੇ ਹਨ। ਉਹ ਸਾਡੀ ਮੱਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਬਦੇਹੀ ਹੋ ਜਾਈਏ । ਸਰੀਰ ਨੂੰ ਕੇਵਲ ਵਾਹਨ ਵਾਂਗ ਰਖੀਏ ਜਿਵੇਂ ਕਿ ਇਸ ਸੰਘ ਦੇ ਮਹਾਨ ਸੰਗੀ, ਈਸਾ ਨੇ ਆਪਣੇ ਸਰੀਰ ਬਾਰੇ ਕਿਹਾ ਹੈ ਕਿ ਇਹ ਤਾਂ ਕੇਵਲ ਪਿਤਾ ਦੀ ਰੂਹ' ਦੇ ਵਾਹਨ ਤੋਂ ਛੁਟ ਕੁਝ ਵੀ ਨਹੀਂ।

(ਇਹ ਲੇਖ ਗੁਰੂ ਗੋਬਿੰਦ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋ ਛਾਪੀ ਕਿਤਾਬ "ਏਕ ਨੂਰ: ਗੁਰੂ ਗੋਬਿੰਦ ਸਿੰਘ ਜੀਵਨ ਅਤੇ ਦਰਸ਼ਨ" ਵਿੱਚੋ ਧੰਨਵਾਦ ਸਹਿਤ ਲਿਆ ਗਿਆ ਹੈ)

# ਪੰਜਾਬੀ ਸਿਨਮਾ : ਹੁਣ ਸੰਭਲਣ ਦਾ ਵੇਲਾ

**ਡਾ. ਨਿਸ਼ਾਨ ਸਿੰਘ ਰਾਠੌਰ**
(ਸੰਪਰਕ: 75892-33437)

ਕਿਸੇ ਵੀ ਸਮਾਜ ਦੀ ਸਹੀ ਤਸਵੀਰ ਦੇਖਣ ਲਈ ਉਸਦੇ ਸਿਨਮਾ ਨੂੰ ਦੇਖ ਲੈਣਾ ਹੀ ਕਾਫ਼ੀ ਹੁੰਦਾ ਹੈ। ਪੰਜਾਬੀ ਸਿਨਮਾ ਦਾ ਇਤਿਹਾਸ ਵੀ ਬਹੁਤ ਸੰਜੀਦਾ ਅਤੇ ਮਾਣ ਵਾਲਾ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਮਗਰੋਂ ਪੰਜਾਬੀ ਸਿਨਮਾ ਦਾ ਸਥਾਨ ਬਹੁਤ ਪ੍ਰਭਾਵਸ਼ਾਲੀ, ਨਿਵੇਕਲਾ ਅਤੇ ਸਮਾਜ ਨੂੰ ਸੇਧ ਦੇਣ ਵਾਲਾ ਰਿਹਾ ਹੈ। ਪਰ ਅਜੋਕੇ ਦੌਰ ਵਿੱਚ ਪੰਜਾਬੀ ਸਮਾਜ ਅੰਦਰ ਪੰਜਾਬੀ ਸਿਨਮਾ ਦਾ ਪ੍ਰਭਾਵ/ਮਹੱਤਵ ਬਹੁਤ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ ਜਾਂ ਪ੍ਰਭਾਵ ਪੱਖੋਂ ਨਾਂ-ਮਾਤਰ ਹੀ ਬਚਿਆ ਹੈ। ਇਸ ਕਮਜ਼ੋਰੀ ਦੇ ਬਹੁਤ ਸਾਰੇ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ।

ਪੰਜਾਬੀ ਸਿਨਮਾ ਦਾ ਅਜੋਕਾ ਦੌਰ ਜਿੱਥੇ ਬੌਲੀਵੁੱਡ ਨੂੰ ਟੱਕਰ ਦੇ ਰਿਹਾ ਹੈ ਉੱਥੇ ਮਿਆਰ ਪੱਖੋਂ ਇਹ ਤੀਜੇ ਦਰਜੇ ਦੀਆਂ ਫ਼ਿਲਮਾਂ ਦਾ ਕਾਰੋਬਾਰ ਬਣ ਕੇ ਰਹਿ ਗਿਆ ਹੈ। ਪੰਜਾਬੀ ਸਿਨਮਾ ਦਾ ਮੂਲ ਉਦੇਸ਼ ਪੈਸਾ ਕਮਾਉਣਾ ਅਤੇ ਦੋ- ਅਰਥੀ ਗੱਲਾਂ ਰਾਹੀਂ ਲੋਕਾਂ ਨੂੰ ਹਸਾਉਣ ਤਕ ਸੀਮਤ ਹੋ ਕੇ ਰਹਿ ਗਿਆ ਹੈ। ਇਨ੍ਹਾਂ ਗੱਲਾਂ ਨੂੰ ਪਿਛਲੇ ਤਿੰਨ- ਚਾਰ ਸਾਲਾਂ ਵਿੱਚ ਆਈਆਂ ਪੰਜਾਬੀ ਫ਼ਿਲਮਾਂ ਨੂੰ ਦੇਖ ਕੇ ਪਰਖਿਆ ਜਾ ਸਕਦਾ ਹੈ, ਦੇਖਿਆ ਜਾ ਸਕਦਾ




ਹੈ ਅਤੇ ਦਰੁਸਤੀ ਨਾਲ ਸਮਝਿਆ ਜਾ ਸਕਦਾ ਹੈ।ਪੰਜਾਬੀ ਸਿਨਮਾ ਦੀ ਦਸ਼ਾ ਅਤੇ ਦਿਸ਼ਾ ਵਿਗੜ ਗਈ ਜਾਪਦੀ ਹੈ। ਇਨ੍ਹਾਂ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਵੀ ਹੈ ਕਿ ਕਈ ਗ਼ੈਰ ਪੰਜਾਬੀ ਇਸ ਕਾਰੋਬਾਰ ਵਿੱਚ ਕੇਵਲ ਪੈਸਾ ਕਮਾਉਣ ਦੀ ਸੰਭਾਵਨਾ ਨੂੰ ਦੇਖ ਕੇ ਆਣ ਵੜੇ ਹਨ। ਪੰਜਾਬੀ ਦੇ ਬਹੁਤ ਸਾਰੇ ਸੰਜੀਦਾ ਕਲਾਕਾਰ ਇਸ ਖ਼ੇਤਰ ਤੋਂ ਕਿਨਾਰਾ ਕਰ ਚੁੱਕੇ ਹਨ।

ਅਜੋਕੇ ਸਮੇਂ ਪੰਜਾਬੀ ਫ਼ਿਲਮਾਂ ਨੂੰ ਕੇਵਲ ਦੋ-ਅਰਥੀ ਗੱਲਾਂ ਕਰਕੇ ਹਸਾਉਣ ਵਾਲਾ ਵਪਾਰ ਬਣਾ ਕੇ ਰੱਖ ਦਿੱਤਾ ਹੈ। 'ਵਿਅੰਗ ਵੀ ਸਾਰਥਕ ਅਤੇ ਮਿਆਰੀ ਹੋ ਸਕਦਾ ਹੈ।' ਇਸ ਗੱਲ ਨੂੰ ਅਜੋਕਾ ਪੰਜਾਬੀ ਸਿਨਮਾ ਲਗਪਗ ਭੁੱਲ ਹੀ ਗਿਆ ਜਾਪਦਾ ਹੈ। ਪੰਜਾਬੀ ਸਿਨਮਾ ਨੂੰ ਮੁੜ ਤੋਂ ਪੈਰਾਂ ਸਿਰ ਕਰਨ ਵਾਲੇ ਸੰਜੀਦਾ ਕਲਾਕਾਰ ਅੱਜਕੱਲ੍ਹ ਚੁੱਪ ਵੱਟੀ ਬੈਠੇ ਹਨ ਕਿਉਂਕਿ ਉਹ ਅੱਜ ਦੇ ਦੌਰ ਵਿੱਚ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੇ ਨਹੀਂ ਉਤਰ ਰਹੇ। ਅੱਜ ਦਾ ਨੌਜਵਾਨ ਸਿਨਮਾ- ਘਰ ਵਿੱਚ ਹੱਸਣ- ਖੇਡਣ ਅਤੇ ਆਪਣਾ ਸਮਾਂ ਬਤੀਤ ਕਰਨ ਵਾਸਤੇ ਜਾਂਦਾ ਹੈ। ਇਸ ਗੱਲ ਨੂੰ ਅਜੋਕਾ 'ਸਿਨਮਾ ਵਪਾਰੀ' ਬਹੁਤ ਚੰਗੀ ਤਰ੍ਹਾਂ ਸਮਝ ਗਿਆ ਹੈ। ਇਸ ਲਈ ਮਿਆਰ ਅਤੇ ਸਾਰਥਕਤਾ ਦੀ ਕਿਸੇ ਥਾਂ ਉੱਪਰ ਕੋਈ ਚਰਚਾ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਖ਼ਿਆਲ ਰੱਖਿਆ ਜਾਂਦਾ ਹੈ। ਇੱਕ- ਦੋ ਅਪਵਾਦ ਹੋ ਸਕਦੇ ਹਨ, ਪਰ ਬਹੁਤੀਆਂ ਫ਼ਿਲਮਾਂ ਨੇ ਪੰਜਾਬੀਆਂ ਦੇ ਰੁਤਬੇ ਨੂੰ ਮਿੱਟੀ ਵਿੱਚ ਰੋਲਣ ਦਾ ਕੰਮ ਬਾਖ਼ੂਬੀ ਨੇਪਰੇ ਚਾੜ੍ਹਿਆ ਹੈ।

'ਸੂਬੇਦਾਰ ਜੋਗਿੰਦਰ ਸਿੰਘ' ਅਜਿਹੀ ਫ਼ਿਲਮ ਹੈ ਜਿਹੜੀ ਸਾਡੇ ਸਮਾਜ ਨੂੰ ਸੇਧ ਦਿੰਦੀ ਹੈ ਅਤੇ ਆਪਣੇ ਵਿਰਸੇ/ਇਤਿਹਾਸ ਨਾਲ ਜੋੜਦੀ ਹੈ। ਇਸੇ ਤਰ੍ਹਾਂ 'ਦਿ ਬਲੈਕ ਪ੍ਰਿੰਸ' ਅਤੇ 'ਪੰਜਾਬ 1984' ਆਦਿ ਵਰਗੀਆਂ ਫ਼ਿਲਮਾਂ ਨੇ ਬਹੁਤ ਹੱਦ ਤਕ ਪੰਜਾਬੀ ਸਿਨਮਾ ਦੀ ਇੱਜ਼ਤ ਨੂੰ ਖੋਰਾ ਲੱਗਣ ਤੋਂ ਬਚਾਇਆ ਹੈ। ਇਨ੍ਹਾਂ ਫ਼ਿਲਮਾਂ ਨੇ ਸਹੀ ਵਿਸ਼ੇ, ਕਹਾਣੀ ਅਤੇ ਪਾਤਰਾਂ ਰਾਹੀਂ ਪੰਜਾਬੀ ਸਿਨਮਾ ਨੂੰ ਮਾਣ ਦਿੱਤਾ ਹੈ।

ਪੰਜਾਬੀ ਸਿਨਮਾ ਗਿਣਤੀ ਪੱਖੋਂ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਪਰ ਗੁਣਵੱਤਾ ਪੱਖੋਂ ਬਹੁਤ ਸੁਸਤ ਚਾਲ ਨਾਲ ਚੱਲਦਾ ਦਿਖਾਈ ਦਿੰਦਾ ਹੈ। ਗੁਣਵੱਤਾ ਦਾ ਖ਼ਿਆਲ ਇਸ ਕਰਕੇ ਨਹੀਂ ਰੱਖਿਆ ਜਾ ਰਿਹਾ ਕਿਉਂਕਿ ਅਜੋਕਾ ਨੌਜਵਾਨ ਵਰਗ ਫ਼ਿਲਮਾਂ ਦੀ ਗੁਣਵੱਤਾ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਪੰਜਾਬੀ ਸਮਾਜ ਵਿੱਚ ਸਿਨਮਾ ਦਾ ਮਤਲਬ ਸਿਰਫ਼ ਹੱਸਣਾ- ਖੇਡਣਾ ਅਤੇ ਨੱਚਣਾ- ਗਾਉਣਾ ਤੋਂ ਹੀਂ ਲਿਆ ਜਾਂਦਾ ਹੈ। ਪੰਜਾਬੀ ਸਮਾਜ ਵਿੱਚ ਕਹਾਣੀਆਂ ਦੀ ਕੋਈ ਕਮੀ ਨਹੀਂ ਹੈ। ਸਾਡਾ ਗੌਰਵਮਈ ਵਿਰਸਾ, ਇਤਿਹਾਸ ਅਤੇ ਸੱਭਿਆਚਾਰ ਅਣਗਿਣਤ ਕਹਾਣੀਆਂ ਨਾਲ ਭਰਿਆ ਪਿਆ ਹੈ, ਪਰ ਇਨ੍ਹਾਂ ਕੀਮਤੀ ਕਹਾਣੀਆਂ 'ਤੇ ਕਰੋੜਾਂ ਰੁਪਏ ਕੌਣ ਲਾਵੇ ?, ਜਦੋਂ ਸਸਤੀ ਕਾਮੇਡੀ ਜਾਂ ਦੋ- ਅਰਥੀ ਗੱਲਾਂ ਰਾਹੀਂ ਹੀ ਕਰੋੜਾਂ ਰੁਪਏ ਕਮਾਏ ਜਾ ਸਕਦੇ ਹਨ। ਇਸ ਲਈ ਅਜੋਕਾ ਦੌਰ ਸਸਤੀਆਂ ਅਤੇ ਲੱਚਰਤਾ ਭਰਪੂਰ ਫ਼ਿਲਮਾਂ ਦਾ ਹੈ। ਇਸ ਦੌਰ ਵਿੱਚ ਵਪਾਰੀ ਵਰਗ ਪੈਸਾ ਕਮਾਉਣਾ ਅਤੇ ਕਲਾਕਾਰ ਆਪਣੀ ਪ੍ਰਸਿੱਧੀ ਚਾਹੁੰਦਾ ਹੈ। ਇਸ ਤੋਂ ਇਲਾਵਾ ਹੋਰ ਕੁਝ ਨਹੀਂ। ਪੰਜਾਬੀ ਸਿਨਮਾ ਨੂੰ ਕੁਰਾਹੇ ਪਾਉਣ ਵਿੱਚ ਜਿੱਥੇ ਕਲਾਕਾਰ ਕਸੂਰਵਾਰ ਹਨ ਉੱਥੇ ਸਾਡਾ ਪੰਜਾਬੀ ਸਮਾਜ ਵੀ ਕਸੂਰਵਾਰ ਹੈ ਕਿਉਂਕਿ ਅਸੀਂ ਮਿਆਰੀ ਫ਼ਿਲਮਾਂ ਨੂੰ ਦੇਖਣ ਵਿੱਚ ਆਪਣਾ ਵਕਤ ਨਹੀਂ ਗੁਆਉਣਾ ਚਾਹੁੰਦੇ। ਇਸ ਕਰਕੇ ਕਲਾਕਾਰ ਅਤੇ ਵਪਾਰੀ ਸਸਤੀਆਂ ਫ਼ਿਲਮਾਂ ਰਾਹੀਂ ਆਪਣੇ ਕਾਰੋਬਾਰ ਨੂੰ ਪ੍ਰਫੁੱਲਿਤ ਕਰਦੇ ਰਹਿੰਦੇ ਹਨ ਅਤੇ ਅਸੀਂ ਸਿਨਮਾ ਘਰਾਂ ਵਿੱਚ ਦੋ- ਅਰਥੀ ਗੱਲਾਂ 'ਤੇ ਤਾੜੀਆਂ ਮਾਰਦੇ ਰਹਿੰਦੇ ਹਾਂ। ਪੰਜਾਬੀ ਸਿਨਮਾ ਨੂੰ ਆਪਣੇ ਫ਼ਰਜ਼ ਉਸ ਵਕਤ ਚੇਤੇ ਆ ਸਕਦੇ ਹਨ ਜਦੋਂ ਹਰ ਪੰਜਾਬੀ ਆਪਣੇ ਫ਼ਰਜ਼ ਚੇਤੇ ਰੱਖੇ। ਜਦੋਂ ਅਸੀਂ ਆਪ ਆਪਣੇ ਫ਼ਰਜ਼ਾਂ ਨੂੰ ਵਿਸਾਰ ਚੁੱਕੇ ਹਾਂ ਤਾਂ ਸਾਨੂੰ ਪੰਜਾਬੀ ਸਿਨਮਾ ਜਗਤ ਤੋਂ ਕਿਸੇ ਤਰ੍ਹਾਂ ਦੀ ਆਸ ਨਹੀਂ ਰੱਖਣੀ ਚਾਹੀਦੀ। ਸਿਨਮਾ ਘਰਾਂ ਵਿੱਚ ਆਪਣੇ ਮਾਂ-ਬਾਪ, ਪਤਨੀ ਅਤੇ ਬੱਚਿਆਂ ਨਾਲ ਦੇਖੀ ਜਾਣ ਵਾਲੀ ਪੰਜਾਬੀ ਫ਼ਿਲਮ ਹੀ ਅਸਲ ਅਰਥਾਂ ਵਿੱਚ ਪੰਜਾਬੀ ਸਿਨਮਾ ਦੀ ਸਹੀ ਤਸਵੀਰ ਕਹੀ ਜਾ ਸਕਦੀ ਹੈ। ਪੰਜਾਬੀ ਸਿਨਮਾ ਨੂੰ ਇਹ ਗਿਲਾ ਨਹੀਂ ਹੋਣਾ ਚਾਹੀਦਾ ਕਿ ਮਿਆਰੀ ਫ਼ਿਲਮਾਂ ਨੂੰ ਪੰਜਾਬੀਆਂ ਦਾ ਹੁੰਗਾਰਾ ਨਹੀਂ ਮਿਲਦਾ ਕਿਉਂਕਿ ਅਤੀਤ ਵਿੱਚ ਅਜਿਹੀਆਂ ਫ਼ਿਲਮਾਂ ਨੂੰ ਪੰਜਾਬੀਆਂ ਨੇ ਹੱਥਾਂ 'ਤੇ ਚੁੱਕਿਆ ਹੈ, ਪਰ ਹੁਣ ਵਕਤ ਬਦਲ ਚੁੱਕਿਆ ਹੈ।

ਅਜੋਕੇ ਦੌਰ ਵਿੱਚ ਜੇਕਰ ਪੰਜਾਬੀ ਸਮਾਜ ਨੇ ਪੰਜਾਬੀ ਸਿਨਮਾ ਨੂੰ ਆਪਣੇ ਫ਼ਰਜ਼ ਚੇਤੇ ਨਾ ਕਰਵਾਏ ਤਾਂ ਬਹੁਤ ਦੇਰ ਹੋ ਜਾਵੇਗੀ ਅਤੇ ਮੁੜ ਸਾਡੇ ਕੋਲ ਨਾ ਤਾਂ ਸਮਾਂ ਰਹੇਗਾ ਅਤੇ ਨਾ ਹੀ ਸਾਧਨ। ਇਸ ਲਈ ਵਿਸ਼ੇ ਪੱਖੋਂ ਸਾਰਥਕ ਅਤੇ ਮਿਆਰੀ ਫ਼ਿਲਮਾਂ ਨੂੰ ਭਰਵਾਂ ਹੁੰਗਾਰਾ ਮਿਲਣਾ ਲਾਜ਼ਮੀ ਹੈ ਅਤੇ ਦੋ-ਅਰਥੀ ਗੱਲਾਂ ਰਾਹੀਂ ਸਾਡੀਆਂ ਮਾਵਾਂ- ਭੈਣਾਂ ਨੂੰ ਮੰਦਾ ਬੋਲਣ ਵਾਲੇ ਮਸਖ਼ਰਿਆਂ ਨੂੰ ਸਬਕ ਮਿਲਦਾ ਚਾਹੀਦਾ ਹੈ ਤਾਂ ਕਿ ਪੰਜਾਬੀ ਸਿਨਮਾ ਮੁੜ ਆਪਣੇ ਅਸਲ ਸਰੂਪ ਵਿੱਚ ਆ ਸਕੇ।

# ਕੌਣ ਸਨ ਗੁਰੂਆਂ ਦੇ ਸਾਥੀ ਸਾਈਂ ਮੀਆਂ ਮੀਰ

**ਬਲਜੀਤ ਸਿੰਘ**



ਸਾਈਂ ਮੀਆਂ ਮੀਰ 16ਵੀਂ ਸਦੀ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਸਨ, ਜਿਨ੍ਹਾਂ ਦੇ ਦੋਸਤਾਨਾ ਸੰਬੰਧ ਸਿਰਫ਼ ਮੁਗ਼ਲਾਂ ਤੱਕ ਹੀ ਸੀਮਤ ਨਹੀਂ ਸਨ, ਸਗੋਂ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨਾਲ ਵੀ ਸੁਖਾਲੇ ਸਨ। ਉਹਨਾਂ ਦੀ ਸ਼ਹਾਦਤ ਤੋਂ ਮਗਰੋਂ ਉਹਨਾਂ ਦੇ ਪੁੱਤਰ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਵੀ ਮਿੱਤਰਤਾਪੂਰਨ ਰਹੇ ਹਨ। ਸਾਈਂ ਮੀਆਂ ਮੀਰ ਦਾ ਜਨਮ 1550 ਈਸਵੀ ਵਿੱਚ ਸੀਸਤਨ ਦੇ ਕਾਜ਼ੀ ਹਜ਼ਰਤ ਸਹੀਨ ਦਿੱਤਾ ਦੇ ਘਰ ਮਾਤਾ ਬੀਬੀ ਫ਼ਾਤਮਾ ਦੀ ਕੁੱਖੋਂ ਹੋਇਆ। ਸੀਸਤਨ ਠੱਠਾ ਤੇ ਭੱਕਰ ਵਿਚਕਾਰ ਇੱਕ ਪ੍ਰਸਿੱਧ ਮੰਡੀ ਸੀ। ਆਪ ਜੀ ਦੇ ਤਿੰਨ ਭਰਾ-ਕਾਜ਼ੀ ਬੋਲਣ, ਕਾਜ਼ੀ ਉਸਮਾਨ ਅਤੇ ਕਾਜ਼ੀ ਤਾਹਿਰ ਅਤੇ ਦੋ ਭੈਣਾਂ ਜਮਾਲ ਤੇ ਜਲਾਲ ਸਨ। ਸਾਈਂ ਮੀਆਂ ਮੀਰ ਕਾਦਰੀ ਸਿਲਸਿਲੇ ਨਾਲ ਸੰਬੰਧਿਤ ਸਨ। ਉਹ ਦੂਜੇ ਧਾਰਮਿਕ ਵਿਚਾਰਾਂ ਪ੍ਰਤੀ ਬਹੁਤ ਉਦਾਰ ਸਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਮੀਆਂ ਮੀਰ ਦਾ ਨਾਂ ਸ਼ੇਖ ਮੁਹੰਮਦ ਫਾਰੂਕੀ ਸੀ ਪਰ ਪੀਰ ਸ਼ਾਹ, ਮੀਆਂ ਮੀਰ, ਬਾਲਾ ਪੀਰ ਕਰਕੇ ਉਹ ਕਈ ਨਾਵਾਂ ਨਾਲ ਜਾਣੇ ਜਾਂਦੇ ਸਨ। ਆਪ ਦਾ ਬਚਪਨ ਸਿੰਧ ਵਿੱਚ ਗੁਜ਼ਰਿਆ। ਮੁਗ਼ਲ ਬਾਦਸ਼ਾਹ ਜਹਾਂਗੀਰ, ਦਾਰਾ ਸ਼ਿਕੋਹ ਅਤੇ ਨੂਰ ਜਹਾਂ ਸਾਈਂ ਮੀਆਂ ਮੀਰ ਦੇ ਸ਼ਾਗਿਰਦ ਸਨ। ਇਸ ਤੱਥ ਦਾ ਹਵਾਲਾ ਮਹਿਮਾ ਪ੍ਰਕਾਸ਼ ਵਿੱਚ ਮਿਲਦਾ ਹੈ :

ਮੀਆਂ ਮੀਰ ਜਗ ਅਵਲ ਫ਼ਕੀਰ।
ਭਏ ਮੁਰੀਦ ਤਾਂ ਕੇ ਜਹਾਂਗੀਰ।
ਏਕ ਚਟਾਈ ਰਾਖੇ ਫਰਸ।
ਵਹ ਪਾਕ ਮੁਸਲਾ ਸਾਨੋ ਅਰਸ਼।
ਏਕਾ ਘੜਾ ਪਿਆਲਾ ਮਾਟੀ ਕਾ ਰਹੈ।
ਬਹੁਤ ਮੁੱਕਤ ਕਾ ਸਭ ਜਗ ਕਹੈ।

ਸਾਈਂ ਮੀਆਂ ਮੀਰ ਜੀ 1575-1576 ਦੇ ਕਰੀਬ ਲਾਹੌਰ ਆ ਕੇ ਰਹਿਣ ਲੱਗ ਪਏ। ਇੱਥੇ ਹੀ ਉਨ੍ਹਾਂ ਦਾ ਰਾਬਤਾ ਗੁਰੂ ਅਰਜਨ ਦੇਵ ਜੀ ਨਾਲ ਕਾਇਮ ਹੋ ਗਿਆ। ਇਹ ਸਾਂਝ ਕੇਵਲ ਵਿਚਾਰਾਂ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਰੂਹਾਨੀਅਤ ਦੇ ਮੰਡਲਾਂ ਤੱਕ ਜਾ ਪੁੱਜੀ। ਗੁਰੂ ਅਰਜਨ ਦੇਵ ਜੀ ਸੂਫ਼ੀ ਫ਼ਕੀਰਾਂ ਦਾ ਬਹੁਤ ਆਦਰ ਕਰਦੇ ਸਨ। ਇਸ ਗੱਲ ਦੀ ਗਵਾਹੀ ਗੁਰੂ ਅਰਜਨ ਦੇਵ ਦੁਆਰਾ ਆਦਿ ਗ੍ਰੰਥ ਵਿੱਚ ਵਿੱਚ ਬਾਬਾ ਫ਼ਰੀਦ ਦੇ ਸੰਕਲਨ ਤੇ ਸੰਪਾਦਤ ਕੀਤੇ 112 ਸ਼ਲੋਕਾਂ ਤੇ ਚਾਰ ਸ਼ਬਦਾਂ ਤੋਂ ਮਿਲਦੀ ਹੈ। ਬਾਬਾ ਫ਼ਰੀਦ ਦੀ ਬਾਣੀ ਦਾ ਪ੍ਰਭਾਵ ਅਤੇ ਵਿਸ਼ਾ ਵਸਤੂ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਵੀ ਮਿਲਦਾ ਹੈ। ਅਸਲ ਵਿੱਚ ਸਿੱਖ ਧਰਮ ਦੂਸਰੇ ਧਰਮਾਂ ਦੇ ਵਿਰੋਧ ਵਜੋਂ ਨਹੀਂ ਉਪਜਿਆ, ਸਗੋਂ ਸਮਕਾਲੀਨ ਸਮਾਜ ਵਿੱਚ ਮੌਜੂਦ ਧਰਮਾਂ ਦੀਆਂ ਫੋਕੀਆਂ ਰੀਤਾਂ-ਰਸਮਾਂ ਅਤੇ ਕੁਰੀਤੀਆਂ ਨੂੰ ਖੰਡਨ ਕਰਨ ਦੇ ਪ੍ਰਤੀ ਰੂਪ ਵਜੋਂ ਹੋਂਦ ਵਿੱਚ ਆਇਆ ਹੈ।

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਣ ਵਾਲੀ ਬਾਣੀ, ਚਾਹੇ ਉਹ ਭਗਤਾਂ, ਫ਼ਕੀਰਾਂ, ਭੱਟਾਂ ਆਦਿ ਦੀ ਸੀ, ਬਿਨਾਂ ਵੈਰ ਵਿਰੋਧ ਤੋਂ ਆਦਿ ਗ੍ਰੰਥ ਵਿੱਚ ਦਰਜ ਕਰ ਲਈ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਵਵਰਤੀ ਗੁਰੂਆਂ, ਭੱਟਾਂ, ਭਗਤਾਂ ਆਦਿ ਦੀ ਬਾਣੀ ਦਾ ਸੰਕਲਨ ਅਤੇ ਸੰਪਾਦਨ ਕੀਤਾ। ਗੁਰੂ ਅਰਜਨ ਦੇਵ ਜੀ ਦੇ ਆਦਿ ਗ੍ਰੰਥ ਦੀ ਪਹਿਲੀ ਬੀੜ ਦਾ ਪ੍ਰਕਾਸ਼ 1604 ਈਸਵੀ ਵਿੱਚ ਬਾਬਾ ਬੁੱਢਾ ਜੀ ਤੋਂ ਹਰਿਮੰਦਰ ਸਾਹਿਬ ਵਿੱਚ ਕਰਵਾਇਆ ਗਿਆ। ਹਰਿਮੰਦਰ ਸਾਹਿਬ, ਦੀ ਉਸਾਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਸੀ। ਇਸ ਦੀ ਉਸਾਰੀ ਨੇ ਸਿਰਫ਼ ਅੰਮ੍ਰਿਤਸਰ ਦੀ ਮਹੱਤਤਾ ਵਿੱਚ ਹੀ ਵਾਧਾ ਨਹੀਂ ਕੀਤਾ, ਸਗੋਂ ਰੂੜ੍ਹੀਵਾਦੀ ਵਿਸ਼ਵਾਸਾਂ ਨੂੰ ਤੋੜਨ ਵਾਲੇ ਕੜੀ ਵਜੋਂ ਅਹਿਮ ਭੂਮਿਕਾ ਨਿਭਾਈ। ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਗਏ ਸਨ। ਹਿੰਦੂਆਂ ਦੇ ਧਾਰਮਿਕ ਸਥਾਨ ਜ਼ਿਆਦਾਤਰ ਨਦੀਆਂ ਦੇ ਕੰਢੇ ਬਣਾਏ ਜਾਂਦੇ ਸਨ, ਜੋ ਭਵ-ਸਾਗਰ ਪਾਰ ਕਰਾਉਣ ਦੇ ਪ੍ਰਤੀਕ ਮੰਨੇ ਜਾਂਦੇ ਹਨ। ਇਸ ਧਾਰਨਾ ਦੇ ਉਲਟ ਗੁਰੂ ਅਰਜਨ ਦੇਵ ਜੀ ਨੇ ਭਵ-ਸਾਗਰ ਪਹਿਲਾਂ ਤਰ ਕੇ ਅਕਾਲ ਪੁਰਖ ਦੇ ਘਰ ਵਿੱਚ ਦਾਖਲ ਹੋਣ ਦਾ ਇੱਕ ਨਿਵੇਕਲਾ ਤੇ ਵਿਲੱਖਣ ਨਮੂਨਾ ਪੇਸ਼ ਕੀਤਾ ਹੈ। 19ਵੀਂ ਸਦੀ ਤੱਕ ਇਹ ਮੰਨਿਆ ਜਾਂਦਾ ਸੀ ਕਿ ਇਸ ਧਾਰਮਿਕ ਸਥਾਨ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਰੱਖੀ, ਪਰ ਬਾਅਦ ਦੀਆਂ ਸਿੱਖ ਰਵਾਇਤਾਂ, ਸਾਹਿਤ ਤੇ ਵਿਦਵਾਨਾਂ ਨੇ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਸ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਗੁਰੂ ਅਰਜਨ ਦੇਵ ਜੀ ਨੇ ਰਖਵਾਈ। ਹੁਣ ਪਹਿਲਾਂ ਅਸੀਂ ਉਨ੍ਹਾਂ ਵਿਦਵਾਨਾਂ ਦਾ ਜ਼ਿਕਰ ਕਰਦੇ ਹਾਂ ਜਿਹੜੇ ਕਿ ਇਸ ਦੀ ਨੀਂਹ ਗੁਰੂ ਅਰਜਨ ਦੇਵ ਜੀ ਦੁਆਰਾ ਰੱਖੀ ਮੰਨਦੇ ਹਨ:

ਸੰਤੋਖ ਸਿੰਘ ਅਨੁਸਾਰ :

ਇਮਿ ਅਰਦਾਸ ਕਰੀ ਬ੍ਰਿਧ ਜਬੋ।
ਸ੍ਰੀ ਅਰਜਨ ਕਰ ਪੰਕਜ ਤਬੋ॥
ਗਹੀ ਈਂਟ ਤਹਿ ਕਰੀ ਟਿਕਾਵਨ।
ਅੰਦਰ ਅਵਿਚਲ ਨੀਵ ਰਖਾਵਨ॥
ਤਬ ਕਾਰੀਗਰ ਨਿਕਟ
ਸੁਹੇਗਿਹੋਤ ਜਨਾਵਨਤਮੀ ਬਡੇਰ॥
ਨਿਜ ਕਰਤੇ ਉਠਾਇ ਸੋ ਲੀਨ।
ਫੇਰ ਘਰ ਧਰਿ ਦੀਨ॥
ਸ੍ਰੀ ਅਰਜਨ ਅਵਿ ਲੋਕਨ ਕਰਯੋ।
ਕਹਾਂ ਕੀਨ ਤੋਂ ?
ਬਾਕ ਉਚਰਯੋ॥
ਹਮ ਗੁਰ ਸਿਮਰ ਸਮੈ ਸਭ ਜਾਨਾ।
ਧਰ ਈਂਟ ਹਿਤ ਅਚਲ ਸਥਾਨਾ।
ਚਿਨਬੇ ਹਾਰ ਆਜ ਤੇ ਪਏ।
ਈਟ ਅਪਰ ਜੋ ਧਰਿਹੈ ਆਛੇ।
ਤਿਸ ਉਖੇਰ ਪੁਨ ਆਪ ਧਾਰੋ ਹੈ।
ਕਾਰੀਗਰ ਬਿਖੈ ਅਸ ਹ੍ਵੈ ਹੈ।
ਇਸ ਕੇ ਸ੍ਰਪ ਕਹਯੋ ਗੁਰ ਫੇਰ।
ਅਸ ਕ੍ਰਿਤਿ ਤੇ ਹਮਲੀਨ ਸੁ ਹੇਰਿ॥

ਭਾਈ ਕਾਨ੍ਹ ਸਿੰਘ ਨਾਭਾ ਮੀਆਂ ਮੀਰ ਜੀ ਨੂੰ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਧਰਮ ਸਨੇਹੀ ਤਾਂ ਮੰਨਦਾ ਹੈ ਪਰ ਇਹ ਗੱਲ ਸਪੱਸ਼ਟ ਕਹਿੰਦਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਰੱਖੀ।

ਬੂਟੇ ਸ਼ਾਹ ਨੇ 18ਵੀਂ ਸਦੀ ਦੇ ਅਖੀਰ ਵਿੱਚ ਇੱਕ ਕਿਤਾਬ ਵਿੱਚ ਲਿਖਿਆ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਜੀ ਨੇ ਰੱਖੀ।

ਗਿਆਨ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਸ ਮੰਦਰ ਦੀ ਨੀਂਹ ਕੱਤਕ ਸੁਦੀ 5 ਸੰਮਤ 1645 ਬਿ. ਨੂੰ ਰੱਖੀ।

ਕੁਛ ਰਿਸ ਧਰ ਗੁਰੂ ਅਲਾਘੋ॥
ਇਹ ਸਭ ਇਕ ਬਿਰ ਜਾਇ ਅਟਾਯੋ॥
ਬਨੈ ਨਵੀਨ ਢੇਰ ਸਰ ਸਾਰਾ॥
ਕਰ ਹੈ ਬਹੁ ਜੀਵਨ ਨਿਸਤਾਰਾ॥
ਰਖੀ ਮਸੰਦਨ ਜੈਸ ਕਦਾਈ॥
ਤਿਉਂ ਹੀ ਸਿਖ ਫਿਰ ਕਰੈ ਪਕਾਈ॥
ਗੁਰ ਕਾ ਬਚਨ ਸੱਤ ਸੌ ਭਯੋ॥
ਅਹਮਦਸ਼ਾਹ ਜਬੈ ਥਾ ਅਯੋ॥

ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਅਨੁਸਾਰ 1589 ਈਸਵੀ ਵਿੱਚ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਨੀਂਹ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਨੀਂਹ ਰੱਖੀ। ਇਸ ਦੇ ਦਰਵਾਜ਼ੇ ਸਭ ਪਾਸੇ ਨੂੰ ਖੁੱਲ੍ਹਦੇ ਹਨ ਜਿਸ ਦਾ ਭਾਵ ਇਹ ਸੀ ਕਿ ਸਿੱਖ ਪੂਜਾ ਅਸਥਾਨ ਸਭ ਲਈ ਇੱਕ ਸਮਾਨ ਖੁੱਲ੍ਹਾ ਹੈ।

ਜੰਗ ਸਿੰਘ ਗਿਆਨੀ ਅਨੁਸਾਰ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਪਾਸੋਂ ਸੰਮਤ 1640 ਬਿਕ੍ਰਮੀ ਵਿੱਚ ਰਖਵਾਈ ਗਈ। ਅਜਿਹੇ ਸਮੇਂ ਜਦੋਂ ਦਿੱਲੀ ਦੇ ਤਖ਼ਤ ਉੱਤੇ ਜਹਾਂਗੀਰ ਬਾਦਸ਼ਾਹ ਵਰਗਾ ਮਜ਼੍ਹਬੀ ਈਰਖਾ ਦਾ ਗ੍ਰਸਿਆ ਹੋਇਆ ਆਦਮੀ ਬੈਠਾ ਸੀ। ਇੱਕ ਮੁਸਲਮਾਨ ਪੀਰ ਪਾਸੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣੀ ਧਰਮ ਨਿਰਪੱਖਤਾ ਦਾ ਇੱਕ ਨਵਾਂ ਆਦਰਸ਼ ਪੇਸ਼ ਕਰਨ ਦਾ ਬੇਮਿਸਾਲ ਕਾਰਨਾਮਾ ਸੀ।

ਖੁਸ਼ਵੰਤ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਪਹਿਲਾ ਕਾਰਜ ਚੱਕ ਰਾਮਦਾਸ ਵਿਖੇ ਮੰਦਰ ਦੀ ਇਮਾਰਤ ਨੂੰ ਪੂਰਾ ਕਰਨਾ ਸੀ। ਇਸ ਵਾਸਤੇ ਉਨ੍ਹਾਂ ਨੇ ਹਰਿਮੰਦਰ ਸਾਹਿਬ, ਅਕਾਲ ਪੁਰਖ ਦੇ ਮੰਦਰ ਦੀ ਨੀਂਹ ਲਾਹੌਰ ਦੇ ਮੁਸਲਿਮ ਫ਼ਕੀਰ ਮੀਆਂ ਮੀਰ ਜੀ ਤੋਂ ਰਖਵਾਈ।

ਡਾ. ਸੁਖਦਿਆਲ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸਾਂਈਂ ਜੀ ਦੇ ਪਵਿੱਤਰ ਕਰ ਕਮਲਾਂ ਨਾਲ ਸਿੱਖ ਕੌਮ ਦੇ ਸਭ ਤੋਂ ਮਹਾਨ ਧਾਰਮਿਕ ਸਥਾਨ ਦਾ ਨੀਂਹ ਪੱਥਰ ਰਖਵਾ ਕੇ ਦਰਸਾ ਦਿੱਤਾ ਸੀ ਕਿ ਸਿੱਖ ਗੁਰੂ ਸਾਹਿਬਾਨ ਹਰ ਉਸ ਵਿਅਕਤੀ ਨੂੰ ਮਾਣ ਸਤਿਕਾਰ ਦੇਣ ਲਈ ਤੱਤਪਰ ਸਨ, ਜੋ ਮਨੁੱਖਤਾ ਵਿੱਚ ਭਾਈਚਾਰਕ ਸਾਂਝ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ।

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਹਰਿਮੰਦਰ ਸਾਹਿਬ ਦੀ ਨੀਂਹ 1645 ਬਿਕਰਮੀ (1588 ਈ.) ਗੁਰੂ ਅਰਜਨ ਦੇਵ ਜੀ ਨੇ ਕਾਦਰੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਸੰਤ ਸਾਂਈਂ ਮੀਆਂ ਮੀਰ ਦੇ ਹੱਥੋਂ ਰਖਵਾਈ।

ਹਰੀ ਰਾਮ ਗੁਪਤਾ ਅਨੁਸਾਰ 1589 ਈ. ਵਿੱਚ ਅੰਮ੍ਰਿਤਸਰ ਸਰੋਵਰ ਦੇ ਮੱਧ ਵਿੱਚ ਹਰਿਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਦੀ ਨੀਂਹ ਲਾਹੌਰ ਦੇ ਪ੍ਰਸਿੱਧ ਮੁਸਲਮਾਨ ਸੂਫ਼ੀ ਸੰਤ ਮੀਆਂ ਮੀਰ ਜੀ ਨੇ ਰੱਖੀ।

ਇਸ ਤੱਥ ਦੀ ਪੁਸ਼ਟੀ ਨਾ ਤਾਂ ਪਹਿਲੇ ਸਿੱਖ ਸੋਮੇ ਤੇ ਨਾ ਹੀ ਫਾਰਸੀ ਸ੍ਰੋਤ ਕਰਦੇ ਹਨ, ਇੱਥੋਂ ਤੱਕ ਕਿ ਮੀਆਂ ਮੀਰ ਦੀ ਜੀਵਨੀ ਵੀ ਚੁੱਪ ਹੈ। ਇਹ ਗੱਲ 20ਵੀਂ ਸਦੀ ਦੇ ਸਿੱਖ ਸਾਹਿਤ ਵਿੱਚ ਜ਼ਿਆਦਾ ਪ੍ਰਚੱਲਿਤ ਹੋਈ, ਜਿਸ ਨੂੰ ਭਾਰਤੀ ਤੇ ਯੂਰਪੀਅਨ ਵਿਦਵਾਨਾਂ ਨੇ ਸਵੀਕਾਰ ਕੀਤਾ। ਇਤਨਾ ਹੀ ਨਹੀਂ, ਦਰਬਾਰ ਸਾਹਿਬ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਵੀ ਇਸ ਨੂੰ ਮੰਨਿਆ ਗਿਆ ਹੈ।

ਗਿਆਨ ਸਿੰਘ ਅਨੁਸਾਰ ਇਸ ਦੀ ਨੀਂਹ ਸਾਂਈਂ ਮੀਆਂ ਮੀਰ ਜੀ ਨੇ ਰੱਖੀ।

ਸੰਮਤ ਸੋਲਾਂ ਸੌ ਇਕਤਾਲੀ।
ਮੈਂ ਮੰਦਰ ਯਹਿ ਰਚਾ ਬਿਸਾਲੀ।
ਮੀਆਂ ਮੀਰ ਤੋ ਨੀਊ ਰਖਾਈ।
ਕਾਰੀਗਰ ਪਲਟਿ-ਕਰਿ ਲਾਈ।
ਯਹਿ ਪਿਖਿ ਧੁਨ ਗੁਰੂ ਯੋ ਬਚਨ ਕਹੇ।
ਘਰੀ ਤੁਰਕ ਕੀ ਨੀਉ ਨਾ ਰਹੇ।
ਏਕ ਬਾਰ ਜਰ ਤੋ ਉਡ ਜੋ ਹੋ।
ਪੁਨ ਸਿੱਖਨ ਕਰ ਤੋ ਕਿਢ ਹੋਵ ਹੋ।

**ਬਾਕੀ ਸਫ਼ਾ 28 'ਤੇ**

## ਮੋਦੀਕਿਆਂ ਨੇ ਮਹਿਬੂਬਾ ਨੂੰ ਮਾਰਿਆ ਧੋਬੀ ਪਟੜਾ

ਗੌਰਤਲਬ ਹੈ ਕਿ ਦਸੰਬਰ 2014 ਵਿਚ 87 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਭਾਜਪਾ ਨੇ 25 ਸੀਟਾਂ ਅਤੇ ਪੀਡੀਪੀ ਨੇ 28 ਸੀਟਾਂ ਜਿੱਤੀਆਂ ਸਨ। ਨੈਸ਼ਨਲ ਕਾਨਫਰੰਸ ਨੂੰ 15 ਤੇ ਕਾਂਗਰਸ ਨੂੰ 12 ਸੀਟਾਂ ਅਤੇ 7 ਸੀਟਾਂ ਹੋਰਨਾਂ ਪਾਰਟੀਆਂ ਤੋਂ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਸਨ।

ਇਸ ਬਾਬਤ ਭਾਜਪਾ ਦੇ ਸ੍ਰੀ ਰਾਮ ਮਾਧਵ ਨੇ ਕਿਹਾ ਕਿ, " ਰਾਜ ਵਿਚ ਗੱਠਜੋੜ ਸਰਕਾਰ ਵਿਚ ਭਾਜਪਾ ਦਾ ਬਣੇ ਰਹਿਣਾ ਨਾਮੁਮਕਿਨ ਹੋ ਗਿਆ ਹੈ। " ਉਨ੍ਹਾਂ ਕਿਹਾ ਕਿ ਹਮਾਇਤ ਵਾਪਸ ਲੈਣ ਦਾ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਸ਼ਮੀਰ ਵਾਦੀ ਵਿਚ ਸੁਰੱਖਿਆ ਦੀ ਸਥਿਤੀ ਵਿਚ ਸੁਧਾਰ ਨਾ ਹੋ ਸਕਣ ਲਈ ਪੀਡੀਪੀ ਨੂੰ ਕਸੂਰਵਾਰ ਠਹਿਰਾਇਆ ਤੇ ਇਸ ਸਬੰਧ ਵਿਚ ਪਿਛਲੇ ਹਫ਼ਤੇ ਸੀਨੀਅਰ ਪੱਤਰਕਾਰ ਸ਼ੁਜਾਤ ਬੁਖਾਰੀ ਦੀ ਹੱਤਿਆ ਦਾ ਵੀ ਜ਼ਿਕਰ ਕੀਤਾ।

ਜੰਮੂ-ਕਸ਼ਮੀਰ 'ਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਪ੍ਰੈੱਸ ਕਾਨਫਰੰਸ ਦੌਰਾਨ ਬੋਲਦਿਆਂ ਮਹਿਬੂਬਾ ਮੁਫਤੀ ਨੇ ਕਿਹਾ ਕਿ ਭਾਜਪਾ ਦੇ ਇਸ ਫੈਸਲੇ ਨਾਲ ਉਨ੍ਹਾਂ ਨੂੰ ਹੈਰਾਨੀ ਨਹੀਂ ਹੋਈ। ਸਾਲ 2014 'ਚ ਹੋਈਆਂ ਚੋਣਾਂ ਵਿਚ ਕਿਸੇ ਵੀ ਦਲ ਨੂੰ ਸਰਕਾਰ ਦੇ ਗਠਨ ਲਈ ਬਹੁਮਤ ਨਹੀਂ ਮਿਲਿਆ ਸੀ ਅਤੇ ਅਸੀਂ ਕਈ ਮਹੀਨੇ ਸੋਚ-ਵਿਚਾਰ ਕਰਨ ਤੋਂ ਬਾਅਦ ਭਾਜਪਾ ਨਾਲ ਗਠਜੋੜ ਕੀਤਾ। ਇਹ ਗਠਜੋੜ ਸੱਤਾ ਲਈ ਨਹੀਂ ਬਲਕਿ ਵੱਡੇ ਮਕਸਦ ਲਈ ਕੀਤਾ ਸੀ। ਉਨ੍ਹਾਂ ਕਿਹਾ ਕਿ ਅਸੀਂ ਜਨਤਾ ਦੀ ਮਰਜ਼ੀ ਦੇ ਵਿਰੁੱਧ ਭਾਜਪਾ ਨਾਲ ਮਿਲ ਕੇ ਸੂਬੇ 'ਚ ਸਰਕਾਰ ਬਣਾਈ। ਉਨ੍ਹਾਂ ਦੀ ਸਰਕਾਰ ਨੇ ਸੂਬੇ 'ਚ ਸ਼ਾਂਤੀ ਦੀ ਬਹਾਲੀ ਅਤੇ ਨੌਜਵਾਨਾਂ ਨੂੰ ਨਵੇਂ ਮੌਕੇ ਦੇਣ ਲਈ ਬਹੁਤ ਸਾਰੀਆਂ ਯੋਜਨਾਵਾਂ ਚਲਾਈਆਂ। ਮਹਿਬੂਬਾ ਮੁਤਾਬਕ ਉਨ੍ਹਾਂ ਦੇ ਸ਼ਾਸਨ ਦੌਰਾਨ ਘਾਟੀ 'ਚ 11000 ਲੋਕਾਂ ਵਿਰੁੱਧ ਦਰਜ ਕੇਸ ਵਾਪਸ ਲਏ ਗਏ। ਉਨ੍ਹਾਂ ਨੇ ਰਮਜ਼ਾਨ ਦੇ ਦਿਨਾਂ 'ਚ ਜੰਗਬੰਦੀ ਨੂੰ ਲਾਗੂ ਕਰਾਇਆ। ਮਹਿਬੂਬਾ ਮੁਫਤੀ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਤਾਕਤ ਦੀ ਰਾਜਨੀਤੀ ਨਹੀਂ ਚੱਲ ਸਕਦੀ, ਜਦੋਂਕਿ ਭਾਜਪਾ ਉੱਥੇ ਸਖ਼ਤੀ ਅਪਣਾਉਣਾ ਚਾਹੁੰਦੀ ਸੀ।

ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਤਾਕਤ ਦੇ ਦਿਖਾਵੇ ਭਰੀ ਫ਼ੌਜੀ ਪਹੁੰਚ ਜੰਮੂ ਕਸ਼ਮੀਰ ਵਿਚ ਕੰਮ ਨਹੀਂ ਕਰੇਗੀ ਸਗੋਂ ਸੁਲ੍ਹਾ-ਸਫ਼ਾਈ ਦਾ ਰਾਹ ਹੀ ਸੁਖਾਵੇਂ ਹਾਲਾਤ ਲਿਆ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਜੰਮੂ ਕਸ਼ਮੀਰ ਨੂੰ ਦੁਸ਼ਮਣ ਖਿੱਤੇ ਦੀ ਨਜ਼ਰ ਤੋਂ ਦੇਖਦੇ ਹਨ। ਧਾਰਾ 370 ਤਹਿਤ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹਾਸਲ ਹੈ ਤੇ ਅਸੀਂ ਸੰਵਿਧਾਨ ਦੀ ਧਾਰਾ 370 ਤੇ 35-ਏ ਉੱਤੇ ਪੂਰਾ ਪਹਿਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਪੱਥਰਬਾਜ਼ਾਂ ਖ਼ਿਲਾਫ਼ 11000 ਕੇਸ ਵਾਪਸ ਕਰਾਉਣ ਵਿਚ ਕਾਮਯਾਬ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਨਹੀਂ ਕਰਨਗੇ। ਨੈਸ਼ਨਲ ਕਾਨਫਰੰਸ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਉਮਰ ਫ਼ਾਰੂਕ ਨੇ ਕਿਹਾ ਕਿ ਉਨ੍ਹਾਂ ਦੀ ਖ਼ਾਹਸ਼ ਸੀ ਕਿ ਮਹਿਬੂਬਾ ਮੁਫ਼ਤੀ ਆਪ ਅਸਤੀਫ਼ਾ ਦਿੰਦੇ ਨਾ ਕਿ ਭਾਜਪਾ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਦੀ। ਉਮਰ ਅਬਦੁੱਲਾ ਨੇ ਜੰਮੂ ਕਸ਼ਮੀਰ ਦੇ ਰਾਜਪਾਲ ਐਨਐਨ ਵੋਹਰਾ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਵਿਚ ਕੇਂਦਰੀ ਸ਼ਾਸਨ ਦਾ ਸਵਾਗਤ ਕਰਦਿਆਂ ਤੁਰੰਤ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਸੂਬੇ ਦੇ ਲੋਕ ਆਪਣੀ ਪਸੰਦ ਦੀ ਸਰਕਾਰ ਚੁਣ ਸਕਣ।

ਭਾਜਪਾ ਦੀ ਜੰਮੂ ਕਸ਼ਮੀਰ ਇਕਾਈ ਦੇ ਮੁੱਖ ਬੁਲਾਰੇ ਸੁਨੀਲ ਸੇਠੀ ਨੇ ਕਿਹਾ ਕਿ ਪੀਡੀਪੀ ਗੋਲੀਬੰਦੀ ਦੀ ਮਿਆਦ ਵਿਚ ਵਾਧਾ ਕਰਾਉਣਾ ਚਾਹੁੰਦੀ ਸੀ ਤੇ ਅਤਿਵਾਦੀਆਂ, ਪਾਕਿਸਤਾਨ ਤੇ ਵੱਖਵਾਦੀਆਂ ਪ੍ਰਤੀ ਨਰਮ ਰੁਖ਼ ਰੱਖਦੀ ਸੀ। ਹੁਣ ਅਤਿਵਾਦੀਆਂ ਖ਼ਿਲਾਫ਼ ਮੁਕੰਮਲ ਜੰਗ ਹੋਵੇਗੀ ਤੇ ਅਤਿਵਾਦੀਆਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਲੁਕਣ ਲਈ ਕੋਈ ਥਾਂ ਨਹੀਂ ਮਿਲੇਗੀ।

ਇਸੇ ਦੌਰਾਨ ਸੀਪੀਆਈਐਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਇਸ ਤੋੜ-ਵਿਛੋੜੇ 'ਤੇ ਕਿਹਾ ਕਿ " ਇਸ ਤਰ੍ਹਾਂ ਦਾ ਗੱਠਜੋੜ ਨਹੀਂ ਹੋਇਆ ਕਰਦਾ। ਦੋਵਾਂ ਪਾਰਟੀਆਂ ਵਿਚਕਾਰ ਕੋਈ ਵਿਚਾਰਧਾਰਕ ਸਾਂਝ ਨਹੀਂ। ਉਹ ਦੋਵੇਂ ਸੱਤਾ ਮਾਣਨ ਲਈ ਹੀ ਇਕੱਠੇ ਹੋਏ ਸਨ। " ਇਸ ਦੌਰਾਨ ਖੱਬੀਆਂ ਪਾਰਟੀਆਂ ਨੇ ਕਿਹਾ ਕਿ ਜੰਮੂ ਕਸ਼ਮੀਰ ਦੀ ਸਿਆਸੀ ਤੇ ਸੁਰੱਖਿਆ ਦੇ ਹਾਲਾਤ ਨਿਘਰਦੇ ਜਾ ਰਹੇ ਹਨ ਤੇ ਕੇਂਦਰ ਨੂੰ ਤਾਜ਼ਾ ਸਥਿਤੀ ਬਾਰੇ ਆਪਣਾ ਅਨੁਮਾਨ ਸਾਰੀਆਂ ਸਿਆਸੀ ਪਾਰਟੀਆਂ ਨਾਲ ਸਾਂਝਾ ਕਰਨ ਦੀ ਲੋੜ ਹੈ। ਜੰਮੂ ਕਸ਼ਮੀਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਜੀ.ਏ. ਮੀਰ ਨੇ ਕਿਹਾ ਕਿ ਪੀਡੀਪੀ-ਭਾਜਪਾ ਦਾ ਨਾਪਾਕ ਗੱਠਜੋੜ ਟੁੱਟਣਾ ਹੀ ਸੀ। ਉਨ੍ਹਾਂ ਨੇ ਆਪੋ ਆਪਣੇ ਹਮਾਇਤੀਆਂ ਨੂੰ ਧੋਖਾ ਦੇ ਕੇ ਸੱਤਾ ਖਾਤਰ ਹੱਥ ਮਿਲਾਏ ਸਨ।

## ਸਿੱਖ ਵਿਚਾਰ ਮੰਚ ਵੱਲੋਂ ਭਾਜਪਾ ਦੁਆਰਾ ਬੰਦਾ ਸਿੰਘ ਬਹਾਦਰ ਦੀ .ਗੈਰਸਿੱਖ ਪੇਸ਼ਕਾਰੀ ਦਾ ਤਿੱਖਾ ਵਿਰੋਧ

ਬਾਬਾ ਬੰਦਾ ਸਿੰਘ ਬਹਾਦਰ ਮੁਗ਼ਲ ਹਕੂਮਤ ਵਿਰੁਧ ਜੰਗ ਵਿਚ ਆਪਣੇ 700 ਦੇ ਕਰੀਬ ਸਿੱਖ ਸਾਥੀਆਂ ਨਾਲ ਆਪਣੇ ਸਪੁੱਤਰ ਬਾਬਾ ਅਜੈ ਸਿੰਘ ਸਮੇਤ ਸ਼ਹੀਦ ਹੋਏ।

ਇਤਿਹਾਸਕ ਤੱਥਾਂ ਅਨੁਸਾਰ ਇਸ ਸਮੇਂ ਦੌਰਾਨ ਸਿੱਖ ਵਿਰੋਧ ਮੁਹਿਮ ਦਾ ਸਾਰਾ ਖ਼ਰਚਾ ਹਿੰਦੂ ਰਾਜਿਆਂ ਨੇ ਦਿੱਲੀ ਸਰਕਾਰ ਨੂੰ ਭੇਟ ਕੀਤਾ ਸੀ ਅਤੇ ਇਸ ਦੇ ਉਲਟ 500 ਮੁਸਲਮਾਨਾਂ ਨੇ ਜੰਗ ਵਿਚ ਬਾਬਾ ਬੰਦਾ ਸਿੰਘ ਦਾ ਸਾਥ ਦਿੱਤਾ ਸੀ।ਭਾਜਪਾ ਸਰਕਾਰ ਵਲੋਂ ਸਿੱਖ ਘੱਟ ਗਿਣਤੀ ਦੇ ਮਾਣਮੱਤੇ ਇਤਿਹਾਸ ਨੂੰ ਆਪਣੇ ਸੌੜੇ ਹਿੰਦੂਤਵੀ ਸਿਆਸੀ ਹਿਤਾਂ ਦੀ ਪੂਰਤੀ ਲਈ ਵਿਗਾੜ ਕੇ ਪੇਸ਼ ਕਰਨਾ ਇਕ ਘਿਨਾਉਣੀ ਕਾਰਵਾਈ ਹੈ ਜੋ ਸੰਘ ਪਰਿਵਾਰ ਦੀ ਸਭਿਆਚਾਰਕ ਕੰਗਾਲੀ ਦਾ ਪ੍ਰਤੀਕ ਹੈ। ਇਸ ਬਿਆਨ ਨੂੰ ਜਾਰੀ ਕਰਨ ਲਈ ਗੁਰਤੇਜ ਸਿੰਘ, ਡਾ.ਗਰਦਸ਼ਨ ਸਿੰਘ ਢਿਲੋਂ, ਸੁਖਦੇਵ ਸਿੰਘ ਸਿੱਧੂ, ਜਸਪਾਲ ਸਿੰਘ ਸਿੱਧੂ, ਅਮਰ ਸਿੰਘ ਚਾਹਲ ਸ਼ਾਮਲ ਹੋਏ।

## ਕੈਪਟਨ ਸਰਕਾਰ ਵਲੋਂ ਕੁਝ ਮੰਗਾਂ ਮੰਨਣ ਵੱਲ ਕਦਮ ਚੁੱਕਣ ਦੇ ਇਸ਼ਾਰੇ

ਨਾਲ ਮੁਲਾਕਾਤ ਦੌਰਾਨ ਭਰੋਸਾ ਦਿੱਤਾ ਸੀ ਕਿ ਰਾਜ ਸਰਕਾਰ ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ ਵਿਚ ਸਜ਼ਾਵਾਂ ਕੱਟ ਰਹੇ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਲਿਆਏਗੀ। ਇਸੇ ਲੜੀ ਵਿਚ ਕੈਪਟਨ ਸਰਕਾਰ ਨੇ ਰਾਜਸਥਾਨ ਸਰਕਾਰ ਨੂੰ ਚਿੱਠੀ ਭੇਜੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਜ਼ਾਯਾਫਤਾ ਸਿੱਖ ਸਿਆਸੀ ਕੈਦੀ ਭਾਈ ਹਰਨੇਕ ਸਿੰਘ ਭੱਪ ਨੂੰ ਪੰਜਾਬ ਭੇਜਿਆ ਜਾਵੇ। ਰਾਜਸਥਾਨ ਸਰਕਾਰ ਵੱਲੋਂ ਭਾਈ ਭੱਪ ਨੂੰ ਪੰਜਾਬ ਭੇਜੇ ਜਾਣ ਦੀ ਵੱਡੀ ਸੰਭਾਵਨਾ ਹੈ।

ਵਫਦ ਨੇ ਪੰਜਾਬ ਸਰਕਾਰ ਨੂੰ 20 ਸਿੱਖ ਸਿਆਸੀ ਕੈਦੀਆਂ ਦੀ ਸੂਚੀ ਦਿੱਤੀ ਸੀ ਜਿਨ੍ਹਾਂ ਨੂੰ ਪੈਰੋਲ 'ਤੇ ਰਿਹਾਅ ਕੀਤਾ ਜਾਣਾ ਹੈ। ਇਨ੍ਹਾਂ ਵਿੱਚੋਂ ਛੇ ਸਿੱਖ ਸਿਆਸੀ ਕੈਦੀ ਦਿੱਲੀ, ਯੂ.ਪੀ. ਅਤੇ ਰਾਜਸਥਾਨ ਅਤੇ 14 ਪੰਜਾਬ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਜਾਣਕਾਰੀ ਅਨੁਸਾਰ ਸਰਕਾਰ ਨੇ ਇਸ ਚਿੱਠੀ ਬਾਰੇ ਮੋਰਚੇ ਦੀ ਅਗਵਾਈ ਕਰ ਰਹੇ ਭਾਈ ਧਿਆਨ ਸਿੰਘ ਮੰਡ ਦੇ ਦੋ ਕਰੀਬੀ ਵਕੀਲਾਂ ਨੂੰ ਦੱਸ ਦਿੱਤਾ ਹੈ। ਇਸ ਦੇ ਨਾਲ ਹੀ ਭਾਈ ਮੰਡ ਨੂੰ ਮੋਰਚਾ ਸਮਾਪਤ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਕੈਪਟਨ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਲੇਖਾ (ਰਿਪੋਰਟ) ਇਕ ਮਹੀਨੇ ਵਿੱਚ ਦੇਣ ਦਾ ਵਾਅਦਾ ਕੀਤਾ ਸੀ ਤੇ ਇਹ ਲੇਖਾ (ਰਿਪੋਰਟ) ਲਗਪਗ ਤਿਆਰ ਹੋ ਚੁੱਕਾ ਹੈ ਪਰ ਹੁਣ ਕੁਝ ਨਵੇਂ ਤੱਥ ਸਾਹਮਣੇ ਆਏ ਹਨ ਤੇ ਇਨ੍ਹਾਂ ਨੂੰ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਣਾ ਬਾਕੀ ਹੈ।

ਜਿਕਰਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਪ੍ਰੈਲ 20 17 ਵਿਚ ਬਣਾਇਆ ਗਿਆ ਸੀ। ਇਸਨੇ 6 ਮਹੀਨੇ ਵਿਚ ਆਪਣਾ ਲੇਖਾ ਦੇਣਾ ਸੀ ਪਰ ਹੁਣ ਤਕ ਇਹ ਆਪਣਾ ਲੇਖਾ ਜਮ੍ਹਾ ਨਹੀਂ ਕਰਵਾ ਸਕਿਆ ਹੈ।

ਵਫਦ ਨੇ ਜਿਨ੍ਹਾਂ ਸਿੱਖ ਸਿਆਸੀ ਕੈਦੀਆਂ ਨੂੰ ਪੈਰੋਲ 'ਤੇ ਰਿਹਾਅ ਕਰਨ ਦੀ ਮੰਗ ਕੀਤੀ ਹੈ, ਉਨ੍ਹਾਂ ਵਿੱਚ ਉਮਰ ਕੈਦ ਦੀਆਂ ਸਜ਼ਾਵਾਂ ਕੱਟ ਰਹੇ ਭਾਈ ਲਾਲ ਸਿੰਘ, ਭਾਈ ਦਿਲਬਾਗ ਸਿੰਘ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਗੁਰਦੀਪ ਸਿੰਘ ਖੇੜਾ, ਭਾਈ ਦਯਾ ਸਿੰਘ ਲਾਹੌਰੀਆ, ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਸੁਭੇਗ ਸਿੰਘ, ਭਾਈ ਨੰਦ ਸਿੰਘ, ਬਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਹਰਨੇਕ ਸਿੰਘ ਭੱਪ, ਭਾਈ ਜਗਤਾਰ ਸਿੰਘ ਤਾਰਾ, ਭਾਈ ਸੁਰਿੰਦਰ ਸਿੰਘ ਸ਼ਿੰਦਾ, ਭਾਈ ਦਿਆਲ ਸਿੰਘ, ਭਾਈ ਸੁੱਚਾ ਸਿੰਘ ਅਤੇ ਭਾਈ ਬਲਬੀਰ ਸਿੰਘ ਉਰਫ ਬੀਰਾ ਸ਼ਾਮਲ ਹਨ।

## ਕੌਣ ਸਨ ਗੁਰੂਆਂ ਦੇ ਸਾਥੀ ਸਾਈਂ ਮੀਆਂ ਮੀਰ

ਡਾ. ਗੰਡਾ ਸਿੰਘ ਲਿਖਦੇ ਹਨ ਕਿ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦੀ ਬੇਨਤੀ ਤੇ ਅੰਮ੍ਰਿਤਸਰ ਆਇਆ ਅਤੇ ਆਪਣੇ ਹੱਥਾਂ ਨਾਲ ਚਾਰ ਇੱਟਾਂ ਹਰ ਦਿਸ਼ਾ ਵੱਲ ਰੱਖੀਆਂ ਅਤੇ ਇੱਕ ਸਰੋਵਰ ਦੇ ਵਿਚਕਾਰ। ਸੋਹਨ ਲਾਲ ਸੂਰੀ ਆਪਣੀ ਕਿਤਾਬ ਉਮਦਤ-ਉਤ-ਤਵਾਰੀਖ (1885) ਵਿੱਚ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਲਾਹੌਰ ਮੀਆਂ ਮੀਰ ਨੂੰ ਮਿਲਣ ਗਏ ਅਤੇ ਅੰਮ੍ਰਿਤਸਰ ਵਿਖੇ ਇਮਾਰਤ ਤੇ ਤਲਾਅ ਦੀ ਉਸਾਰੀ ਵਾਸਤੇ ਸਹਾਇਤਾ ਲਈ ਅਰਜ ਕੀਤੀ।

ਮੈਂ ਉਪਰੋਕਤ ਸਭ ਵਿਚਾਰਾਂ ਨੂੰ ਗਹੁ ਨਾਲ ਵਾਚਣ 'ਤੇ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਗੁਰੂ ਜੀ ਨੇ ਪੁਰਾਣੀਆਂ ਰਵਾਇਤਾਂ, ਜਾਤ ਬੰਧਨਾਂ ਦਾ ਖੰਡਨ ਕਰਦਿਆਂ ਹਰਿਮੰਦਰ ਸਾਹਿਬ ਸਾਰੇ ਧਰਮਾਂ ਤੇ ਜਾਤਾਂ ਦੇ ਲੋਕਾਂ ਦਾ ਸਾਂਝਾ ਤੀਰਥ ਅਸਥਾਨ ਤਸੱਵਰ ਕੀਤਾ ਹੈ। ਦੂਜੇ ਧਰਮਾਂ ਦੇ ਧਾਰਮਿਕ ਅਸਥਾਨ ਉੱਚੀ ਜਗ੍ਹਾ 'ਤੇ ਬਣਾਏ ਜਾਂਦੇ ਹਨ, ਪਰ ਇਨ੍ਹਾਂ ਦੇ ਵਿਰੋਧ ਵਿੱਚ ਹਰਿਮੰਦਰ ਸਾਹਿਬ ਦੀ ਇਮਾਰਤ ਆਲੇ-ਦੁਆਲੇ ਤੋਂ ਨੀਵੀਂ ਬਣਾਈ ਗਈ ਹੈ, ਤਾਂ ਜੋ ਮਨੁੱਖ ਆਪਣੀ ਹਉਮੈਂ ਨੂੰ ਖ਼ਤਮ ਕਰਕੇ, ਨੀਵਾਂ (ਨਿਮਰਤਾ ਗ੍ਰਹਿਣ ਕਰਕੇ) ਹੋ ਕੇ ਇਸ ਅੰਦਰ ਪ੍ਰਵੇਸ਼ ਕਰੇ। ਦੂਜੇ ਧਰਮਾਂ ਦੇ ਉਲਟ ਇਹ ਸਰੋਵਰ ਵਿੱਚ ਬਣਾਇਆ ਗਿਆ ਹੈ। ਦੂਜੇ ਧਰਮਾਂ ਖ਼ਾਸ ਕਰਕੇ ਹਿੰਦੂ ਧਰਮ ਵਿੱਚ ਇਹ ਮੰਨਿਆ ਗਿਆ ਹੈ ਕਿ ਅਠਸਠ ਤੀਰਥ ਦੀ ਯਾਤਰਾ ਨਾਲ ਮਨੁੱਖ ਇਸ ਸੰਸਾਰ ਰੂਪੀ ਭਵਸਾਗਰ ਨੂੰ ਤਰਨ ਦੇ ਸਮਰੱਥ ਹੋ ਜਾਂਦਾ ਹੈ। ਪਰ ਗੁਰੂ ਸਾਹਿਬ ਨੇ ਇਸ ਹਰਿਮੰਦਰ (ਭਾਵ ਅਕਾਲ ਪੁਰਖ ਦੇ ਘਰ) ਵਿੱਚ ਮਨੁੱਖ ਨੂੰ ਪ੍ਰਵੇਸ਼ ਕਰਨ ਤੋਂ ਪਹਿਲਾਂ ਮਾਇਆ ਰੂਪੀ ਭਵਸਾਗਰ ਨੂੰ ਤਰ ਕੇ ਆਉਣ ਵੱਲ ਸੰਕੇਤ ਕੀਤਾ ਹੈ।

ਹਰਿਮੰਦਰ ਸਾਹਿਬ ਦੀ ਨੀਂਹ ਸਾਂਈਂ ਮੀਆਂ ਮੀਰ ਨੇ ਰੱਖੀ ਹੈ। ਗੁਰੂ ਸਾਹਿਬ ਦੁਆਰਾ ਵਸਾਏ ਹੋਰ ਨਗਰਾਂ ਅਤੇ ਅਸਥਾਨਾਂ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਰੱਖੀ ਸੀ, ਕਿਸੇ ਹੋਰ ਕੋਲੋਂ ਨਹੀਂ ਰਖਵਾਈ। ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੋਰ ਗੁਰੂ ਸਾਹਿਬਾਨ ਨੇ ਵੀ ਕਈ ਨਗਰ ਵਸਾਏ ਹਨ, ਉਨ੍ਹਾਂ ਵਿੱਚ ਤੀਰਥ ਸਥਾਨ ਵੀ ਬਣਾਏ ਹਨ, ਪਰ ਸਰੋਵਰ ਵਿੱਚ ਹਰਿਮੰਦਰ ਸਾਹਿਬ ਦੇ ਸੁਸ਼ੋਭਿਤ ਹੋਣ ਦਾ ਮਾਣ ਸਿਰਫ਼ ਇਸੇ ਨੂੰ ਹੀ ਹਾਸਲ ਹੈ। ਸ਼ਾਇਦ ਇਸ ਦੀ ਅਜਿਹੀ ਵਿਲੱਖਣਤਾ ਕਾਇਮ ਕਰਨ ਵਾਸਤੇ ਹੀ ਗੁਰੂ ਸਾਹਿਬ ਨੇ ਇਸ ਦੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾਈ ਹੋਵੇ। ਇਸ ਦਾ ਦੂਜਾ ਕਾਰਨ ਸਾਂਈਂ ਮੀਆਂ ਮੀਰ ਦੀ ਗੁਰੂ ਸਾਹਿਬਾਨ ਨਾਲ ਸਾਂਝ ਵੀ ਹੋ ਸਕਦੀ ਹੈ। ਤੀਜਾ ਕਾਰਨ ਇਹ ਹੋ ਸਕਦਾ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਤੇ ਸੰਕੀਰਣਤਾ ਨੂੰ ਸੱਟ ਮਾਰਨ ਵਾਸਤੇ ਹੀ ਗੁਰੂ ਸਾਹਿਬ ਨੇ ਇਹ ਕਾਰਜ ਸਾਈਂ ਮੀਆਂ ਮੀਰ ਨੂੰ ਬਖ਼ਸ਼ਿਆ ਹੋਵੇ। ਗੁਰੂ ਸਾਹਿਬਾਨ ਦਾ ਜਾਤਾਂ-ਪਾਤਾਂ, ਧਾਰਮਿਕ ਸੰਕੀਰਣਤਾ ਤੋਂ ਬੇਲਾਗ ਹੋਣ ਦਾ ਸਬੂਤ 'ਅਵਲ ਅੱਲਾ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ। ਏਕ ਨੂਰ 'ਤੇ ਸਭ ਜਗ ਉਪਜਿਆ ਕੌਨ ਭਲੇ ਕੋ ਮੰਦੇ' ਟੂਕ ਤੋਂ ਮਿਲ ਸਕਦਾ ਹੈ। ਜੇਕਰ ਫਾਰਸੀ ਸ੍ਰੋਤ ਸਾਈਂ ਮੀਆਂ ਮੀਰ ਪਾਸੋਂ ਨੀਂਹ ਰਖਵਾਉਣ ਦੇ ਨੁਕਤੇ ਨਿਗਾਹ ਤੋਂ ਖ਼ਾਮੋਸ਼ ਹਨ ਤਾਂ ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਸ ਸਮੇਂ ਜ਼ਿਆਦਾਤਰ ਵਿਦਵਾਨ ਰਾਜ ਦੇ ਅਧਿਕਾਰੀ ਹੁੰਦੇ ਸਨ, ਜੋ ਸਿਰਫ਼ ਰਾਜ ਦਰਬਾਰ ਤੱਕ ਮਹਿਦੂਦ ਸਨ। ਅਜਿਹੇ ਸਮੇਂ ਕੱਟੜ ਤੇ ਧਾਰਮਿਕ ਸੰਕੀਰਣਤਾ ਨਾਲ ਓਤਪੋਤ ਮੁਸਲਮਾਨ ਬਾਦਸ਼ਾਹ ਜਹਾਂਗੀਰ ਦਾ ਦਰਬਾਰੀ ਹੋ ਕੇ ਕਿਸੇ ਹੋਰ ਧਰਮ ਜਾਂ ਧਾਰਮਿਕ ਸਥਾਨ ਬਾਰੇ ਲਿਖਣਾ ਨਾਮੁਮਕਿਨ ਹੈ। ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਜਦ ਗੁਰੂ ਹਰਗੋਬਿੰਦ ਸਾਹਿਬ ਜੀ ਗੱਦੀ 'ਤੇ ਬੈਠੇ ਤਾਂ ਉਨ੍ਹਾਂ ਦੀ ਦੋਸਤੀ ਦੀ ਪੁਸ਼ਟੀ ਸਰੂਪ ਦਾਸ ਭੱਲਾ (ਮਹਿਮਾ ਪ੍ਰਕਾਸ਼, ਪੰਨਾ 454) ਇਸ ਬਾਰੇ ਦਿੰਦਾ ਹੈ। ਸ੍ਰੀ ਗੁਰੂ ਪੰਥ ਪ੍ਰਕਾਸ਼ (703-704) ਅਤੇ ਮੈਕਸ ਆਰਥਰ ਮੈਕਾਲਿਫ (The Sikh Religion, p. 41-42) ਜਹਾਂਗੀਰ ਤੇ ਸਾਂਈਂ ਮੀਆਂ ਮੀਰ ਦੀ ਮੁਲਾਕਾਤ ਦਾ ਹਵਾਲਾ ਦਿੰਦੇ ਹਨ, ਜਿਸ ਵਿੱਚ ਗੁਰੂ ਅਰਜਨ ਦੇਵ ਦੇ ਪੁੱਤਰ ਤੇ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਉੱਚਤਾ, ਸ਼ਖ਼ਸੀਅਤ ਅਤੇ ਗੁਣਾਂ ਬਾਰੇ ਜਾਗਰੂਕ ਹੁੰਦੇ ਹਨ। ਇਹ ਵੀ ਉਨ੍ਹਾਂ ਕਾਰਨਾਂ ਵਿੱਚੋਂ ਇੱਕ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕੀਤਾ। ਇਸ ਵਿਚਾਰ-ਚਰਚਾ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਸਾਈਂ ਮੀਆਂ ਮੀਰ ਦੀ ਸਿੱਖ ਧਰਮ ਨੂੰ ਮਹੱਤਵਪੂਰਨ ਦੇਣ ਹੈ, ਜਿਸ ਨੂੰ ਸਿੱਖ ਧਰਮ, ਇਤਿਹਾਸਕਾਰ ਤੇ ਵਿਦਵਾਨ ਅੱਖੋਂ ਪਰੋਖੇ ਨਹੀਂ ਕਰ ਸਕਦੇ।

## ਗ੍ਰਹਿ ਮੰਤਰੀ ਦੇ ਭਰੋਸੇ ਤੋਂ ਬਾਅਦ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰਹੇ ਸਿੱਖਾਂ ਨੂੰ ਮੁਆਵਜ਼ਾ ਮਿਲਣ ਦੀ ਆਸ

ਸੀ, ਜਿਨ੍ਹਾਂ ਵਿਚ ਉਹ ਖੁਦ ਵੀ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਇਨ੍ਹਾਂ ਨੂੰ ਹੇਠਲੀ ਅਦਾਲਤ ਵੱਲੋਂ ਬੇਗੁਨਾਹ ਮੰਨਦਿਆਂ ਪ੍ਰਤੀ ਵਿਅਕਤੀ ਛੇ ਫੀਸਦ ਵਿਆਜ ਨਾਲ ਚਾਰ ਲੱਖ ਰੁਪਏ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਕੁਝ ਦਿਨ ਪਹਿਲਾਂ ਸੀਬੀਆਈ ਵਲੋਂ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਐਡਵੋਕੇਟ ਜਸਬੀਰ ਸਿੰਘ ਘੁੰਮਣ ਨੇ ਕਿਹਾ ਕਿ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਸ਼ੁਰੂ ਕੀਤਾ ਸੰਘਰਸ਼ ਜਾਰੀ ਰਹੇਗਾ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਦੇ ਬੱਚਿਆਂ ਨੂੰ ਪਹਿਲ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰ ਨੂੰ ਜੋਧਪੁਰ ਜੇਲ੍ਹ ਦੇ ਕੈਦੀਆਂ ਅਤੇ 1984 ਵਿਚ ਸਿੱਖ ਕਤਲੇਆਮ ਸਮੇਂ ਉਜੜੇ ਲੋਕਾਂ ਦਾ ਮੁੜ ਵਸੇਬਾ ਕਰਨ ਦੀ ਮੰਗ ਕੀਤੀ।

## ਭਾਰਤੀ ਘੱਟ ਗਿਣਤੀਆਂ ਨੇ ਤੁਲਸੀ ਗਾਬਾਰਡ ਵਲੋਂ ਸ਼ਿਕਾਗੋ 'ਚ ਹੋ ਰਹੀ ਵਿਸ਼ਵ ਹਿੰਦੂ ਕਾਨਫਰੰਸ...

ਤਾਜ਼ਾ ਘਟਨਾਕ੍ਰਮ 'ਚ ਇਸ ਖੁੱਲ੍ਹੀ ਚਿੱਠੀ ਵਿਚ ਭਾਰਤ ਦੀ ਮੋਦੀ ਸਰਕਾਰ ਦੇ ਘੱਟ ਗਿਣਤੀਆਂ ਪ੍ਰਤੀ ਪੱਖਪਾਤੀ ਰਵੱਈਏ ਦੀ ਪੋਲ ਖੋਲ੍ਹ ਦਿਤੀ ਹੈ। ਉਨ੍ਹਾਂ ਲਿਖਿਆ ਹੈ ਕਿ ਮੋਦੀ ਰਾਜ ਦੌਰਾਨ ਭਾਰਤ 'ਚ ਈਸਾਈਆਂ ਅਤੇ ਹੋਰ ਘੱਟ ਗਿਣਤੀ ਲੋਕਾਂ ਨੂੰ ਮਾਰਨ ਵਾਲੇ ਹਿੰਸਕ ਫਾਸ਼ੀਵਾਦੀ ਸਮੂਹਾਂ ਨੇ ਸੱਤਾ 'ਤੇ ਕਬਜ਼ਾ ਕਰ ਰੱਖਿਆ ਹੈ। ਚਿੱਠੀ 'ਚ ਤੁਲਸੀ ਗਾਬਾਰਡ ਨੂੰ ਸੰਬੋਧਿਤ ਹੁੰਦਿਆਂ ਲਿਖਿਆ ਗਿਆ ਹੈ ਕਿ ਸ਼ਾਇਦ ਤੁਹਾਨੂੰ ਗ੍ਰਾਹਮ ਸਟੇਨਜ਼ ਅਤੇ ਉਸਦੇ ਦੋ ਬੇਟਿਆਂ ਦੀ ਦੁਖਦਾਈ ਹੱਤਿਆ ਯਾਦ ਹੋਵੇਗੀ? 23 ਜਨਵਰੀ 1999 ਨੂੰ, ਭਾਰਤ ਦੇ ਕੱਟੜ ਹਿੰਦੂ ਰਾਸ਼ਟਰਵਾਦੀਆਂ ਨੇ ਈਸਾਈ ਪਾਦਰੀ 'ਤੇ ਹਮਲਾ ਕਰ ਦਿੱਤਾ ਅਤੇ ਉਸ ਦੀ ਕਾਰ ਵਿਚ ਉਸ ਦੇ ਦੋ ਪੁੱਤਰਾਂ (6 ਅਤੇ 10 ਸਾਲ) ਸਮੇਤ ਉਸ ਨੂੰ ਮਾਰ ਦਿੱਤਾ। ਭਾਰਤੀ ਜਨਤਾ ਪਾਰਟੀ ਦੀ ਮਾਂ ਜਥੇਬੰਦੀ ਰਾਸ਼ਟਰੀ ਸਵੈਸੇਵਕ ਸੰਘ (ਆਰਐਸਐਸ) ਦੀ ਇੱਕ ਸ਼ਾਖਾ ਦੇ ਮੈਂਬਰਾਂ ਨੇ ਹੀ ਸਟੇਨਜ਼ ਦੀ ਹੱਤਿਆ ਕੀਤੀ ਸੀ, ਜੋ ਇਸ ਵੇਲੇ ਭਾਰਤ 'ਚ ਰਾਜ ਕਰਦੀ ਹੈ। ਇਹ ਹਿੰਦੂ ਕੱਟੜਵਾਦੀ ਰਾਸ਼ਟਰਵਾਦੀ ਸੰਗਠਨ .ਗੈਰ-ਹਿੰਦੂਆਂ ਨੂੰ ਭਾਰਤ ਲਈ ਵਿਦੇਸ਼ੀ ਸਮਝਦੇ ਹਨ। ਚਿੱਠੀ 'ਚ ਸਵਾਲ ਚੁੱਕਿਆ ਗਿਆ ਕਿ ਤੁਸੀਂ ਵਿਸ਼ਵ ਹਿੰਦੂ ਕਾਂਗਰਸ ਵਿਚ ਆਰਐਸਐਸ ਦੇ ਆਗੂ ਮੋਹਨ ਭਾਗਵਤ ਨਾਲ ਸਟੇਜ ਸਾਂਝੀ ਕਰਨ ਲਈ ਸ਼ਿਕਾਗੋ ਜਾ ਸਕਦੇ ਹੋ? ਜਦਕਿ ਭਾਗਵਤ ਖੁੱਲ੍ਹੇਆਮ ਕਹਿ ਰਹੇ ਹਨ ਕਿ ਆਰਐਸਐਸ ਦਾ ਟੀਚਾ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨਾ ਹੈ। ਆਰਐਸਐਸ ਧਾਰਮਿਕ ਘੱਟਗਿਣਤੀਆਂ ਖਿਲਾਫ ਲਗਾਤਾਰ ਹਿੰਸਾ ਲਈ ਕੋਈ ਮਾਫੀ ਨਹੀਂ ਮੰਗਦੀ। ਸਟੇਨਜ਼ ਪਰਿਵਾਰ ਦੀ 1999 ਵਿਚ ਹੱਤਿਆ ਹੋਈ ਸੀ, ਉਸ ਸਮੇਂ ਤੋਂ ਹੀ ਅਜਿਹੇ ਹੋਰ ਕਾਂਡ ਕਈ ਵਾਰ ਕਤਲੇਆਮ ਦੇ ਰੂਪ ਵਿਚ ਅਕਸਰ ਦੁਹਰਾਏ ਜਾਂਦੇ ਹਨ। ਸੰਨ 2002 ਵਿਚ, ਜਦੋਂ ਨਰਿੰਦਰ ਮੋਦੀ ਗੁਜਰਾਤ ਰਾਜ ਦੇ ਮੁਖੀ ਸਨ, ਮੁਸਲਮਾਨਾਂ ਵਿਰੁੱਧ ਭਿਆਨਕ ਕਤਲੇਆਮ ਹੋਏ।

ਭਾਰਤ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਬੀਜੇਪੀ "ਇਕ ਅਜਿਹੀ ਸਿਆਸੀ ਪਾਰਟੀ ਹੈ ਜੋ ਹਿੰਦੂ ਕੱਟੜਵਾਦੀ ਰਾਸ਼ਟਰਵਾਦੀ ਜਥੇਬੰਦੀਆਂ ਦੇ ਇਕ ਸਮੂਹ ਨਾਲ ਜੁੜੀ ਹੈ ਜੋ ਕਿ ਦੇਸ਼ ਵਿਚ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਿੰਸਾ ਕਰਦਾ ਹੈ। ਗੁਜਰਾਤ ਵਿਚ ਈਸਾਈ ਵੀ ਹਿੰਸਾ ਦਾ ਸ਼ਿਕਾਰ ਹੋਏ ਅਤੇ ਕਈ ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ। ਚਿੱਠੀ ਵਿਚ ਲਿਖਿਆ ਗਿਆ ਹੈ ਕਿ ਮੋਹਨ ਭਾਗਵਤ ਨਾਲ ਸਟੇਜ ਸਾਂਝੀ ਕਰਨ ਦੀ ਤੁਹਾਡੀ ਯੋਜਨਾ ਸੰਘ ਪਰਿਵਾਰ ਦੀਆਂ ਗਤੀਵਿਧੀਆਂ ਲਈ ਤੁਹਾਡੀ ਪ੍ਰਵਾਨਗੀ ਸਮਾਨ ਹੈ। ਇਸ ਕਰਕੇ ਅਸੀਂ ਤੁਹਾਡੇ ਫੈਸਲੇ ਤੋਂ ਨਿਰਾਸ਼ ਹਾਂ ਜੋ ਕਿ ਭਾਰਤ ਦੇ ਸਭ ਤੋਂ ਵੱਧ ਹਾਸ਼ੀਏ 'ਤੇ ਗਏ ਅਤੇ ਕਮਜ਼ੋਰ ਨਾਗਰਿਕਾਂ, ਜਿਨ੍ਹਾਂ ਵਿਚ ਬੋਧੀ, ਈਸਾਈ, ਦਲਿਤ, ਮੁਸਲਿਮ ਅਤੇ ਸਿੱਖ ਸ਼ਾਮਲ ਹਨ, ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ।

## ਲਨੈਕਸਾ 'ਚ ਗੁਰਦੁਆਰਾ ਸਾਹਿਬ ਬਣਾਏ ਜਾਣ ਨੂੰ ਮਨਜ਼ੂਰੀ

ਦੇ ਪ੍ਰਾਜੈਕਟ ਬਾਰੇ ਇਸ ਸਾਲ ਅਪ੍ਰੈਲ ਮਹੀਨੇ ਦੌਰਾਨ ਵਿਚਾਰਾਂ ਸ਼ੁਰੂ ਕੀਤੀਆਂ ਸਨ। ਇਸ ਮੰਗਲਵਾਰ ਨੂੰ ਹੋਈ ਮੀਟਿੰਗ 'ਚ ਭਰਵੇਂ ਵਿਚਾਰ ਵਟਾਂਦਰੇ ਬਾਅਦ ਇਸ ਸਬੰਧੀ ਮੁਢਲੀ ਯੋਜਨਾ ਨੂੰ ਸਹਿਮਤੀ ਦੇ ਦਿੱਤੀ ਗਈ ਹਾਲਾਂਕਿ ਚਾਰ ਮੈਂਬਰੀ ਕੌਂਸਲ ਦੇ ਦੋ ਮੈਂਬਰਾਂ ਨੇ ਵਿਰੋਧ ਕਰਦਿਆਂ ਕੁਝ ਤਬਦੀਲੀਆਂ ਵਾਸਤੇ ਹੋਰ ਸਮਾਂ ਦਿੱਤੇ ਜਾਣ ਉੱਤੇ ਜੋਰ ਦਿੱਤਾ। ਕੌਂਸਲ ਮੈਂਬਰ ਬਿੱਲ ਨਿਕਸ ਦਾ ਕਹਿਣਾ ਸੀ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਡਿਜ਼ਾਇਨ ਆਲੇ ਦੁਆਲੇ ਨਾਲ ਮੇਲ ਖਾਂਦਾ ਹੋਵੇ। ਕੁਝ ਹੋਰਨਾਂ ਵਸਨੀਕਾਂ ਨੇ ਇਮਾਰਤ ਦੇ ਗੁੰਬਦ ਦੇ ਰੰਗ ਅਤੇ ਜ਼ਿਆਦਾ ਰੋਸ਼ਨੀਆਂ ਕਾਰਨ ਪੋਲੂਸ਼ਨ ਵੱਧਣ ਦਾ ਮੁੱਦਾ ਵੀ ਉਠਾਇਆ। ਸਿੱਖ ਭਾਈਚਾਰੇ ਦੇ ਸਰਗਰਮ ਆਗੀ ਸਤਿੰਦਰ ਸਿੰਘ ਹੁੰਦਲ ਨੇ ਇਨ੍ਹਾਂ ਸਵਾਲਾਂ ਬਾਰੇ ਕਿਹਾ ਕਿ ਅਸੀਂ ਨਵੇਂ ਇਲਾਕੇ ਵਿੱਚ ਗੁਰੂ ਘਰ ਬਣਾਉਣ ਜਾ ਰਹੇ ਹਾਂ ਤੇ ਲੋਕਾਂ ਵਲੋਂ ਸਵਾਲ ਉਠਾਏ ਜਾਣੇ ਸੁਭਾਵਕ ਹਨ। ਅਸੀਂ ਇਸ ਸਭ ਕੁਝ ਤਿਆਰ ਸਾਂ। ਪਰ ਸਥਾਨਕ ਵਸਨੀਕਾਂ ਨੇ ਸਾਡਾ ਬੜਾ ਸਹਿਯੋਗ ਦਿੱਤਾ ਹੈ। ਸੱਚਮੁੱਚ ਬਹੁਤ ਸਾਰੇ ਲੋਕ ਬੇਹੱਦ ਚੰਗੇ ਹਨ। ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

## ਰਣਜੀਤ ਬਾਵਾ ਤੇ ਅਨਮੋਲ ਗਗਨ ਮਾਨ, ਮਿਲਪੀਟਸ ਦੇ ਪੰਜਾਬੀ ਫੋਕ ਸ਼ੋਅ 'ਚ 22 ਜੂਨ ਨੂੰ ਲਾਉਣਗੇ ਰੌਣਕਾਂ

ਕਿਮ ਦਿਓਲ : 510-760-0970, ਡਾ.ਉਪਲ: 510-432-2375, ਮਨਦੀਪ ਬਾਜਵਾ : 925-922-2043

ਵੱਖ ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਇਨ੍ਹਾਂ ਸ਼ੋਆਂ ਦਾ ਵੇਰਵਾ ਇਸ ਤਰ੍ਹਾਂ ਹੈ :

22 ਜੂਨ : ਇੰਡੀਆ ਕਮਿਉਨਿਟੀ ਸੈਂਟਰ ਮਿਲਪੀਟਸ
23 ਜੂਨ : ਬਰਬੈਂਕ ਹਾਈ ਸਕੂਲ ਸੈਕਰਾਮੈਂਟੋ
24 ਜੂਨ ਗੁਨੀਤ LA ਲਾਸ ਏਂਜਲਸ
27 ਜੂਨ ਡੈਨਵਰ
29 ਜੂਨ : ਫਰਿਜ਼ਨੋ (ਸ਼ੋਅ ਆਰਗੇਨਾਈਜ਼ਰ ਬਰਾਈਟ ਬਰੇਨ ਪ੍ਰੋਡੱਕਸ਼ਨਜ਼)

## ਓਰੇਗਨ ਦੇ ਹਿਰਾਸਤੀ ਕੇਂਦਰ ਵਿਚ ਰਾਜਸੀ ਸ਼ਰਨ ਮੰਗਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਬਹੁਤੇ ਸਿੱਖ

ਇਹ ਸਾਡੇ ਲਈ ਬਹੁਤ ਸ਼ਰਮ ਦੀ ਗੱਲ ਹੈ ਕਿ ਕੋਈ ਬੱਚੇ ਆਪਣੇ ਮਾਪਿਆਂ ਤੋਂ ਦੂਰ ਰਹਿ ਰਹੇ ਹਨ। ਉਨ੍ਹਾਂ ਦਾ ਇਸ਼ਾਰਾ ਟਰੰਪ ਦੀ "ਜ਼ੀਰੋ ਟੌਲਰੇਂਸ" ਨੀਤੀ ਵੱਲ ਸੀ। ਇਹ ਲੋਕ ਬੰਗਲਾਦੇਸ਼, ਬਰਾਜ਼ੀਲ, ਕੈਮਰੌਨ, ਚੀਨ, ਅਲ-ਸਲਵਾਡੋਰ, ਗੁਆਟੇਮਾਲਾ, ਹੋਂਡੁਰਸ, ਮੈਕਸਿਕੋ, ਭਾਰਤ, ਨੇਪਾਲ, ਪੇਰੂ, ਰੂਸ ਤੇ ਕਾਂਗੋ ਸਮੇਤ ਸੋਲ੍ਹਾਂ ਵੱਖ ਵੱਖ ਦੇਸ਼ਾਂ ਵਿਚੋਂ ਆਏ ਹਨ।

## ਕਈ ਭਾਰਤੀ ਚੈਨਲ ਚਲਾ ਰਹੇ ਨੇ ਪਾਖੰਡੀ ਬਾਬਿਆਂ ਦਾ ਕਾਰੋਬਾਰ

ਸਵੇਰ ਤੇ ਸ਼ਾਮ ਨੂੰ ਫ਼ਿਲਮੀ ਗੀਤਾਂ ਦੀ ਤਰਜ਼ 'ਤੇ ਚੱਲਦੇ ਧਾਰਮਿਕ ਗੀਤਾਂ ਨੂੰ ਸੁਣ ਕੇ ਕਈ ਵਾਰ ਮੱਲੋ-ਮੱਲੀ ਹਾਸਾ ਨਿਕਲ ਆਉਂਦਾ ਹੈ। ਚੈਨਲ 'ਤੇ ਹਰ ਰੋਜ਼ ਪ੍ਰਗਟ ਹੁੰਦਾ ਇੱਕ ਬਾਬਾ ਤਾਂ ਅਜਿਹਾ ਹੈ ਜਿਹੜਾ ਪੂਰਾ ਨੰਗਾ ਹੋ ਕੇ ਬਹੁਤ ਵੱਡੇ ਨਕਲੀ ਮੋਰ 'ਤੇ ਬੈਠਾ ਹੋਇਆ ਪ੍ਰਵਚਨ ਕਰੀ ਜਾਂਦਾ ਹੈ ਤੇ ਅੰਨ੍ਹੀ ਸ਼ਰਧਾ 'ਚ ਗ਼ਲਤਾਨ ਹੋਏ ਲੋਕ, ਖ਼ਾਸ ਕਰ ਔਰਤਾਂ ਉਸ ਦੇ ਆਲੇ-ਦੁਆਲੇ ਟਪੂਸੀਆਂ ਮਾਰ-ਮਾਰ ਨੱਚਦੀਆਂ ਹਨ। ਇੱਕ ਬਾਬਾ ਆਪਣੇ ਆਪ ਨੂੰ ਕ੍ਰਾਂਤੀਕਾਰੀ ਸੰਤ ਦੱਸਦਾ ਹੈ। ਉਸ ਦਾ ਕੰਮ ਇਹ ਹੁੰਦਾ ਹੈ ਕਿ ਉਹ ਪਹਿਲਾਂ ਹੌਲੀ-ਹੌਲੀ ਤੇ ਫਿਰ ਇਕੋ-ਦਮ ਨਾਨਾ ਪਾਟੇਕਰ ਵਾਂਗ ਇੰਞ ਤੇਜ਼-ਤੇਜ਼ ਬੋਲਣ ਲੱਗਦਾ ਹੈ ਜਿਵੇਂ ਉਸ ਨੂੰ ਕੋਈ ਦੌਰਾ ਪੈ ਗਿਆ ਹੋਵੇ। ਇਸ ਬਾਬੇ ਦੇ ਬੋਲਣ ਦੇ ਅੰਦਾਜ਼ ਤੇ ਗੱਲਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹ ਐਕਟਿੰਗ ਹੀ ਕਰ ਰਿਹਾ ਹੈ ਤੇ ਲੋਕ ਉਸ ਦੀ ਐਕਟਿੰਗ ਦੇ ਹੀ ਸ਼ੈਦਾਈ ਹਨ। ਪਤਾ ਨਹੀਂ ਇਹ ਬਾਬਾ ਕਿਹੜੀ ਕ੍ਰਾਂਤੀ ਲਿਆਉਣ ਦੀ ਗੱਲ ਕਰਦਾ ਹੈ? ਦੋ-ਚਾਰ ਬਾਬੇ ਅਜਿਹੇ ਹਨ ਜਿਹੜੇ ਮਿਥਿਹਾਸਕ ਤੇ ਮਨਘੜਤ ਕਹਾਣੀਆਂ ਸੁਣਾ ਕੇ ਬੁੱਤਾ ਸਾਰੀ ਜਾਂਦੇ ਹਨ।

ਅਜਿਹੇ ਹੋਰ ਕਿੰਨੇ ਅਜੀਬੋ-ਗ਼ਰੀਬ ਬਾਬੇ ਹਨ ਜਿਹੜੇ ਚੈਨਲਾਂ ਦਾ ਖ਼ੂਬ ਲਾਹਾ ਲੈ ਕੇ ਆਪਣਾ ਕਾਰੋਬਾਰ ਧੜੱਲੇ ਨਾਲ ਚਲਾ ਰਹੇ ਹਨ। ਕਈ ਬਾਬੇ ਤਾਂ ਚੈਨਲਾਂ ਨੂੰ ਸਿਆਸਤ ਦੇ ਪ੍ਰਚਾਰ ਦੇ ਸਾਧਨ ਵਜੋਂ ਵਰਤਦੇ ਹਨ। ਧਾਰਮਿਕ ਚੈਨਲਾਂ 'ਤੇ ਬਾਬਿਆਂ ਦੇ ਪਖੰਡ ਨੂੰ ਵੇਖਣਾ ਵੀ ਆਪਣੇ ਆਪ 'ਚ ਵਧੀਆ ਮਨੋਰੰਜਨ ਹੁੰਦਾ ਹੈ। ਕਈ ਬਾਬੇ ਤਾਂ ਅਜਿਹੀਆਂ ਫੋਕੀਆਂ, ਬੇਦਲੀਲ ਗੱਲਾਂ ਕਰਦੇ ਹਨ ਕਿ ਬਾਬਾਵਾਦ ਤੋਂ ਇਨਕਾਰੀ ਸੁਣਨ ਵਾਲੇ ਦਾ ਮੱਲੋ-ਮੱਲੀ ਹਾਸਾ ਨਿਕਲ ਜਾਂਦਾ ਹੈ, ਪਰ ਉਨ੍ਹਾਂ ਦੇ ਪੈਰੋਕਾਰ ਇਨ੍ਹਾਂ ਗੱਲਾਂ ਨੂੰ ਰੂਹਾਨੀ ਤੇ 'ਧੁਰੋਂ' ਆਏ ਪ੍ਰਵਚਨ ਸਮਝ ਕੇ ਹੱਥ ਜੋੜੀ ਜਾਂਦੇ ਹਨ। ਬਾਬਾਵਾਦ ਫੈਲਾਉਣ ਤੇ

ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾਉਣ 'ਚ ਕਈ ਚੈਨਲਾਂ ਨੇ ਬੜੀ ਵੱਡੀ ਭੂਮਿਕਾ ਨਿਭਾਈ ਹੈ ਤੇ ਬਾਬਿਆਂ ਨੇ ਵੀ ਚੈਨਲਾਂ 'ਤੇ ਆਪਣਾ ਪ੍ਰਚਾਰ ਕਰ-ਕਰ ਕੇ ਖ਼ੂਬ ਪ੍ਰਸਿੱਧੀ ਤੇ ਪੈਸਾ ਖਟਿਆ ਹੈ। ਇਹ ਗੱਲ ਵੀ ਨਹੀਂ ਕਿ ਸਾਰਾ ਆਵਾ ਹੀ ਊਤਿਆ ਪਿਆ ਹੈ। ਉਂਵ ਐਨਡੀਟੀਵੀ ਜਿਹੇ ਚੈਨਲਾਂ 'ਤੇ ਜੋਤਿਸ਼ਵਾਦ, ਬਾਬਾਵਾਦ, ਸਨਸਨੀ ਆਦਿ ਨੂੰ ਕੋਈ ਥਾਂ ਨਹੀਂ ਮਿਲਦੀ। ਜਦੋਂ ਕੁਝ ਸਾਲ ਪਹਿਲਾਂ ਇਸ ਚੈਨਲ ਨੂੰ ਕੋਈ ਵੱਕਾਰੀ ਕੌਮੀ ਐਵਾਰਡ ਮਿਲਣ ਲੱਗਾ ਸੀ, ਤਾਂ ਇਸ ਦੇ ਅਧਿਕਾਰੀ ਨੇ ਕਿਹਾ ਸੀ ਕਿ "ਇੱਥੋਂ ਪਤਾ ਲੱਗਦਾ ਹੈ ਕਿ ਅੰਧ-ਵਿਸ਼ਵਾਸ ਅਤੇ ਸਨਸਨੀ ਫੈਲਾਏ ਬਿਨਾਂ ਵੀ ਐਵਾਰਡ ਜਿੱਤੇ ਜਾ ਸਕਦੇ ਹਨ।" ਪਰ ਇਹ ਮੁਮਕਿਨ ਨਹੀਂ ਕਿ ਬਾਕੀ ਸਾਰੇ ਚੈਨਲ ਵੀ ਐਨਡੀਟੀਵੀ ਦੇ ਰਾਹ ਤੁਰ ਪੈਣ। ਜਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ, ਉਦੋਂ ਤਾਂ ਸਰਕਾਰ ਨੇ ਦੂਰਦਰਸ਼ਨ ਉੱਤੇ ਮਿਥਿਹਾਸਕ ਤੇ ਧਾਰਮਿਕ ਨਾਟਕਾਂ ਦਾ ਹੜ੍ਹ ਹੀ ਲਿਆ ਦਿੱਤਾ ਸੀ। ਉਦੋਂ ਰੋਜ਼ ਹੀ ਕੋਈ ਨਾ ਕੋਈ ਧਾਰਮਿਕ ਨਾਟਕ ਚਲਦਾ ਰਹਿੰਦਾ ਸੀ ਤੇ ਲੱਗਦਾ ਸੀ ਕਿ ਦੂਰਦਰਸ਼ਨ ਕੋਈ ਧਾਰਮਿਕ ਚੈਨਲ ਬਣਾ ਦਿੱਤਾ ਗਿਆ ਹੈ। ਕਾਂਗਰਸ ਦੀ ਸਰਕਾਰ ਆਉਣ 'ਤੇ ਹੀ ਇਸ ਖ਼ਤਰਨਾਕ ਤੇ ਫ਼ਿਰਕੂ ਰੁਝਾਨ ਨੂੰ ਥੋੜ੍ਹੀ ਜਹੀ ਠੱਲ੍ਹ ਪਈ। ਪਰ ਹੁਣ ਨਿੱਜੀ ਚੈਨਲਾਂ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਸਰਕਾਰ ਚਾਹੇ ਤਾਂ ਕੁਝ ਹੋ ਸਕਦਾ ਹੈ, ਨਹੀਂ ਤਾਂ ਚੈਨਲਾਂ 'ਤੇ ਬਾਬਿਆਂ ਦੇ ਦੰਭ ਦਾ ਦੌਰ ਚਲਦਾ ਹੀ ਰਹੇਗਾ, ਸਗੋਂ ਹੋਰ ਤੇਜ਼ ਹੀ ਹੋਵੇਗਾ ਤੇ ਵਿਗਿਆਨਕ ਸੋਝੀ ਦੀ ਘਾਟ ਦੇ ਮਾਰੇ ਲੋਕ, ਝੂਠੀ ਸ਼ਾਂਤੀ ਦੀ ਭਾਲ 'ਚ ਬਾਬਿਆਂ ਦਾ ਪੱਲਾ ਫੜੀ ਹੀ ਰੱਖਣਗੇ।

## ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਪਿੱਛੇ ਡਰਾਮਾ ਹੈ ਜਾਂ ਸੱਚਾਈ !

ਹਾਲਾਂਕਿ ਅਧਿਕਾਰੀ ਦੇ ਬਿਆਨ ਨਾਲ ਮੀਡੀਆ ਦੀ ਬਹਿਸਾਂ ਵਿਚ ਕੋਈ ਫਰਕ ਨਹੀਂ ਪਿਆ। ਜਿਨ੍ਹਾਂ ਵਿਚ ਹੱਤਿਆ ਦੀ ਸਾਜ਼ਿਸ਼ ਨੂੰ ਜੋਰ ਸ਼ੋਰ ਨਾਲ ਉਠਾਇਆ ਗਿਆ। ਇਹ ਰੀਤ ਅਗੇ ਵੀ ਜਾਰੀ ਰਹੇਗੀ। 2015-16 ਤੇ 17 ਵਿਚ ਅਜਿਹੀਆਂ ਖਬਰਾਂ ਆਉਂਦੀਆਂ ਰਹੀਆਂ।

ਸੰਨ 2018 : ਅੱਤਵਾਦੀ ਦੇ ਗ੍ਰਿਫ਼ਤਾਰੀ ਦੇ ਕਾਫੀ ਸਮੇਂ ਬਾਅਦ ਹੱਤਿਆ ਦਾ ਸ਼ੱਕ : ਇਸੇ ਸਾਲ ਮਈ ਦੌਰਾਨ ਗੁਜਰਾਤ ਐਟੀਐਸ ਨੇ ਆਈਐਨ ਦੇ ਦੋ ਅੱਤਵਾਦੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਇਹ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਦਾ ਪਰਦਾਫਾਸ਼ ਹੋ ਗਿਆ ਹੈ। ਚਾਰਜਸ਼ੀਟ ਵਿਚ ਦੱਸਿਆ ਗਿਆ ਕਿ ਦੋ ਗ੍ਰਿਫ਼ਤਾਰ ਅੱਤਵਾਦੀਆਂ ਵਿਚੋਂ ਇਕ ਦੇ ਕਿਸੇ ਅਗਿਆਤ ਸਹਿਯੋਗੀ ਨੇ ਪ੍ਰਧਾਨ ਮੰਤਰੀ ਦੀ ਹੱਤਿਆ ਬਾਰੇ ਗੱਲ ਕੀਤੀ ਸੀ। ਉਸਨੇ ਗ੍ਰਿਫ਼ਤਾਰ ਅੱਤਵਾਦੀ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਸੀ ਕਿ ਮੋਦੀ ਨੂੰ ਸਨਾਇਪਰ ਰਾਈਫਲ ਨਾਲ ਉਡਾ ਦੇਵਾਂਗੇ। ਪਰ ਅਕਤੂਬਰ 2017 ਵਿਚ ਦੋਨਾਂ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਦੌਰਾਨ ਹੋਰ ਇਸ ਤੋਂ ਇਲਾਵਾ ਕੁਝ ਸਮੇਂ ਬਾਅਦ ਹੀ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਬਾਰੇ ਰਿਪੋਰਟ ਨਹੀਂ ਆਈ। 6-7 ਮਹੀਨੇ ਬੀਤ ਜਾਣ ਦੇ ਉਪਰੰਤ ਐਟੀਐਸ ਚਾਰਜਸ਼ੀਟ ਦਾਖਲ ਕਰਦੀ ਹੈ ਤਾਂ ਉਸ ਵਿਚ ਨਰਿੰਦਰ ਮੋਦੀ ਦੀ ਹੱਤਿਆ ਬਾਰੇ ਸਾਜ਼ਿਸ਼ ਦਾ ਜ਼ਿਕਰ ਹੁੰਦਾ ਹੈ ਤੇ ਹੁਣ ਭੀਮਾ ਕੋਰੇਗਾਂਵ ਹਿੰਸਾ ਦੇ ਪਿੱਛੇ ਕਿਨ੍ਹਾਂ ਲੋਕਾਂ ਦਾ ਹੱਥ ਸੀ, ਇਸ ਸੁਆਲ ਨੂੰ ਨਰਿੰਦਰ ਮੋਦੀ ਦੀ ਹੱਤਿਆ ਦੀ ਇਕ ਹੋਰ ਸਾਜ਼ਿਸ਼ ਦੀ ਚਰਚਾ ਨੇ ਛੁਪਾ ਦਿੱਤਾ ਹੈ।

ਸਾਜ਼ਿਸ਼ ਤੇ ਮੁਕਾਬਲਾ : ਰਾਜਨੇਤਾ ਦੇ ਤੌਰ 'ਤੇ ਨਰਿੰਦਰ ਮੋਦੀ ਦੀ ਹੱਤਿਆ ਦੀਆਂ ਸਾਜ਼ਿਸ਼ਾਂ ਦਾ ਜਦ ਵੀ ਪਤਾ ਚੱਲਿਆ ਹੈ ਤਦ ਤਦ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਪਰ ਇਸ਼ਰਤ ਜਹਾਂ ਤੇ ਸੋਹਰਾਬੋਦੀਨ ਪੁਲੀਸ ਮੁਕਾਬਲੇ ਵਰਗੇ ਮਾਮਲੇ ਇਨ੍ਹਾਂ ਸਾਜ਼ਿਸ਼ਾਂ 'ਤੇ ਕਈ ਸੁਆਲ ਉਠਾਉਂਦੇ ਹਨ। 15 ਜੂਨ 2004 ਨੂੰ ਗੁਜਰਾਤ ਪੁਲੀਸ ਦੇ ਨਾਲ ਪੁਲੀਸ ਮੁਕਾਬਲੇ ਵਿਚ 19 ਸਾਲ ਦੀ ਇਸ਼ਰਤ ਜਹਾਂ ਸਹਿਤ ਜਿੱਥੇ ਤਿੰਨ ਲੋਕ ਮਾਰੇ ਗਏ ਸਨ। ਪੁਲੀਸ ਦੇ ਮੁਤਾਬਕ ਇਹ ਸਾਰੇ ਲਸ਼ਕਰ ਦੇ ਅੱਤਵਾਦੀ ਸਨ, ਜੋ ਨਰਿੰਦਰ ਮੋਦੀ ਦਾ ਕਤਲ ਕਰਨ ਆਏ ਸਨ। ਇਸੇ ਤਰ੍ਹਾਂ 26 ਨਵੰਬਰ 2005 ਨੂੰ ਸੋਹਰਾਬੋਦੀਨ ਸ਼ੇਖ ਦੀ ਵੀ ਪੁਲੀਸ ਦੇ ਨਾਲ ਕਥਿਤ ਮੁਕਾਬਲੇ ਵਿਚ ਮੌਤ ਹੋਈ ਸੀ। ਇਸ ਦੇ ਬਾਰੇ ਕਿਹਾ ਗਿਆ ਕਿ ਉਹ ਨਰਿੰਦਰ ਮੋਦੀ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚ ਰਿਹਾ ਸੀ। ਬਾਅਦ ਵਿਚ ਇਨ੍ਹਾਂ ਦੋਨਾਂ ਪੁਲੀਸ ਮੁਕਾਬਲਿਆਂ 'ਤੇ ਝੂਠੇ ਪੁਲੀਸ ਮੁਕਾਬਲੇ ਹੋਣ ਦੇ ਦੋਸ਼ ਲੱਗੇ। ਇਹ ਮਾਮਲੇ ਅਦਾਲਤਾਂ ਵਿਚ ਗਏ। 2010 ਵਿਚ ਸੋਹਰਾਬੋਦੀਨ ਪੁਲੀਸ ਮੁਕਾਬਲੇ ਵਿਚ ਅਮਿਤ ਸ਼ਾਹ ਦੀ ਗ੍ਰਿਫ਼ਤਾਰੀ ਵੀ ਹੋਈ। ਕੁਝ ਸਮੇਂ ਪਹਿਲਾਂ ਹੀ ਅਦਾਲਤ ਨੇ ਉਨ੍ਹਾਂ ਨੂੰ ਬਰੀ ਕੀਤਾ ਹੈ।

ਕੀ ਪ੍ਰਧਾਨ ਮੰਤਰੀ ਦੀ ਹੱਤਿਆ ਸੰਭਵ ਹੈ : ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਦਾ ਕਈ ਵਿਰੋਧੀ ਨੇਤਾਵਾਂ ਨੇ ਮਜ਼ਾਕ ਉਡਾਇਆ ਹੈ। ਉਥੇ ਭਾਜਪਾ ਨੇ ਇਸ ਨੂੰ ਅਸੰਵੇਦਨਸ਼ੀਲਤਾ ਦਾ ਉਦਾਹਰਣ ਦੱਸਿਆ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਹੈ ਕਿ ਦੇਸ਼ ਨੇ ਅੱਤਵਾਦੀ ਹਿੰਸਾ ਵਿਚ ਦੋ ਪ੍ਰਧਾਨ ਮੰਤਰੀ ਗੁਆਏ ਹਨ ਤੇ ਉਨ੍ਹਾਂ ਨੂੰ ਗੁਆਉਣ ਵਾਲੀ ਕਾਂਗਰਸ ਹੀ ਇਸ ਸੰਵੇਦਨਾ ਨੂੰ ਨਹੀਂ ਸਮਝਦੀ। ਕੇਂਦਰੀ ਮੰਤਰੀ ਦੀ ਗੱਲ ਗਲਤ ਨਹੀਂ। ਪਰ ਪਹਿਲਾਂ ਹੀ ਦੋਨਾਂ ਹੱਤਿਆਵਾਂ ਨੂੰ ਪ੍ਰਸਥਿਤੀਆਂ ਦੀ ਨਜ਼ਰ ਨਾਲ ਦੇਖਣ ਦੀ ਜ਼ਰੂਰਤ ਹੈ। ਇੰਦਰਾ ਗਾਂਧੀ ਦੀ ਹੱਤਿਆ ਅੱਤਵਾਦੀਆਂ ਨੇ ਨਹੀਂ ਕੀਤੀ, ਬਲਕਿ ਹਰਿਮੰਦਰ ਸਾਹਿਬ 'ਤੇ ਹੋਏ ਜੂਨ 84 ਦੌਰਾਨ ਫ਼ੌਜੀ ਹਮਲੇ ਦੇ ਪ੍ਰਤੀਕਰਮ ਵਜੋਂ ਗੁੱਸੇ ਵਿਚ ਉਨ੍ਹਾਂ ਦੇ ਦੋ ਸਿੱਖ ਸੁਰੱਖਿਆ ਕਰਮਚਾਰੀਆਂ ਨੇ ਹੀ ਉਨ੍ਹਾਂ ਨੂੰ ਕਤਲ ਕਰ ਦਿੱਤਾ। ਇਨ੍ਹਾਂ ਕਰਮਚਾਰੀਆਂ ਦੇ ਕਿਸੇ ਵੀ ਅੱਤਵਾਦੀ ਜਥੇਬੰਦੀ ਨਾਲ ਸੰਬੰਧ ਨਹੀਂ ਸਨ। ਉਨ੍ਹਾਂ ਨੇ ਆਪਣੀਆਂ ਧਾਰਮਿਕ ਭਾਵਨਾਵਾਂ ਦੇ ਅਧੀਨ ਇਹ ਕਾਰਨਾਮਾ ਕੀਤਾ।

ਰਾਜਨੀਤਕ ਹੱਤਿਆ ਦਾ ਸ਼ਿਕਾਰ ਹੋਣ ਵਾਲੇ ਦੂਸਰੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਨ। ਹਾਲਾਂਕਿ ਉਨ੍ਹਾਂ ਦੇ ਸਮੇਂ ਵਿਚ ਐਸਪੀਜੀ (ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਬਣਾਇਆ ਗਿਆ ਵਿਸ਼ੇਸ਼ ਦਲ) ਸੀ। ਪਰ ਸਾਬਕਾ ਪ੍ਰਧਾਨ ਮੰਤਰੀ ਹੋਣ ਦੇ ਕਾਰਨ ਉਸ ਨੂੰ ਉਸਦੀ ਸੁਰੱਖਿਆ ਨਹੀਂ ਮਿਲ ਸਕੀ। ਕਈ ਲੋਕ ਇਹ ਨਹੀਂ ਜਾਣਦੇ ਕਿ ਜਿਸ ਸਮੇਂ ਰਾਜੀਵ ਗਾਂਧੀ ਦੀ ਬੰਬ ਧਮਾਕੇ ਵਿਚ ਮੌਤ ਹੋਈ ਉਸ ਸਮੇਂ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਹੀਂ ਸਨ। 1991 ਵਿਚ ਉਨ੍ਹਾਂ ਦੀ ਹੱਤਿਆ ਦੇ ਬਾਅਦ ਐਸਪੀਜੀ ਐਕਟ ਵਿਚ ਤਬਦੀਲੀ ਕੀਤੀ ਗਈ ਤੇ ਵਰਤਮਾਨ ਪ੍ਰਧਾਨ ਮੰਤਰੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਵੀ 10 ਸਾਲ ਦੇ ਲਈ ਐਸਪੀਜੀ ਸੁਰੱਖਿਆ ਦੇਣ ਦਾ ਐਲਾਨ ਕੀਤਾ ਗਿਆ। ਤਦ ਤੋਂ ਭਾਰਤ ਦੇ ਕਿਸੇ ਪ੍ਰਧਾਨ ਮੰਤਰੀ 'ਤੇ ਹਮਲਾ ਨਹੀਂ ਹੋਇਆ। ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਜਿੱਥੇ ਵੀ ਜਾਂਦੇ ਹਨ, ਇਹ ਦਲ ਰਾਜ ਪੁਲੀਸ ਤੇ ਐਨਐਸਜੀ ਦੇ ਨਾਲ ਮਿਲ ਕੇ ਉਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਦਾ ਹੈ। ਰਾਜੀਵ ਗਾਂਧੀ ਦੇ ਕਤਲ ਤੋਂ ਪਹਿਲਾਂ ਤੇ ਉਸ ਦੇ ਬਾਅਦ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਬਹੁਤ ਅੰਤਰ ਆ ਗਿਆ ਹੈ। ਖੁਦ ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਇਜ਼ਰਾਈਲ ਦੀ ਪ੍ਰਸਿੱਧ ਖੁਫੀਆ ਏਜੰਸੀ ਮੌਸਾਦ ਦੇ ਪੱਧਰ ਦੀ ਹੈ। ਪ੍ਰਧਾਨ ਮੰਤਰੀ ਦੇ ਘਰ 'ਤੇ 5 ਸੌ ਤੋਂ ਜ਼ਿਆਦਾ ਐਸਬੀਜੀ ਕਮਾਂਡੋ ਹਮੇਸ਼ਾ ਤੈਨਾਤ ਰਹਿੰਦੇ ਹਨ। ਉਹ 24 ਘੰਟੇ ਐਸਪੀਜੀ ਦੀ ਸੁਰੱਖਿਆ ਦੇ ਘੇਰੇ ਵਿਚ ਰਹਿੰਦੇ ਹਨ। ਪ੍ਰਧਾਨ ਮੰਤਰੀ ਦਾ ਕਾਫਲਾ ਜਿਸ ਜਗ੍ਹਾ ਤੋਂ ਗੁਜਰਦਾ ਹੈ, ਉਸ ਦਾ ਇਕ ਪਾਸੇ ਦਾ ਰਸਤਾ ਹਰ ਕਿਸੇ ਦੇ ਲਈ ਬੰਦ ਕਰ ਦਿੱਤਾ ਜਾਂਦਾ ਹੈ। ਕਾਫਲੇ ਦੀਆਂ ਸਾਰੀਆਂ ਗੱਡੀਆਂ ਦੇ ਗੁਜ਼ਰਨ ਤੋਂ ਪਹਿਲਾਂ ਕਿਸੇ ਨੂੰ ਜਾਣ ਦੀ ਇਜ਼ਾਜਤ ਨਹੀਂ ਹੁੰਦੀ। ਸੁਰੱਖਿਆ ਮਾਹਿਰਾਂ ਦੀ ਮੰਨੀਏ ਤਾਂ ਹਮਲਾਵਰਾਂ ਨੂੰ ਧੋਖਾ ਦੇਣ ਦੇ ਲਈ ਕਾਫਲੇ ਵਿਚ ਦੋ ਡੰਮੀ ਕਾਰਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਏਨਾ ਹੀ ਨਹੀਂ, ਕਾਫਲੇ ਦੀਆਂ ਕੁਝ ਵਿਸ਼ੇਸ਼ ਗੱਡੀਆਂ ਦੇ ਸੌ ਮੀਟਰ ਦੇ ਦਾਅਰੇ ਵਿਚ ਰੱਖੇ ਗਏ ਬੰਬਾਂ ਨੂੰ ਡਿਫਿਊਜ਼ ਕਰਨ ਦੇ ਲਈ ਯੰਤਰ ਵੀ ਲੱਗੇ ਹੁੰਦੇ ਹਨ। ਪ੍ਰਧਾਨ ਮੰਤਰੀ ਜਿਸ ਕਾਰ ਵਿਚ ਬੈਠਦੇ ਹਨ, ਉਸ 'ਤੇ ਕਿਸੇ ਗ੍ਰਨੇਡ ਬੰਬ ਦਾ ਅਸਰ ਨਹੀਂ ਹੁੰਦਾ। ਕਾਰ ਵਿਚ ਟਾਇਰ ਪੈਂਕਚਰ ਹੋਣ ਦੇ ਬਾਅਦ ਵੀ ਉਸ ਨੂੰ 90 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਵਿਚ 320 ਕਿਲੋਮੀਟਰ ਤੱਕ ਚਲਾਇਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਜਦ ਹਵਾਈ ਸਫ਼ਰ ਕਰਦੇ ਹਨ ਤੇ ਉਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਹਵਾਈ ਸੈਨਾ ਦੇਖਦੀ ਹੈ। ਉਨ੍ਹਾਂ ਦਾ ਜਹਾਜ਼ ਜਿਸ ਹਵਾਈ ਖੇਤਰ ਤੋਂ ਗੁਜਰਦਾ ਹੈ, ਉਹ ਨੋ ਫਲਾਇੰਗ ਜ਼ੋਨ ਐਲਾਨ ਕਰ ਦਿੱਤਾ ਜਾਂਦਾ ਹੈ। ਅਰਥਾਤ ਕੋਈ ਹੋਰ ਜਹਾਜ਼ ਉਸ ਇਲਾਕੇ ਤੋਂ ਨਹੀਂ ਗੁਜ਼ਰ ਸਕਦਾ। ਇਸ ਤੋਂ ਇਲਾਵਾ ਜ਼ੈਡ ਪਲੱਸ ਸੁਰੱਖਿਆ ਦੇ ਤਹਿਤ ਪ੍ਰਧਾਨ ਮੰਤਰੀ ਦੇ ਆਲੇ ਦੁਆਲੇ 36-ਐਨਐਸ ਕਮਾਂਡੋ ਅਤਿ ਆਧੁਨਿਕ ਹਥਿਆਰਾਂ ਦੇ ਨਾਲ ਰਹਿੰਦੇ ਹਨ।

ਪ੍ਰਧਾਨ ਮੰਤਰੀ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਤੇ ਮੀਡੀਏ ਦੀ ਖੇਡ : ਭੀਮ ਕੋਰੇਗਾਂਵ ਹਿੰਸਾ ਮਾਮਲੇ ਵਿਚ ਸਰਕਾਰ ਦਾ ਪਰਦਾਫਾਸ਼ ਹੋ ਚੁੱਕਾ ਹੈ। ਇਸ ਦੇ ਬਾਵਜੂਦ ਉਹ ਮੀਡੀਏ ਦਾ ਇਸਤੇਮਾਲ ਕਰਕੇ ਆਪਣੇ ਹਥਿਆਰਾਂ ਨੂੰ ਤਿੱਖਾ ਬਣਾਈ ਰੱਖਣ ਦੀ ਕੋਸ਼ਿਸ਼ ਵਿਚ ਹੈ। ਦੇਸ਼ ਵਿਚ ਮੁੱਖ ਧਾਰਾ ਦੇ ਮੀਡੀਆ ਦੀ ਸ਼ਾਖ ਤੇ ਵਿਸ਼ਵਾਸ ਉੱਪਰ ਇਕ ਵਾਰ ਫਿਰ ਕਾਲਾ ਦਾਗ ਲੱਗਾ ਹੈ। ਭੀਮਾ ਕੋਰੇਗਾਂਵ ਦੀ ਹਿੰਸਾ ਦੇ ਮਾਮਲੇ ਵਿਚ ਦੇਸ਼ ਭਰ ਵਿਚ ਚਿੱਟਾ ਝੂਠ ਫੈਲਾਇਆ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ ਜਿਵੇਂ ਸਰਕਾਰ ਦੀਆਂ ਸੁਰੱਖਿਆ ਏਜੰਸੀਆਂ ਤੇ ਖੁਫੀਆ ਵਿਭਾਗ ਤੇ ਮਹਾਂਰਾਸ਼ਟਰ ਸਰਕਾਰ ਚਾਹੁੰਦੀ ਹੈ ਲਗਾਤਾਰ ਉਹੀ ਖਬਰਾਂ ਪੀਲੀ ਪੱਤਰਕਾਰੀ ਦੀ ਖੇਡ ਖੇਡਣ ਵਾਲੇ ਪੱਤਰਕਾਰ ਪਰੋਸ ਰਹੇ ਹਨ।

ਭੀਮਾ ਕੋਰੇਗਾਂਵ ਵਿਚ ਹਿੰਸਾ ਦਾ ਇਕ ਦ੍ਰਿਸ਼ : ਭੀਮਾ ਕੋਰੇਗਾਂਵ ਹਿੰਸਾ ਮਾਮਲੇ ਵਿਚ ਗ੍ਰਿਫ਼ਤਾਰੀਆਂ ਦੇ ਬਾਅਦ ਨਕਸਲੀਆਂ ਦੀ ਇਕ ਵੱਡੀ ਸਾਜ਼ਿਸ਼ ਦਾ ਖੁਲਾਸਾ ਕਰਦੇ ਹੋਏ ਪੂਨੇ ਪੁਲੀਸ ਨੇ ਅਜਿਹੇ ਸਬੂਤ ਮਿਲਣ ਦਾ ਦਾਅਵਾ ਕੀਤਾ ਜਿਸ ਤੋਂ ਪਤਾ ਚਲਦਾ ਹੈ ਕਿ ਨਕਸਲੀ ਰਾਜੀਵ ਗਾਂਧੀ ਹੱਤਿਆ ਕਾਂਡ ਦੀ ਤਰਜ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਦਾ ਸਾਜ਼ਿਸ਼ ਰਚ ਰਹੇ ਸਨ। ਭੀਮਾ ਕੋਰੇਗਾਂਵ ਹਿੰਸਾ ਮਾਮਲੇ ਵਿਚ ਬੀਤੇ ਦਿਨ ਹੋਈਆਂ ਪੰਜ ਗ੍ਰਿਫ਼ਤਾਰੀਆਂ ਦੇ ਬਾਅਦ ਨਕਸਲੀਆਂ ਦੀ ਇਕ ਵੱਡੀ ਸਾਜ਼ਿਸ਼ ਦਾ ਖੁਲਾਸਾ ਹੋਇਆ ਹੈ। ਊਨਾ ਪੁਲੀਸ ਦਾ ਕਹਿਣਾ ਹੈ ਕਿ ਉਸ ਨੂੰ ਅਜਿਹੇ ਸਬੂਤ ਮਿਲੇ ਹਨ, ਜਿਸ ਤੋਂ ਪਤਾ ਚੱਲਦਾ ਹੈ ਕਿ ਨਕਸਲੀ, 'ਰਾਜੀਵ ਗਾਂਧੀ ਹੱਤਿਆ ਦੀ ਤਰਜ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਬਾਰੇ ਸਾਜ਼ਿਸ਼ ਰਚ ਰਹੇ ਸਨ। ਪੁਲੀਸ ਨੇ ਪੂਨੇ ਕੋਰਟ ਨੂੰ ਦੱਸਿਆ ਕਿ ਪਾਬੰਦੀਸ਼ੁਦਾ ਨਕਸਲਵਾਦੀ ਸੰਗਠਨ ਮਾਕਪਾ ਨਾਲ ਸੰਬੰਧ ਹੋਣ ਦੇ ਦੋਸ਼ ਵਿਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਵਿਚ ਇਕ ਦੇ ਘਰ ਵਿਚੋਂ ਇਹ ਪੱਤਰ ਮਿਲਣ ਦਾ ਦਾਅਵਾ ਕੀਤਾ ਗਿਆ ਹੈ ਇਸ ਮਾਮਲੇ ਬਾਰੇ ਸਾਬਕਾ ਪੁਲੀਸ ਅਧਿਕਾਰੀਆਂ ਨੇ ਨਕਸਲੀਆਂ ਦੇ ਸਮਰੱਥਕਾਂ 'ਤੇ ਤਿੱਖਾ ਹਮਲਾ ਬੋਲਦੇ ਹੋਏ ਕਿਹਾ ਕਿ ਮਾਓਵਾਦੀਆਂ ਤੇ ਸਮਰਥਕਾਂ ਦੋਨਾਂ ਦੀ ਕਮਰ ਤੋੜਨ ਦੀ ਜ਼ਰੂਰਤ ਹੈ। ਨਕਸਲੀਆਂ ਦੇ ਕੋਲ ਮਿਲੇ ਪੱਤਰ ਤੋਂ ਇਹ ਖੁਲਾਸਾ ਹੋਇਆ ਕਿ ਮਾਓਵਾਦੀ ਪ੍ਰਧਾਨ ਮੰਤਰੀ ਮੋਦੀ ਨੂੰ ਮਾਰਨ ਲਈ ਇਕ ਹੋਰ ਰਾਜੀਵ ਕਾਂਡ ਦੀ ਯੋਜਨਾ ਬਣਾ ਰਹੇ ਹਨ। 18 ਅਪ੍ਰੈਲ ਦੌਰਾਨ ਰੋਨਾ ਜੈਕਬ ਦੁਆਰਾ ਕਾਮਰੇਡ ਪ੍ਰਕਾਸ਼ ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਕਿ ਹਿੰਦੂ ਫਾਸ਼ੀਵਾਦ ਨੂੰ ਹਰਾਉਣਾ ਜ਼ਰੂਰੀ ਹੋ ਗਿਆ ਹੈ। ਮੋਦੀ ਦੀ ਅਗਵਾਈ ਵਿਚ ਹਿੰਦੂ ਫਾਸ਼ੀਵਾਦੀ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਇਸ ਸਥਿਤੀ ਵਿਚ ਉਨ੍ਹਾਂ ਨੂੰ ਰੋਕਣਾ ਜ਼ਰੂਰੀ ਹੈ। ਚਿੱਠੀ ਵਿਚ ਲਿਖਿਆ ਗਿਆ ਕਿ ਮੋਦੀ ਦੀ ਅਗਵਾਈ ਵਿਚ ਭਾਜਪਾ ਤੇ ਬਿਹਾਰ ਨੂੰ ਛੱਡ ਕੇ ਤਕਰੀਬਨ 15 ਤੋਂ ਜ਼ਿਆਦਾ ਰਾਜਾਂ ਵਿਚ ਸੱਤਾ 'ਤੇ ਬਿਰਾਜਮਾਨ ਹੋ ਚੁੱਕੀ ਹੈ।

ਇਸ ਦੌਰਾਨ ਦੂਸਰੀ ਖਬਰ ਰਾਜਨਾਥ ਸਿੰਘ ਤੇ ਤੀਸਰੀ ਖਬਰ ਰਾਮਦੇਵ ਦੀ ਸੀ। ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਦੇ ਖੁਲਾਸੇ 'ਤੇ ਕੇਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸਰਕਾਰ ਤੇ ਸੁਰੱਖਿਆ ਏਜੰਸੀਆਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਲੈ ਕੇ ਹਮੇਸ਼ਾ ਗੰਭੀਰ ਹਨ, ਜਿੱਥੋਂ ਤੱਕ ਮਾਓਵਾਦੀਆਂ ਦਾ ਸੁਆਲ ਹੈ, ਉਹ ਹਾਰ ਚੁੱਕੇ ਹਨ ਤੇ ਹਾਰੀ ਹੋਈ ਲੜਾਈ ਲੜ ਰਹੇ ਹਨ ਤੇ ਉਹ ਕੁਝ ਜ਼ਿਲਿਆਂ ਵਿਚ ਰਹਿ ਗਏ ਹਨ।

ਜਦ ਕਿ ਰਾਮਦੇਵ ਨੇ ਕਿਹਾ ਕਿ ਰਾਜੀਵ ਗਾਂਧੀ ਦੀ ਤਰ੍ਹਾਂ ਹੀ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੀ ਸਾਜ਼ਿਸ਼ ਦੇ ਖੁਲਾਸੇ ਨਾਲ ਉਹ ਬਹੁਤ ਦੁੱਖੀ ਹਨ। ਸਾਰੇ ਰਾਜਨੀਤਕ ਦਲਾਂ ਨੂੰ ਅਪੀਲ ਹੈ ਕਿ ਅਜਿਹੀ ਭੱਦੀ ਰਾਜਨੀਤੀ ਛੱਡ ਕੇ ਪ੍ਰਧਾਨ ਮੰਤਰੀ ਦੀ ਚੜ੍ਹਦੀ ਕਲਾ ਬਾਰੇ ਸੋਚਿਆ ਜਾਵੇ। ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਜ਼ਰੂਰੀ ਹੈ।

ਲੇਖਕ ਸਜੀਵ ਚੰਦਨ ਨੇ ਜਾਣਕਾਰੀ ਦਿੱਤੀ ਹੈ : 'ਪ੍ਰਧਾਨ ਮੰਤਰੀ ਨੂੰ ਮਾਰਨ ਦੀ ਯੋਜਨਾ ਵਾਲੇ ਤੇ ਬਾਬਾ ਸਾਹਿਬ ਅੰਬੇਡਕਰ ਦੇ ਪੋਤੇ ਤੇ ਰਿਬਲਿਕਨ ਨੇਤਾ ਪ੍ਰਕਾਸ਼ ਅੰਬੇਡਕਰ ਨੂੰ ਮਾਓਵਾਦੀ ਦੱਸਣ ਵਾਲੇ ਇਨ੍ਹਾਂ ਨਿਊਜ਼ ਪੇਪਰਾਂ 'ਤੇ ਸੁਆਲ ਖੜ੍ਹੇ ਹੁੰਦੇ ਹਨ। ਨਾਗਪੁਰ ਹਾਈਕੋਰਟ ਤੇ ਹਿਊਮਨ ਰਾਈਟਸ ਲਾਅ ਨੈਟਵਰਕ ਨਾਲ ਜੁੜੇ ਇਕ ਵਕੀਲ ਨੇ ਪੱਤਰ ਦੀ ਭਾਸ਼ਾ ਦੇ ਆਧਾਰ 'ਤੇ ਕਿਹਾ ਕਿ ਉਹ ਪੱਤਰ ਪਲਾਂਟ ਕੀਤੇ ਗਏ ਹਨ। ਐਡਵੋਕੇਟ ਨਿਹਾਲ ਸਿੰਘ ਨੇ ਕਿਹਾ ਕਿ ਅਸੀਂ ਸਭ ਕਈ ਮਾਮਲਿਆਂ ਵਿਚ ਅਦਾਲਤਾਂ ਨੂੰ ਦੇਖਦੇ ਹਾਂ, ਉਨ੍ਹਾਂ ਦੀ ਚਾਰਜਸ਼ੀਟ ਪੜ੍ਹਦੇ ਹਾਂ, ਜਿਸ ਵਿਚ ਅਜਿਹੇ ਪੱਤਰ ਵੀ ਪੁਲੀਸ ਪੇਸ਼ ਕਰਦੀ ਹੈ। ਉਨ੍ਹਾਂ ਦੇ ਆਧਾਰ 'ਤੇ ਮਾਓਵਾਦੀਆਂ ਦੇ ਕੰਮ ਦੇ ਤਰੀਕਿਆਂ ਨੂੰ ਸਮਝਦੇ ਹਾਂ। ਉੱਥੇ ਨਾਗਪੁਰ ਦੇ ਅੰਬੇਡਕਰਵਾਦੀਆਂ ਅਨੁਸਾਰ ਮੀਡੀਆ ਵਿਚ ਪ੍ਰਸਾਰਿਤ ਨਕਸਲਵਾਦੀ ਪੱਤਰਾਂ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਦਾ ਵੀ ਨਾਮ ਹੈ, ਜੋ ਪੱਤਰ ਦੀ ਵਿਸ਼ਵਾਸਯੋਗਤਾ 'ਤੇ ਸੁਆਲ ਖੜ੍ਹੇ ਕਰਦਾ ਹੈ। ਕਈ ਅੰਬੇਡਕਰੀਆਂ ਨੇ ਦੱਸਿਆ ਕਿ ਸਰਕਾਰ ਬਾਬਾ ਸਾਹਿਬ ਦੇ ਪਰਿਵਾਰ ਨੂੰ ਬਦਨਾਮ ਕਰ ਰਹੀ ਹੈ। ਇਹ ਸਭ ਜਾਣਦੇ ਹਨ ਕਿ ਬਾਬਾ ਸਾਹਿਬ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਰਿਪਬਲਿਕਨ ਪਾਰਟੀ ਦੇ ਨੇਤਾ ਹਨ, ਨਕਸਲਵਾਦੀ ਨਹੀਂ ਹਨ।

ਦੂਸਰੇ ਪਾਸੇ ਪ੍ਰਕਾਸ਼ ਅੰਬੇਡਕਰ ਨੇ ਕਿਹਾ ਕਿ ਇਸ ਤਰ੍ਹਾਂ ਮੀਡੀਆ ਨੂੰ ਉਸ ਦੀ ਕਰਤੂਤ ਦੇ ਲਈ ਉਸੇ ਦੀ ਭਾਸ਼ਾ ਵਿਚ ਜੁਆਬ ਦਿੱਤਾ ਜਾਵੇਗਾ। ਮੈਂ ਜਾਣਦਾ ਹਾਂ ਕਿ ਕਈ ਲੋਕਾਂ ਨੂੰ ਅਜਿਹੀ ਭਾਸ਼ਾ ਵਿਚ ਜੁਆਬ ਦੇਣਾ ਚੰਗਾ ਨਹੀਂ ਲੱਗੇਗਾ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਸਰਕਾਰੀ ਚੈਨਲਾਂ ਨਾਲ ਜੁੜੇ ਲੋਕ ਪ੍ਰਧਾਨ ਮੰਤਰੀ ਦਫ਼ਤਰ ਦੇ ਅਫਸਰਾਂ ਨਾਲ ਬੈਠ ਕੇ ਦੇਸ਼ ਦੀਆਂ ਸਾਰੀਆਂ ਪ੍ਰਮੁਖ ਏਜੰਸੀਆਂ ਦੇ ਰਾਹੀਂ ਆਪਣਾ ਟਾਰਗੇਟ ਚੁਣਦੇ ਹਨ ਤੇ ਖਬਰਾਂ ਬਣਾਉਂਦੇ ਹਨ।

ਦਲਿਤ ਆਦਿਵਾਸੀ ਨਕਸਲੀ ਐਂਗਲ : ਪੇਸ਼ਵਾ ਦੀ ਸੈਨਾ ਦੇ ਖਿਲਾਫ ਅੰਗਰੇਜ਼ਾ ਵਲੋਂ ਲੜੇ ਦਲਿਤਾਂ ਦੀ ਜਿੱਤ 'ਤੇ ਦੀ 200ਵੀਂ ਸਾਲਾਨਾ ਯਾਦ ਦਾ ਆਯੋਜਨ ਊਨੇ ਵਿਚ ਕੋਰੇਗਾਂਵ ਭੀਮਾ ਨੇ ਕੀਤਾ। ਇਸ ਸਮਾਗਮ ਵਿਚ ਦਲਿਤਾਂ ਤੇ ਸਾਵਰਨਾ ਦੇ ਵਿਚਾਲੇ ਟਕਰਾਅ ਹੋਇਆ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਕਈ ਲੋਕ ਘਾਇਲ ਹੋ ਗਏ। ਇਹ ਸਮਾਗਮ ਦਲਿਤਾਂ ਦੇ ਸੰਗਠਨ ਇਲਗਾਰ ਪ੍ਰੀਸ਼ਦ ਨੇ ਕਰਵਾਇਆ ਸੀ। ਹਿੰਸਾ ਦੇ ਬਾਅਦ ਦੋ ਐਫਆਈਐਰ ਦਰਜ ਕੀਤੀਆਂ ਗਈਆਂ। ਊਨੇ ਪੁਲੀਸ ਦੇ ਸੰਯੁਕਤ ਮੁਖੀ ਰਾਵਿੰਦਰ ਕਦਮ ਦੇ ਅਨੁਸਾਰ ਇਹ ਮਾਮਲੇ ਵਿਕਸ਼ਾਮਬਾ ਪੁਲੀਸ ਸਟੇਸ਼ਨ ਵਿਚ ਦਰਜ ਕੀਤੇ ਗਏ। ਇਕ ਐਫਆਈਆਰ ਕਬੀਰ ਕਲਾਂ ਮੰਚ ਦੇ ਨਾਮ 'ਤੇ ਸੱਭਿਆਚਾਰਕ ਮੰਚ ਨੂੰ ਦੋਸ਼ੀ ਠਹਿਰਾਇਆ ਗਿਆ। ਜਦ ਕਿ ਦੂਸਰੀ ਐਫਆਈਆਰ ਵਿਚ ਗੁਜਰਾਤ ਦੇ ਮੂਲ ਨਿਵਾਸੀ ਨੇਤਾ ਜਿਗਨੇਸ਼ ਮੇਵਾਨੀ ਤੇ ਜੇਐਨਯੂ ਦੇ ਵਿਦਿਆਰਥੀ ਰਹੇ ਉਮਰ ਖਾਲਿਦ ਨੂੰ ਦੋਸ਼ੀ ਠਹਿਰਾਇਆ ਗਿਆ। ਇਨ੍ਹਾਂ ਦੋਨਾਂ ਤੇ ਭਾਸ਼ਣਾਂ ਰਾਹੀਂ ਬਹੁਜਨ ਸਮਾਜ ਦੇ ਲੋਕਾਂ ਨੂੰ ਭੜਕਾਉਣ ਦਾ ਦੋਸ਼ ਹੈ। ਪੁਲੀਸ ਦਾ ਕਹਿਣਾ ਹੈ ਕਿ ਕਬੀਰ ਕਲਾ ਮੰਚ ਦਾ ਸੰਬੰਧ ਮਾਓਵਾਦੀਆਂ ਨਾਲ ਹੈ। ਪੂਨੇ ਦੀ ਪੁਲੀਸ ਇਸ ਮਾਮਲੇ ਵਿਚ ਜਾਂਚ ਕਰ ਰਹੀ ਹੈ। ਇਸ ਜਾਂਚ ਦੌਰਾਨ ਉਨ੍ਹਾਂ ਨੇ ਇਲਗਾਰ ਪ੍ਰੀਸ਼ਦ ਦੇ ਨੇਤਾਵਾਂ ਦੀ ਈਮੇਲ ਜਾਂਚ ਕੀਤੀ। ਇਸ ਦੌਰਾਨ ਉਹ ਈਮੇਲ ਸਾਹਮਣੇ ਆਇਆ ਜਿਸ ਵਿਚ ਕਿਸੇ ਕਾਮਰੇਡ ਪਰਕਾਸ਼ ਨੂੰ ਕਿਸੇ ਐਮ ਨੇ ਲਿਖਿਆ ਸੀ। ਪੁਲੀਸ ਦਾ ਦਾਅਵਾ ਹੈ ਕਿ ਇਸ ਮੇਲ ਵਿਚ ਰਾਜੀਵ ਗਾਂਧੀ ਹੱਤਿਆ ਕਾਂਡ ਦੀ ਤਰਜ 'ਤੇ ਪ੍ਰਧਾਨ ਮੰਤਰੀ ਮੋਦੀ 'ਤੇ ਹਮਲਾ ਕਰਨ ਦੀ ਗੱਲ ਕੀਤੀ ਗਈ ਹੈ। ਪੁਲੀਸ ਦੇ ਬਿਆਨ ਅਨੁਸਾਰ ਮਾਓਵਾਦੀਆਂ ਨੇ ਕੋਰੇਗਾਂਵ ਭੀਮਾ ਵਿਚ ਪੇਸ਼ਵਾ ਦੀ ਹਾਰ ਦੀ 200ਵੀਂ ਬਰਸੀ ਬਾਰੇ ਸਮਾਗਮ ਵਿਚ ਆਰਥਿਕ ਮਦਦ ਕੀਤੀ ਸੀ।

ਗ੍ਰਿਫ਼ਤਾਰੀਆਂ : ਇਸ ਪੂਰੇ ਕਾਂਡ ਵਿਚ ਪੰਜ ਲੋਕਾਂ ਦੇ ਵੱਖ ਵੱਖ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਦਿੱਲੀ, ਮੁੰਬਈ ਪੂਨੇ ਤੇ ਨਾਗਪੁਰ ਵਿਚ ਮਾਰੇ ਗਏ ਛਾਪਿਆਂ ਦੇ ਬਾਅਦ ਪੁਲੀਸ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ ਨੇ ਮਾਓਵਾਦੀਆਂ ਦੇ ਸ਼ਹਿਰੀ ਨੈਟਵਰਕ ਦਾ ਪਤਾ ਲਗਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਉਨ੍ਹਾਂ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹੁਣ ਉਨ੍ਹਾਂ ਵਿਚ ਚਾਰ ਪੁਲੀਸ ਰਿਮਾਂਡ 'ਤੇ ਹਨ।

ਸੁਧੀਰ ਢਵਲੇ : ਦਲਿਤ ਅਧਿਕਾਰਾਂ ਲਈ ਸੰਘਰਸ਼ ਕਰਨ ਵਾਲੇ ਜਾਣੇ ਪਛਾਣੇ ਕਾਰਜਕਰਤਾ ਸੁਧੀਰ ਢਵਲੇ ਕੋਰੇਗਾਂਵ ਭੀਮਾ ਦੇ ਪ੍ਰੋਗਰਾਮ ਦੇ ਪ੍ਰਬੰਧਕਾਂ ਵਿਚੋਂ ਸਨ। ਉਹ ਦਲਿਤਾਂ ਦੇ ਅਧਿਕਾਰਾਂ ਬਾਰੇ ਇਕ ਮਰਾਠੀ ਪੱਤ੍ਰਿਕਾ ਵਿਦਰੋਹੀ ਦਾ ਸੰਪਾਦਨ ਵੀ ਕਰਦੇ ਸਨ। ਪੁਲੀਸ ਦਾ ਦੋਸ਼ ਹੈ ਢਵਲੇ ਮਾਓਵਾਦੀਆਂ ਦੇ ਸ਼ਹਿਰੀ ਨੈਟਵਰਕ ਦਾ ਹਿੱਸਾ ਹਨ।

ਸ਼ੋਭਾ ਹੁਸੈਨ : ਪੇਸ਼ੇ ਵਿਚ ਅੰਗਰੇਜ਼ੀ ਦੀ ਪ੍ਰੋਫੈਸਰ ਹੈ। ਸ਼ੋਭਾ ਹੁਸੈਨ ਦੀ ਗ੍ਰਿਫ਼ਾਤਰੀ ਨਾਗਪੁਰ ਤੋਂ ਕੀਤੀ ਗਈ, ਉਸਦੇ ਪਤੀ ਤੁਸ਼ਾਰ ਭੱਟਾਚਾਰੀਆ ਨੂੰ ਪਿਛਲੇ ਸਾਲ ਵੀ ਗੁਜਰਾਤ ਪੁਲੀਸ ਨੇ ਮਾਓਵਾਦੀ ਸਮਰਥਕ ਹੋਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ।

ਸੁਰਿੰਦਰ ਗਡਲਿਨ : ਪੇਸ਼ੇ ਵਿਚ ਵਕੀਲ ਸੁਰਿੰਦਰ ਗਡਲਿਨ ਇੰਡੀਅਨ ਐਸੋਸੀਏਸਨ ਆਫ ਪੀਪਲਜ਼ ਲਾਇਰ ਦਾ ਜਨਰਲ ਸੈਕਟਰੀ ਹੈ। ਪੂਨੇ ਪੁਲੀਸ ਦਾ ਦੋਸ਼ਹੈ ਕਿ ਗਡਲਿਨ ਮਾਓਵਾਦੀਆਂ ਨੂੰ ਨਾ ਸਿਰਫ ਕਾਨੂੰਨੀ ਮਦਦ ਦਿੰਦੇ ਹਨ, ਬਲਕਿ ਮਾਓਵਾਦੀਆਂ ਦੇ ਸ਼ਹਿਰੀ ਨੈਟਵਰਕ ਦੀ ਇਕ ਮਹੱਤਵਪੂਰਨ ਕੜੀ ਦੇ ਰੂਪ ਵਿਚ ਕੰਮ ਕਰਦੇ ਹਨ। ਇਸ ਤੋਂ ਪਹਿਲਾਂ ਮਹੇਸ਼ ਰਾਹੁਣਤੇ ਮਾਓਵਾਦੀਆਂ ਨਾਲ ਸੰਬੰਧ ਰੱਖਣ ਦੇ ਦੋਸ਼ ਲੱਗੇ, ਜੋ ਛੱਤੀਸਗੜ੍ਹ ਵਿਚ ਖਦਾਨਾ ਦਾ ਵਿਰੋਧ ਕਰਨ ਦੇ ਲਈ ਲੋਕਾਂ ਦੀ ਅਗਵਾਈ ਕਰ ਰਹੇ ਸਨ। ਰਾਹੁਤ ਨੂੰ ਗੜ੍ਹਚਰੋਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਰੋਨਾ ਵਿਲਸਨ : ਪੁਲੀਸ ਦਾ ਦੋਸ਼ ਹੈ ਕਿ ਰੋਨਾ ਵਿਲਸਨ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀਐਨ ਸਾਂਈ ਬਾਬਾ ਦੇ ਨੇੜਲੇ ਸਾਥੀਆਂ ਵਿਚੋਂ ਇਕ ਹੈ। ਸਾਂਈ ਬਾਬਾ ਨੂੰ ਵੀ ਮਾਓਵਾਦੀਆਂ ਦੇ ਸ਼ਹਿਰੀ ਨੈਟਵਰਕ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

## ਟੈਕਸ ਪ੍ਰਣਾਲੀ ਬਾਰੇ ਸ਼੍ਰੋਮਣੀ ਕਮੇਟੀ ਦੀ ਅਣਜਾਣਤਾ ਬਨਾਮ ਜੀ.ਐਸ.ਟੀ.

ਸੰਗਤ ਦੇ ਨਾਮ ਹੇਠ ਪੇਸ਼ ਕਰਨਾ। ਸਪਸ਼ਟ ਹੈ ਸੇਵਾ ਭੋਜ ਸਕੀਮ ਤਹਿਤ ਕਿਸੇ ਵੀ ਪਹਿਲਾਂ ਅਦਾ ਕੀਤੇ ਟੈਕਸ ਦੀ ਵਾਪਸੀ ਨੂੰ ਅਕਾਉਂਟੈਂਸੀ ਦੇ ਕਿਸ ਸਬ ਹੈੱਡ ਵਿੱਚ ਜਮਾਂ ਕੀਤਾ ਜਾਵੇਗਾ। ਇਹ ਸ਼੍ਰੋਮਣੀ ਕਮੇਟੀ ਜਰੂਰ ਸਪਸ਼ਟ ਕਰੇ। ਇਹ ਸਵਾਲ ਇਸ ਕਰਕੇ ਹੈ ਕਿ ਸ਼੍ਰੋਮਣੀ ਕਿਮੇਟੀ ਕਿਸੇ ਸੰਵਿਧਾਨ ਹੇਠ ਹੈ ਤੇ ਲੇਖਾ ਕਾਰੀ ਲਈ ਲੈਜਰ ਤੇ ਸਬ ਲੈਜਰ ਰੱਖਕੇ ਹਰ ਆਈਟਮ ਲਈ ਹੈਡ ਵੀ ਬਣਾਉਂਦੀ ਹੈ।ਕੀ ਸ਼੍ਰੋਮਣੀ ਕਮੇਟੀ ਅਧਿਕਾਰੀ ਸਪਸ਼ਟ ਕਰਨਗੇ ਕਿ ਜੇਕਰ ਭਰੇ ਗਏ ਆਮਦਨ ਕਰ ਦੀ ਵਾਪਸੀ ਆਮਦਨ ਵਿਭਾਗ ਕਰਦਾ ਹੈ, ਕਿਸੇ ਵੀ ਟੈਕਸ ਦੀ ਕੀਤੀ ਅਦਾਇਗੀ ਲਈ ਰੀਫੰਡ ਵੀ ਸਬੰਧਤ ਵਿਭਾਗ ਹੀ ਦੇ ਸਕਦਾ ਹੈ ਤਾਂ ਗੁਡਜ ਐਂਡ ਸਰਵਿਸ ਟੈਕਸ ਤਹਿਤ ਅਦਾ ਕੀਤਾ ਟੈਕਸ ਕੇਂਦਰ ਸਰਕਾਰ ਦਾ ਸਭਿਆਚਾਰ ਮੰਤਰਾਲਾ ਕਿਉਂ ਦੇ ਰਿਹਾ ਹੈ ?

ਇਸ ਸਭ ਤੋਂ ਅਹਿਮ ਹੈ ਸ੍ਰੋਮਣੀ ਕਮੇਟੀ ਦੇ ਸਬੰਧਤ ਸਕੱਤਰ/ ਵਧੀਕ ਸਕੱਤਰ ਜਾਂ ਮੀਤ ਸਕੱਤਰ ਦਾ ਸੀਮਤ ਗਿਆਨ, ਜੋ ਇਹ ਇਸ਼ਤਿਹਾਰ ਮੁਖ ਸਕੱਤਰ ਦੀ ਮੋਹਰ ਹੇਠ ਜਾਰੀ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਹੀ ਤੈਅ ਨਿਯਮ ਹਨ ਕਿ ਜਦੋਂ ਅਦਾਰੇ ਦਾ ਮੁਖੀ (ਸਕੱਤਰ ਜਾਂ ਮੁੱਖ ਸਕੱਤਰ) ਵਿਦੇਸ਼ ਡਿਊਟੀ ਜਾਂ ਛੁੱਟੀ ਤੇ ਜਾਂਦਾ ਹੈ ਤਾਂ ਉਹ ਆਪਣੀ ਜਿੰਮੇਵਾਰੀ ਕਿਸੇ ਦੂਸਰੇ ਅਧਿਕਾਰੀ ਨੂੰ ਸੌਂਪ ਕੇ ਜਾਂਦਾ ਹੈ। ਅਜੇਹਾ ਆਰਡਰ ਪੈਣ ਨਾਲ ਹੇਠਲਾ ਅਧਿਕਾਰੀ ਉਸੇ ਅਹੁਦੇ ਤੇ ਹੀ ਰਹੇਗਾ ਜਿਸ ਉੱਤੇ ਉਹ ਸੀ। ਹੁਣ ਸਵਾਲ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ:ਰੂਪ ਸਿੰਘ 9 ਜੂਨ ਤੋਂ ਅਮਰੀਕਾ ਦੇ ਦੌਰੇ ਤੇ ਹਨ। ਭਾਵੇਂ ਉਹ ਦਫਤਰੀ ਡਿਊਟੀ ਤੇ ਹਨ ਪ੍ਰੰਤੂ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਕਮੇਟੀ ਦੇ ਦੋ ਸਕੱਤਰ ਮਨਜੀਤ ਸਿੰਘ ਬਾਠ ਅਤੇ ਅਵਤਾਰ ਸਿੰਘ ਸਾਂਪਲਾ ਦਫਤਰੀ ਕੰਮ ਵੇਖ ਰਹੇ ਹਨ। ਨਿਯਮਾਂ ਅਨੁਸਾਰ ਕਮੇਟੀ ਦੇ ਇਹ ਦੋ ਸਕੱਤਰ ਖੁਦ ਨੂੰ ਮੁਖ ਸਕੱਤਰ ਨਹੀ ਲਿਖ ਸਕਦੇ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


Frugal Logistics Inc.
FRUGAL
Dedicated To Quality Service
FL
LOGISTICS
ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ
ਡਰਾਈਵਰ : 45 ਸੈਂਟ ਤੋਂ 52 ਸੈਂਟ
ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ
ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫਤਾ ਮਿਡਵੈਸਟ/ਈਸਟ ਕੋਸਟ
ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ
ਦੇ ਹਿਸਾਬ ਨਾਲ ਲਵੋ
ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ
*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM